# ਡਿਸਟੈਂਸ ਐਜੂਕੇਸ਼ਨ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ.ਏ. ਭਾਗ ਦੂਜਾ

ਪੰਜਾਬੀ ਚੋਣਵਾਂ ਵਿਸ਼ਾ

ਸਮੈਸਟਰ ਚੌਥਾ

ਮੀਡੀਅਮ : ਪੰਜਾਬੀ

ਯੂਨਿਟ : 2

ਪਾਠ ਨੰ.

**ਪੁਸਤਕ – ਸਭਿਆਚਾਰ ਤੇ ਵਿਚਾਰ**

2.1 : ਸਭਿਆਚਾਰ : ਸੰਕਲਪ, ਲੱਛਣ ਤੇ ਪਰਿਭਾਸ਼ਾ, ਦੇਸ਼ ਤੇ ਲੋਕ ਅਤੇ ਪੰਜਾਬੀ ਸਭਿਆਚਾਰ ਦੀ ਕਦਰ-ਪ੍ਰਣਾਲੀ ਦਾ ਵਿਸ਼ਾ ਵਸਤੂ, ਸਾਰ ਅਤੇ ਸ਼ੈਲੀ

2.2 : ਪੰਜਾਬੀ ਸਭਿਆਚਾਰ ਦਾ ਮੌਲਿਕ ਮੁਹਾਂਦਰਾ, ਪੰਜਾਬੀ ਸਭਿਆਚਾਰ ਤੇ ਨਾਰੀ, ਪੰਜਾਬੀ ਕਿੱਸਾ ਦਾ ਵਿਸ਼ਾ-ਵਸਤੂ, ਸਾਰ ਅਤੇ ਸ਼ੈਲੀ

2.3 : ਤ੍ਰਿੰਝਣ, ਮਲਵਈ ਮਰਦਾਂ ਦਾ ਗਿੱਧਾ ਅਤੇ ਪੰਜਾਬੀਆਂ ਦਾ ਖੇਡ ਸਭਿਆਚਾਰ ਦਾ ਵਿਸ਼ਾ-ਵਸਤੂ, ਸਾਰ ਅਤੇ ਸ਼ੈਲੀ

2.4 : ਚਾਰ-ਚਿਰਾਗ, ਜੰਞ ਘਰ ਬਨਾਮ ਮੈਰਿਜ਼ ਪੈਲੇਸ ਅਤੇ ਸਭਿਆਚਾਰਕ ਅਧਿਐਨ ਤੇ ਵਿਸ਼ਲੇਸ਼ਣ ਦਾ ਵਿਸ਼ਾ-ਵਸਤੂ, ਸਾਰ ਅਤੇ ਸ਼ੈਲੀ

2.5 : ਪੁਸਤਕ ਸਭਿਆਚਾਰ ਤੇ ਵਿਚਾਰ ਉਤੇ ਆਧਾਰਿਤ ਸੰਖੇਪ ਪ੍ਰਸ਼ਨ-ਉਤਰ

2.6 : ਸਾਹਿਤ ਰੂਪ : ਜੰਗਨਾਮਾ, ਕਿੱਸਾ, ਕਾਫ਼ੀ, ਨਿਬੰਧ ਅਤੇ ਨਿੱਕੀ ਕਹਾਣੀ
– ਪਰਿਭਾਸ਼ਾ, ਤੱਤ, ਵਿਸ਼ੇਸ਼ਤਾਵਾਂ

**Department website : www.pbidde.org**

ਪਾਠ ਨੰ: 2.1 ਪ੍ਰੋ. ਬ੍ਰਹਮਜਗਦੀਸ਼ ਸਿੰਘ

## ਸਭਿਆਚਾਰ : ਸੰਕਲਪ, ਲੱਛਣ ਤੇ ਪਰਿਭਾਸ਼ਾ, ਦੇਸ਼ ਤੇ ਲੋਕ ਅਤੇ ਪੰਜਾਬੀ ਸਭਿਆਚਾਰ ਦੀ ਕਦਰ-ਪ੍ਰਣਾਲੀ ਦਾ ਵਿਸ਼ਾ-ਵਸਤੂ, ਸਾਰ ਅਤੇ ਸ਼ੈਲੀ

### 1. ਭੂਮਿਕਾ

ਇਸ ਕਲਾਸ ਦੇ ਸਿਲੇਬਸ ਅਨੁਸਾਰ ਤੁਸੀਂ ਜਿੰਨ੍ਹਾਂ ਤਿੰਨ ਪੁਸਤਕਾਂ ਨੂੰ ਪੜ੍ਹ ਕੇ ਇਮਤਿਹਾਨ ਦੀ ਤਿਆਰੀ ਕਰਨੀ ਹੈ ਉਨ੍ਹਾਂ ਵਿਚੋਂ ਇਕ ਲੇਖ-ਸੰਗ੍ਰਹਿ ਹੈ 'ਸਭਿਆਚਾਰ ਤੇ ਵਿਚਾਰ'। ਇਸ ਪੁਸਤਕ ਵਿਚ ਪੰਜਾਬੀ ਸਭਿਆਚਾਰ ਦੇ ਵਿਭਿੰਨ ਅੰਗਾਂ ਦੀ ਨਿਸ਼ਾਨਦੇਹੀ ਕਰਨ ਵਾਲੀਆਂ ਪ੍ਰਮੁੱਖ ਇਕਾਈਆਂ ਅਤੇ ਸੰਸਥਾਵਾਂ ਬਾਰੇ ਖੋਜ ਭਰਪੂਰ ਲੇਖ ਸ਼ਾਮਿਲ ਕੀਤੇ ਗਏ ਹਨ। ਇਸ ਪੁਸਤਕ ਦੀ ਸੰਪਾਦਨਾ ਪੰਜਾਬੀ ਸਭਿਆਚਾਰ ਦਾ ਵਿਸ਼ਲੇਸ਼ਣ ਕਰਨ ਵਾਲੇ ਪ੍ਰਮੁੱਖ ਸਭਿਆਚਾਰ ਸ਼ਾਸਤਰੀਆਂ - ਡਾ. ਨਾਹਰ ਸਿੰਘ ਅਤੇ ਡਾ. ਰਾਜਿੰਦਰ ਪਾਲ ਸਿੰਘ ਨੇ ਕੀਤੀ ਹੈ। ਇਨ੍ਹਾਂ ਵਿਦਵਾਨਾ ਨੇ ਸਪਸ਼ਟ ਕੀਤਾ ਹੈ ਕਿ 'ਸਭਿਆਚਾਰ ਮਨੁੱਖ ਦੀ ਸਮੁੱਚੀ ਜੀਵਨ-ਜਾਚ' ਦਾ ਨਾਮ ਹੈ। ਇਸ ਜੀਵਨ-ਜਾਚ ਨੂੰ ਸਮਝਾਉਣ ਵਾਸਤੇ ਸੰਪਾਦਕਾਂ ਨੇ ਪੰਜਾਬੀ ਸਭਿਆਚਾਰ ਬਾਰੇ ਆਮ ਜਾਣਕਾਰੀ ਦੇਣ ਵਾਲੇ ਲੇਖਾਂ ਦੇ ਨਾਲ-ਨਾਲ ਸਿਧਾਂਤਕ ਜਾਣਕਾਰੀ ਦੇਣ ਵਾਲੇ ਕੁਝ ਲੇਖ ਵੀ ਸ਼ਾਮਲ ਕੀਤੇ ਹਨ। ਦੋਵੇਂ ਪ੍ਰਕਾਰ ਦੇ ਲੇਖਾਂ ਦਰਮਿਆਨ ਇਕ ਸੁਮੇਲ ਸਿਰਜਣ ਦੀ ਕੋਸ਼ਿਸ਼ ਵੀ ਕੀਤੀ ਗਈ ਹੈ ਤਾਂ ਜੋ ਵਿਦਿਆਰਥੀਆਂ ਨੂੰ ਸਭਿਆਚਾਰ ਦੇ ਬਾਰੇ ਵਿਚ ਪੂਰੀ-ਪੂਰੀ ਜਾਣਕਾਰੀ ਹਾਸਲ ਹੋ ਸਕੇ।

### 2. ਪਾਠ ਦਾ ਮੰਤਵ

ਇਸ ਪੁਸਤਕ ਦੇ ਮਾਧਿਅਮ ਦੁਆਰਾ ਵਿਦਿਆਰਥੀਆਂ ਨੂੰ ਪੰਜਾਬੀ ਸਭਿਆਚਾਰ ਦੇ ਹਰ ਅੰਗ-ਉਪਅੰਗ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ। ਕਿਉਂਕਿ ਹਰ ਮਨੁੱਖ ਆਪਣੇ-ਆਪਣੇ ਸਭਿਆਚਾਰ ਵਿਚ ਜਿਉਂਦਾ ਹੈ, ਇਸ ਲਈ ਉਹ ਸੋਚਦਾ ਹੈ ਕਿ ਉਸ ਨੂੰ ਆਪਣੇ ਸਭਿਆਚਾਰ ਦੇ ਚਰਿਤਰ ਅਤੇ ਪ੍ਰਕ੍ਰਿਤੀ ਬਾਰੇ ਭਰਪੂਰ ਵਾਕਫ਼ੀ ਹੈ ਪਰੰਤੂ ਸਭਿਆਚਾਰ ਅੰਦਰ ਜਿਉਣਾ ਹੋਰ ਗੱਲ ਹੈ ਅਤੇ ਸਭਿਆਚਾਰ ਨੂੰ ਇਕ ਸਮਾਜ ਵਿਗਿਆਨ ਵਾਂਗ ਪੜ੍ਹਨਾ-ਜਾਣਨਾ ਹੋਰ ਗੱਲ ਹੈ। ਇਹ ਗੱਲ ਬਿਲਕੁਲ ਉਸੇ ਤਰ੍ਹਾਂ ਹੈ ਜਿਵੇਂ ਹਰ ਬੰਦੇ ਅੰਦਰ ਦਿਲ ਤਾਂ ਧੜਕਦਾ ਹੈ, ਉਹ ਇਸ ਧੜਕਣ ਨੂੰ ਮਹਿਸੂਸ ਵੀ ਕਰਦਾ ਹੈ ਪਰੰਤੂ ਉਹ ਦਿਲ ਦੀ ਬਣਤਰ ਦਾ ਮਾਹਰ ਨਹੀਂ ਹੁੰਦਾ। ਇਸ ਲਈ ਇਹ ਜ਼ਰੂਰੀ ਬਣ ਜਾਂਦਾ ਹੈ ਕਿ ਵਿਦਿਆਰਥੀਆਂ ਨੂੰ ਸਭਿਆਚਾਰ ਬਾਰੇ ਸਹੀ ਜਾਣਕਾਰੀ ਦਿੱਤੀ ਜਾਵੇ ਕਿਉਂਕਿ ਕਿਸੇ ਕੌਮ ਦੇ ਵਿਕਾਸ ਵਿਚ ਕੇਵਲ ਪਦਾਰਥਕ ਆਧਾਰ-ਢਾਂਚੇ ਨਾਲੋਂ ਬੌਧਿਕ ਢਾਂਚੇ ਦੀ ਵੀ ਬਹੁਤ ਅਹਿਮੀਅਤ ਹੁੰਦੀ ਹੈ। ਇਸ ਪੁਸਤਕ ਵਿਚ ਸ਼ਾਮਲ ਕੀਤੇ ਗਏ ਲੇਖਾਂ ਦੇ ਵਿਸ਼ੇ-ਵਸਤੂ, ਸਾਰ-ਤੱਤ ਅਤੇ ਸ਼ੈਲੀਗਤ ਗੁਣ-ਲੱਛਣਾਂ ਬਾਰੇ ਜਾਣਕਾਰੀ ਹਾਸਲ ਕਰਨਾ ਇਸ ਪਾਠ ਦਾ ਮੰਤਵ ਹੈ।

### 3. ਪਾਠ ਦੀ ਰੂਪ-ਰੇਖਾ

3.1 ਮੂਲ ਪਾਠ

3.1.1ਲੇਖ, ਸਭਿਆਚਾਰ : ਸੰਕਲਪ, ਲੱਛਣ ਅਤੇ ਪਰਿਭਾਸ਼ਾ

3.1.2ਲੇਖ ਦਾ ਵਿਸ਼ਾ-ਵਸਤੂ

3.1.3ਲੇਖ ਦਾ ਸਾਰ

3.1.4ਲੇਖ ਦੀ ਸ਼ੈਲੀ

### 4. ਲੇਖ, ਦੇਸ਼ ਤੇ ਲੋਕ ਬਾਰੇ ਜਾਣਕਾਰੀ

4.1 ਲੇਖ ਦਾ ਵਿਸ਼ਾ-ਵਸਤੂ

4.2 ਲੇਖ ਦਾ ਸਾਰ

4.3 ਲੇਖ ਦੀ ਸ਼ੈਲੀ

5. **ਲੇਖ ਪੰਜਾਬੀ ਸਭਿਆਚਾਰ ਦੀ ਕਦਰ-ਪ੍ਰਣਾਲੀ ਬਾਰੇ ਜਾਣਕਾਰੀ**

5.1 ਲੇਖ ਦਾ ਵਿਸ਼ਾ-ਵਸਤੂ

5.2 ਲੇਖ ਦਾ ਸਾਰ

5.3 ਲੇਖ ਦੀ ਸ਼ੈਲੀ

6. **ਸਾਰ**

7. **ਔਖੇ ਸ਼ਬਦਾਂ ਦੇ ਅਰਥ**

8. **ਮਹੱਤਵਪੂਰਨ ਪ੍ਰਸ਼ਨ**

3.1 **ਮੂਲ ਪਾਠ** : ਉਪਰ ਦੱਸੇ ਗਏ ਅਨੁਸਾਰ ਹੁਣ ਅਸੀਂ ਤਿੰਨ ਲੇਖਾਂ ਬਾਰੇ ਵਿਸਥਾਰ ਵਿਚ ਜਾਣਕਾਰੀ ਦੇਵਾਂਗੇ।

**3.1.1 ਲੇਖ ਸਭਿਆਚਾਰ : ਸੰਕਲਪ, ਲੱਛਣ ਅਤੇ ਪਰਿਭਾਸ਼ਾ**

ਡਾ. ਭੁਪਿੰਦਰ ਸਿੰਘ ਖਹਿਰਾ ਦੁਆਰਾ ਲਿਖੇ ਗਏ ਇਸ ਲੇਖ ਬਾਰੇ ਚਰਚਾ ਕਰਦਿਆਂ ਅਸੀਂ ਉਸਦੇ ਵਿਸ਼ਾ-ਵਸਤੂ, ਸਾਰ ਅਤੇ ਸ਼ੈਲੀ ਵਾਲੇ ਪੱਖਾਂ ਬਾਰੇ ਚਰਚਾ ਕਰਾਂਗੇ।

**1. ਸਭਿਆਚਾਰ : ਸੰਕਲਪ, ਲੱਛਣ ਅਤੇ ਪਰਿਭਾਸ਼ਾ**

**3.1.2 ਵਿਸ਼ਾ-ਵਸਤੂ**

ਇਸ ਪਾਠ ਵਿਚ ਡਾ. ਭੁਪਿੰਦਰ ਸਿੰਘ ਖਹਿਰਾ ਨੇ ਸਭਿਆਚਾਰ ਦੀ ਪਰਿਭਾਸ਼ਾ ਅਤੇ ਪ੍ਰਮੁੱਖ ਲੱਛਣ ਬਿਆਨ ਕੀਤੇ ਹਨ। ਲੇਖਕ ਅਨੁਸਾਰ ''ਸਭਿਆਚਾਰ ਇਕ ਅਜਿਹਾ ਸਮੂਹਕ ਸੰਗਠਨ ਹੈ, ਜਿਸ ਵਿਚ ਗਿਆਨ, ਵਿਸ਼ਵਾਸ, ਕਲਾ, ਕੀਮਤ, ਨਿਯਮ, ਰਸਮ-ਰਿਵਾਜ ਅਤੇ ਮਨੁੱਖ ਦੀਆਂ ਉਹ ਸਾਰੀਆਂ ਯੋਗਤਾਵਾਂ ਸੰਮਿਲਤ ਹਨ ਜਿਹੜੀਆਂ ਉਸਨੇ ਸਮਾਜ ਦੇ ਮੈਂਬਰ ਹੋਣ ਦੇ ਨਾਤੇ ਧਾਰਨ ਕੀਤੀਆਂ ਹਨ।'' ਹਰ *ਸਭਿਆਚਾਰ-ਸ਼ਾਸਤਰੀ* ਨੇ ਆਪਣੇ ਆਪਣੇ ਦ੍ਰਿਸ਼ਟੀਕੋਣ ਅਨੁਸਾਰ ਸਭਿਆਚਾਰ ਦੀ ਪਰਿਭਾਸ਼ਾ ਨਿਸ਼ਚਿਤ ਕਰਨ ਦੀ ਕੋਸ਼ਿਸ਼ ਕੀਤੀ ਅਤੇ ਇਉਂ ਇਸ ਅਨੁਸ਼ਾਸਨ ਦੀਆਂ ਲਗਪਗ ਬਹੁਤ ਸਾਰੀਆਂ ਪਰਿਭਾਸ਼ਾਵਾਂ ਮਿਲਦੀਆਂ ਹਨ। ਸਭਿਆਚਾਰ ਉੱਪਰ ਭਾਸ਼ਾ ਦੀ ਪਕੜ ਬਹੁਤ ਪੀਡੀ ਹੈ। ਕਿਉਂਕਿ ਸਭਿਆਚਾਰ ਬਾਰੇ ਜਾਣਕਾਰੀ ਅਤੇ ਇਸਦੀ ਪ੍ਰਾਪਤੀ ਅਸੀਂ ਭਾਸ਼ਾ ਦੁਆਰਾ ਹੀ ਕਰਦੇ ਹਾਂ। ਸਭਿਆਚਾਰ ਇਕ ਵਰਤਾਰਾ ਹੈ ਅਤੇ ਇਸਦੇ ਅਨੇਕ ਲੱਛਣ ਹਨ। ਹਰ ਸਭਿਆਚਾਰ ਵਿਗਿਆਨੀ ਆਪਣੀ ਪਹੁੰਚ ਵਿਧੀ ਨੂੰ ਮੁਖ ਰੱਖਕੇ ਇਸਦੇ ਲੱਛਣਾਂ ਨੂੰ ਨਿਸ਼ਚਿਤ ਕਰਦਾ ਹੈ। ਡਾ. ਖਹਿਰਾ ਅਨੁਸਾਰ ਸਭਿਆਚਾਰ ਨੂੰ ਸਮਾਜ ਦੇ *ਚਿੰਨ੍ਹਾਤਮਕ* ਵਤੀਰੇ ਵਜੋਂ ਗ੍ਰਹਿਣ ਕਰਨਾ ਵਧੇਰੇ ਉਚਿਤ ਹੋਵੇਗਾ।

**3.1.3 ਲੇਖ ਦਾ ਸਾਰ**

ਡਾ: ਭੁਪਿੰਦਰ ਸਿੰਘ ਖਹਿਰਾ ਨੇ ਆਪਣੇ ਇਸ ਲੇਖ ਵਿਚ ਸਭਿਆਚਾਰ ਦੀ ਪਰਿਭਾਸ਼ਾ ਅਤੇ ਲੱਛਣ *ਨਿਰਧਾਰਿਤ* ਕੀਤੇ ਹਨ। ਉਸ ਅਨੁਸਾਰ ਸਭਿਆਚਾਰ ਅੰਗਰੇਜ਼ੀ ਸ਼ਬਦ 'ਕਲਚਰ' (Culture) ਦੇ ਅਰਥਾਂ ਵਿਚ ਵਰਤਿਆ ਜਾਣ ਵਾਲਾ ਸੰਕਲਪ ਹੈ। ਕੋਈ ਵੀ ਸਭਿਆਚਾਰ ਮਨੁੱਖ ਦੀ ਆਪਣੀ ਕਿਰਤ ਦੁਆਰਾ ਸਿਰਜਿਆ ਹੋਇਆ ਚੌਗਿਰਦਾ ਹੁੰਦਾ ਹੈ। ਮਨੁੱਖ ਆਪਣੀ ਕਿਰਤ ਅਤੇ ਬੁੱਧੀ ਦੁਆਰਾ ਕੁਦਰਤੀ ਚੌਗਿਰਦੇ ਨੂੰ ਸਭਿਆਚਾਰਕ ਚੌਗਿਰਦੇ ਵਿਚ ਬਦਲ ਲੈਂਦਾ ਹੈ। ਕੋਈ ਵੀ ਮਨੁੱਖ ਚੌਗਿਰਦੇ ਦੇ ਦਬਾਵਾਂ ਕਾਰਨ ਕੇਵਲ ਆਪਣੇ ਆਪ ਨੂੰ ਹੀ ਨਹੀਂ ਢਾਲਦਾ ਬਲਕਿ ਚੌਗਿਰਦੇ ਨੂੰ ਵੀ ਆਪਣੀਆਂ ਲੋੜਾਂ ਅਤੇ ਇੱਛਾਵਾਂ ਦੇ ਅਨੁਸਾਰ ਢਾਲਦਾ ਰਹਿੰਦਾ ਹੈ। ਇਸ ਨੂੰ *'ਅਨੁਕੂਲਣ ਦੀ ਪ੍ਰਕਿਰਿਆ'* ਆਖਦੇ ਹਨ।

ਸਭਿਆਚਾਰ ਅਤੇ ਸਭਿਅਤਾ ਦੋ ਵੱਖ-ਵੱਖ ਸੰਕਲਪ ਹਨ। ਸਭਿਅਤਾ ਦਾ ਸੰਕਲਪ ਸਮਾਜਿਕ ਅਵਸਥਾ ਨਾਲ

ਸੰਬੰਧਿਤ ਹੈ। ਕਈ ਵਤੀਰੇ ਮਨੁੱਖ ਲਈ ਜ਼ਰੂਰੀ ਹੋ ਸਕਦੇ ਹਨ, ਸਭਿਆਚਾਰ ਦਾ ਅੰਗ ਬਣ ਸਕਦੇ ਹਨ ਪਰ ਇਹ ਜ਼ਰੂਰੀ ਨਹੀਂ ਕਿ ਉਹ ਸਭਿਅਤਾ ਦਾ ਅੰਗ ਵੀ ਹੋਣ। ਦੋਸ਼ੀ ਨੂੰ ਫਾਂਸੀ ਦੇਣਾ ਭਾਰਤ ਦੀ ਕਾਨੂੰਨੀ ਵਿਵਸਥਾ ਦਾ ਇਕ ਅੰਗ ਹੈ ਪਰ ਕਈ ਪੱਛਮੀ ਦੇਸ਼ਾਂ ਵਿਚ ਇਸ ਅਮਲ ਨੂੰ ਅਸਭਯ ਮੰਨਿਆ ਜਾਂਦਾ ਹੈ। ਲੇਖਕ ਅਨੁਸਾਰ ਸਭਿਆਚਾਰ ਇਕ ਨਿਰੰਤਰ ਵਰਤਾਰਾ ਹੈ ਜਦੋਂ ਕਿ ਸਭਿਅਤਾ ਇਕ ਪੜਾਅ ਹੈ। ਸਭਿਆਚਾਰ ਦੇ ਸੰਕਲਪ ਦੀ ਵਿਆਖਿਆ ਲਈ ਵਿਦਵਾਨਾਂ ਵਿਚ ਕਾਫ਼ੀ ਮਤਭੇਦ ਹਨ। ਕੁਝ ਵਿਦਵਾਨ ਸਭਿਆਚਾਰ ਨੂੰ ਸੰਗਠਿਤ ਵਤੀਰੇ ਦਾ ਨਾਮ ਦਿੰਦੇ ਹਨ ਅਤੇ ਕੁਝ ਇਸ ਨੂੰ ਸਮਾਜਿਕ-ਪ੍ਰਬੰਧ ਦਾ ਹੀ ਇਕ ਅੰਗ ਮੰਨਦੇ ਹਨ। ਅਸਲ ਵਿਚ ਸੰਗਠਿਤ ਵਤੀਰਾ ਅਤੇ ਸਮਾਜ ਦੋਵੇਂ ਹੀ ਕਿਸੇ ਸਭਿਆਚਾਰ ਦੇ ਬੁਨਿਆਦੀ ਤੱਤ ਹੁੰਦੇ ਹਨ।

3.1.3.1 **ਸਭਿਆਚਾਰ ਦੇ ਪ੍ਰਮੁੱਖ ਲੱਛਣ** : ਡਾ. ਭੁਪਿੰਦਰ ਸਿੰਘ ਖਹਿਰਾ ਅਨੁਸਾਰ ਸਭਿਆਚਾਰ ਇਕ ਵਰਤਾਰਾ ਹੈ। ਇਸ ਲਈ ਇਸ ਦੀ ਪਰਿਭਾਸ਼ਾ ਕਰਨ ਦੀ ਬਜਾਇ ਇਸਦੀ ਵਿਆਖਿਆ ਵਧੇਰੇ ਅਰਥਪੂਰਨ ਸਿੱਧ ਹੋਵੇਗੀ। ਭਾਵੇਂ ਸਭਿਆਚਾਰ ਦੇ ਅਨੇਕ ਲੱਛਣ ਗਿਣਵਾਏ ਜਾ ਸਕਦੇ ਹਨ ਪਰੰਤੂ ਇਸਦੇ ਸਰਬ-ਪ੍ਰਵਾਨਿਤ ਲੱਛਣਾਂ ਦੀ ਸੂਚੀ ਅਤੇ ਤਰਤੀਬ ਇਸ ਪ੍ਰਕਾਰ ਹੈ :-

**3.1.3.2 ਸਭਿਆਚਾਰ ਪ੍ਰਬੰਧਾਂ ਦਾ ਸੰਗਠਨ ਹੈ** : ਇਸ ਵਿਚ ਕੋਈ ਵਿਸ਼ੇਸ਼ ਪ੍ਰਬੰਧ ਕ੍ਰਿਆਸ਼ੀਲ ਨਹੀਂ ਹੁੰਦਾ ਬਲਕਿ ਬਹੁਤ ਸਾਰੇ ਪ੍ਰਬੰਧ ਇਕ-ਦੂਜੇ ਦੇ ਸਮਾਨਾਂਤਰ *ਕ੍ਰਿਆਸ਼ੀਲ* ਰਹਿੰਦੇ ਹਨ। ਉਦਾਹਰਨ ਲਈ ਲੋਕਧਾਰਾ, ਸਮਾਜਿਕ ਵਿਵਸਥਾ, ਪਿਆਰ, ਪਰਿਵਾਰ, ਨਿਆਇ, ਦਰਸ਼ਨ, ਧਰਮ ਆਦਿਕ ਬਹੁਤ ਸਾਰੇ ਪ੍ਰਬੰਧ ਮਿਲ ਕੇ ਕਿਸੇ ਇਕ ਸਭਿਆਚਾਰ ਦਾ ਨਿਰਮਾਣ ਕਰਦੇ ਹਨ।

**3.1.3.3 ਸਭਿਆਚਾਰ ਵਿਆਪਕ ਵੀ ਹੈ ਅਤੇ ਵਿਸ਼ੇਸ਼ ਵੀ ਹੈ** : ਵਿਆਪਕ ਇਸ ਤਰ੍ਹਾਂ ਕਿ ਜਿੱਥੇ ਵੀ ਮਨੁੱਖ ਦੀ ਹੋਂਦ ਹੈ, ਉਥੇ ਕੋਈ-ਨਾ-ਕੋਈ ਸਭਿਆਚਾਰ ਵੀ ਜ਼ਰੂਰ ਮੌਜੂਦ ਰਹਿੰਦਾ ਹੈ। ਪਰ ਸਭਿਆਚਾਰ ਦੀ ਅਜਿਹੀ ਵਿਆਪਕਤਾ ਵਸਤੂਮੁਖ ਨਹੀਂ ਹੁੰਦੀ। ਅਰਥਾਤ ਹਰ ਸਭਿਆਚਾਰ ਦੇ ਕੁਝ ਵਿਸ਼ੇਸ਼ ਲੱਛਣ, ਤੱਤ ਅਤੇ ਅੰਗ ਹੁੰਦੇ ਹਨ। ਜਿਵੇਂ ਪੰਜਾਬੀ ਸਭਿਆਚਾਰ, ਬਿਹਾਰੀ, ਬੰਗਾਲੀ, ਗੁਜਰਾਤੀ ਅਤੇ ਮਰਾਠੀ ਆਦਿਕ ਸਭਿਆਚਾਰਾਂ ਤੋਂ ਆਪਣੇ ਕੁਝ ਵਿਸ਼ੇਸ਼ ਲੱਛਣਾਂ ਦੇ ਕਾਰਨ ਨਿਆਰਾ ਹੈ। ਇਸੇ ਤਰ੍ਹਾਂ ਹਰ ਸਭਿਆਚਾਰ, ਦੂਜੇ ਸਭਿਆਚਾਰਾਂ ਨਾਲ ਕੁਝ ਸਾਂਝਾਂ ਰੱਖਣ ਦੇ ਬਾਵਜੂਦ ਉਨ੍ਹਾਂ ਤੋਂ ਵਿਲੱਖਣ ਅਥਵਾ ਵਿਸ਼ੇਸ਼ ਹੁੰਦਾ ਹੈ।

**3.1.3.4 ਸਭਿਆਚਾਰ ਪਰਿਵਰਤਨਸ਼ੀਲ ਹੈ** : ਹਰ ਸਭਿਆਚਾਰ ਆਪਣੇ *ਆਧਾਰ-ਪ੍ਰਬੰਧ* ਦੀਆਂ ਲੋੜਾਂ ਦੇ ਅਨੁਸਾਰ ਬਦਲਦਾ ਰਹਿੰਦਾ ਹੈ। ਪਰ ਸਭਿਆਚਾਰਕ ਪਰਿਵਰਤਨਾਂ ਦੀ ਗਤੀ ਬੜੀ ਧੀਮੀ ਹੁੰਦੀ ਹੈ ਅਤੇ ਕਈ ਵਾਰ ਤਾਂ ਕਿਸੇ ਸਭਿਆਚਾਰ ਵਿਚ ਆ ਰਹੀਆਂ ਤਬਦੀਲੀਆਂ ਬਾਰੇ ਪਤਾ ਹੀ ਨਹੀਂ ਚੱਲਦਾ। ਪਰੰਤੂ ਪਿਛਲੇ ਦੋ-ਢਾਈ ਦਹਾਕਿਆਂ ਤੋਂ ਸਭਿਆਚਾਰਕ ਪਰਿਵਰਤਨਾਂ ਦੀ ਗਤੀ ਬਹੁਤ ਤਿੱਖੀ ਹੋ ਗਈ ਹੈ। ਪੰਜਾਬੀ ਸਭਿਆਚਾਰ ਵਿਚ ਰਹਿਣ-ਸਹਿਣ, ਖਾਣ-ਪੀਣ, ਵਿਆਹ-ਸ਼ਾਦੀਆਂ ਅਤੇ ਵੇਸ਼-ਭੂਸ਼ਾ ਵਿਚ ਏਨੀ ਤਬਦੀਲੀ ਆ ਗਈ ਹੈ ਕਿ ਹਰ ਪੰਜਾਬੀ ਨੂੰ ਇਨ੍ਹਾਂ ਤਬਦੀਲੀਆਂ ਬਾਰੇ ਪਤਾ ਚੱਲ ਗਿਆ ਹੈ। ਕੋਠੀਨੁਮਾ ਘਰਾਂ ਨੇ ਪਰਿਵਾਰਿਕ ਰਿਸ਼ਤਿਆਂ ਨੂੰ ਪੂਰੀ ਤਰ੍ਹਾਂ ਨਾਲ ਬਦਲ ਕੇ ਰੱਖ ਦਿੱਤਾ ਹੈ। ਸ਼ਾਦੀ-ਭਵਨਾਂ (marriage-palaces) ਵਿਚ ਹੋਣ ਵਾਲੀਆਂ ਸ਼ਾਦੀਆਂ ਨੇ ਸ਼ਾਦੀ ਦੀਆਂ ਰਵਾਇਤੀ ਰਸਮਾਂ ਨੂੰ ਖੋਰਾ ਲਗਾ ਦਿੱਤਾ ਹੈ। ਵਿਸ਼ਵੀਕਰਨ ਦੇ ਕਾਰਨ ਪੂਰਾ ਸਭਿਆਚਾਰ ਇਕ *ਖਪਤਕਾਰੀ ਵਸਤੂ* ਦੇ ਰੂਪ ਵਿਚ ਤਬਦੀਲ ਹੋ ਗਿਆ ਹੈ। ਵੱਖ-ਵੱਖ ਚੈਨਲਾਂ ਉਪਰ ਚੱਲ ਰਹੇ ਧਾਰਮਿਕ *ਪ੍ਰਵਚਨ* ਵੀ ਕਿਸੇ ਤਬਦੀਲੀ ਦੀ ਸੂਚਨਾ ਦਿੰਦੇ ਹਨ। ਡਾ. ਖਹਿਰਾ ਦਾ ਵਿਚਾਰ ਹੈ ਕਿ ਸਭਿਆਚਾਰ ਦੇ ਪਰਿਵਰਤਨ ਅਣਮਨੁੱਖੀ *ਵਰਤਾਰਿਆਂ* ਨੂੰ ਤਿਆਗ ਕੇ ਮਨੁੱਖੀ ਵਰਤਾਰਿਆਂ ਦੀ ਸਿਰਜਣਾ ਵੱਲ, ਅਸਭਿਅਤਾ ਦਾ ਤਿਆਗ ਕਰਕੇ ਸਭਿਅਤਾ ਵੱਲ ਰੁਚਿਤ ਹਨ। ਹਰ ਸਭਿਆਚਾਰ ਦਾ ਸਾਰ ਦਿਨੋ-ਦਿਨ ਸਭਿਅਤ ਹੁੰਦਾ ਜਾ ਰਿਹਾ ਹੈ। ਜਿਹੜੇ ਪਹਿਲੋਂ ਸਭਿਅਤ ਹੋ ਚੁੱਕੇ ਸਨ, ਉਹ ਹੋਰ ਸ਼ੁੱਧਤਾ ਵੱਲ ਵਧ ਰਹੇ ਹਨ। ਪਰ ਅਸੀਂ ਉਸ ਦੇ ਇਸ ਕਥਨ ਨਾਲ ਸਹਿਮਤ ਨਹੀਂ ਹਾਂ। ਬਾਹਰੀ ਦਬਾਵਾਂ ਨੂੰ ਨਾ ਸਹਾਰਦਾ ਹੋਇਆ ਵਿਸ਼ਵ ਦਾ ਹਰ ਸਭਿਆਚਾਰ *ਵਿਕ੍ਰਿਤ* ਅਤੇ ਪ੍ਰਦੂਸ਼ਿਤ ਹੁੰਦਾ ਜਾ ਰਿਹਾ ਹੈ ਪਰੰਤੂ ਵਿਸ਼ਵ-ਸਭਿਆਚਾਰ

ਦੇ ਇਕ ਮੰਡੀ ਵਿਚ ਤਬਦੀਲ ਹੋਣ ਕਾਰਨ ਹਰ ਸੰਸਥਾ ਅਤੇ ਜ਼ਿੰਮੇਵਾਰ ਧਿਰ, ਸਭਿਆਚਾਰ ਨੂੰ ਇਕ ਜਿਨਸ ਮੰਨ ਕੇ ਖ਼ਰੀਦੋ-ਫਰੋਖਤ ਵਿਚ ਰੁੱਝੀ ਹੋਈ ਹੈ। ਅਜੇ ਕੁਝ ਸਮਾਂ ਲਗੇਗਾ ਜਦੋਂ ਇਹ ਆਪਹੁਦਰਾ ਅਤੇ ਸਵਾਰਥੀ ਰੁਝਾਨ ਕਿਸੇ ਹਾਂ-ਪੱਖੀ ਦਿਸ਼ਾ ਵੱਲ ਚੱਲਣ ਦੀ ਕੋਸ਼ਿਸ਼ ਕਰੇਗਾ।

**3.1.3.5 ਜਮਾਤੀ ਸਮਾਜ-ਪ੍ਰਬੰਧ ਵਿਚ ਭਾਰੂ (ਸੱਤਾਧਾਰੀ) ਜਮਾਤ ਦਾ ਸਭਿਆਚਾਰ ਪ੍ਰਚਲਿਤ ਹੁੰਦਾ ਹੈ** : ਜਦੋਂ ਪੈਦਾਵਾਰੀ ਰਿਸ਼ਤਿਆਂ ਵਿਚ ਦਰਾੜ ਪੈ ਜਾਂਦੀ ਹੈ ਤਾਂ ਸਮਾਜ ਜਮਾਤਾਂ ਵਿਚ ਵੰਡਿਆ ਜਾਂਦਾ ਹੈ। ਜਿਸ ਸਦਕਾ ਜਮਾਤੀ-ਸਭਿਆਚਾਰ ਦੀ ਸਿਰਜਣਾ ਹੁੰਦੀ ਹੈ। ਇਸ ਸੂਰਤ ਵਿਚ ਸਭਿਆਚਾਰਕ-ਪ੍ਰਬੰਧ ਦੇ ਕਈ (ਵਿਭਿੰਨ) ਪੱਧਰ ਪੈਦਾ ਹੋ ਜਾਂਦੇ ਹਨ। ਜਿਹੜੇ ਦੇਸ਼ਾਂ ਵਿਚ ਸਮਾਜਿਕ-ਰਾਜਨੀਤਿਕ ਇਨਕਲਾਬ ਆ ਜਾਂਦੇ ਹਨ, ਉਥੇ *ਸਭਿਆਚਾਰਕ ਇਨਕਲਾਬ* ਦੀ ਲੋੜ ਮਹਿਸੂਸ ਹੁੰਦੀ ਹੈ। ਇਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਕਿਸੇ ਸਭਿਆਚਾਰ ਦਾ ਪੈਦਾਵਾਰੀ ਸ਼ਕਤੀਆਂ ਅਤੇ ਪੈਦਾਵਾਰੀ ਰਿਸ਼ਤਿਆਂ ਨਾਲ ਸਿੱਧ-ਪੱਧਰਾ ਸੰਬੰਧ ਨਹੀਂ ਹੁੰਦਾ। ਸਭਿਆਚਾਰ ਕਿਸੇ ਹੱਦ ਤਕ ਖ਼ੁਦਮੁਖ਼ਤਿਆਰ ਹੁੰਦਾ ਹੈ।

**3.1.3.6 ਸਭਿਆਚਾਰ, ਭਾਸ਼ਾ ਵਾਂਗ ਚਿੰਨ੍ਹਾਤਮਕ ਪ੍ਰਬੰਧ ਦਾ ਨਾਮ ਹੈ** : ਜਿਸ ਤਰ੍ਹਾਂ ਕਿਸੇ ਭਾਸ਼ਾ ਦੇ ਸ਼ਬਦ ਉਨ੍ਹਾਂ ਲੋਕਾਂ ਲਈ ਹੀ ਅਰਥਪੂਰਨ ਹੁੰਦੇ ਹਨ, ਜਿਹੜੇ ਉਸ ਭਾਸ਼ਾ ਨਾਲ ਜੁੜੇ ਖਿੱਤੇ ਵਿਚ ਰਹਿਣ ਕਰਕੇ ਇਸਦੇ ਵਿਆਕਰਣ ਨੂੰ ਸਮਝਦੇ ਹੁੰਦੇ ਹਨ, ਇਸੇ ਤਰ੍ਹਾਂ ਕਿਸੇ ਸਭਿਆਚਾਰ ਦੇ ਵੱਖ-ਵੱਖ ਸੰਦੇਸ਼ਾਂ ਅਤੇ ਅੰਗਾਂ ਨੂੰ ਸਮਝਣ ਲਈ ਸਾਨੂੰ ਉਸ ਸਭਿਆਚਾਰ ਦੇ ਵਿਆਕਰਣ ਨੂੰ ਸਮਝਣ ਦੀ ਲੋੜ ਪੈਂਦੀ ਹੈ। ਕਿਸੇ ਸਮਾਜ ਵਿਚ ਰਹਿਣ ਵਾਲੇ ਵਿਅਕਤੀ ਦੇ ਕਾਰਜ ਨੂੰ *ਸਭਿਆਚਾਰਕ-ਚਿੰਨ੍ਹ* ਹੀ ਨਿਰਧਾਰਿਤ ਕਰਦੇ ਹਨ। ਵੱਖ-ਵੱਖ ਚਿੰਨ੍ਹ ਜੁੜਕੇ ਇਕ ਕੋਡ ਦਾ ਨਿਰਮਾਣ ਕਰਦੇ ਹਨ। ਇਹ ਕੋਡ ਉਸ ਸਭਿਆਚਾਰ ਦਾ ਵਿਆਕਰਣ ਹੁੰਦਾ ਹੈ।

ਡਾ. ਭੁਪਿੰਦਰ ਸਿੰਘ ਖਹਿਰਾ ਨੇ ਸਭਿਆਚਾਰ-ਵਿਗਿਆਨ ਨਾਲ ਸੰਬੰਧਿਤ ਕਈ ਮਹੱਤਵਪੂਰਨ ਪੱਖਾਂ ਬਾਰੇ ਬੜੀ ਸੰਖੇਪ ਪਰ ਅਰਥਭਰਪੂਰ ਚਰਚਾ ਕੀਤੀ ਹੈ। ਇਹ ਲੇਖ ਸਾਨੂੰ ਪੰਜਾਬੀ ਸਭਿਆਚਾਰ ਦੇ ਵੱਖ-ਵੱਖ ਅੰਗਾਂ ਅਤੇ ਧਰਾਤਲਾਂ ਨੂੰ ਸਮਝਣ ਵਾਸਤੇ ਡੂੰਘੀ ਜਾਣਕਾਰੀ ਪ੍ਰਦਾਨ ਕਰਦਾ ਹੈ।

### 3.1.4 ਸ਼ੈਲੀ

ਡਾ. ਭੁਪਿੰਦਰ ਸਿੰਘ ਖਹਿਰਾ ਦੀ ਸ਼ੈਲੀ ਇਕ ਸਮਾਜ-ਵਿਗਿਆਨੀ ਦੀ ਸ਼ੈਲੀ ਹੈ। ਇਸ ਕਾਰਨ ਇਸ ਵਿਚੋਂ ਸਰਲਤਾ ਅਤੇ ਠੇਠਤਾ ਆਦਿਕ ਤੱਤਾਂ ਦੀ ਆਸ਼ਾ ਰੱਖਣੀ ਵਿਅਰਥ ਹੈ। ਸਾਰੇ ਦਾ ਸਾਰਾ ਲੇਖ *ਸੰਕਲਪਗਤ* ਸ਼ੈਲੀ ਵਿਚ ਲਿਖਿਆ ਗਿਆ ਹੈ। ਸਰਲ ਅਤੇ ਠੇਠ ਸ਼ੈਲੀ ਵਿਚ ਲਿਖੇ ਲੇਖ ਪੜ੍ਹਨ ਦੇ ਗਿੱਝੇ ਹੋਏ ਵਿਦਿਆਰਥੀਆਂ ਨੂੰ ਪਹਿਲੇ-ਪਹਿਲ ਇਹ ਲੇਖ ਕੁਝ ਕਠਿਨ ਪ੍ਰਤੀਤ ਹੋਵੇਗਾ ਪਰ ਜਿਵੇਂ-ਜਿਵੇਂ ਉਹ ਇਸ ਲੇਖ ਨੂੰ ਪੜ੍ਹਦੇ ਜਾਣਗੇ, ਉਨ੍ਹਾਂ ਨੂੰ ਇਸ ਵਿਚੋਂ ਭਰਪੂਰ ਜਾਣਕਾਰੀ ਹਾਸਲ ਹੁੰਦੀ ਜਾਵੇਗੀ। ਲੇਖਕ ਨੇ ਸਭਿਆਚਾਰ-ਸ਼ਾਸਤਰ ਨਾਲ ਜੁੜੇ ਹੋਏ ਬਹੁਤ ਸਾਰੇ ਪੱਛਮੀ ਵਿਦਵਾਨਾਂ (ਜਿਵੇਂ ਕਿ ਟਾਈਲਰ, ਲੇਵੀ-ਸਤ੍ਰਾਸ, ਮੈਲੀਨੋਵਸਕੀ ਅਤੇ ਕਰੋਇਬਰ ਆਦਿ) ਦੇ ਵਿਚਾਰਾਂ ਨੂੰ ਹਵਾਲੇ ਵਜੋਂ ਪੇਸ਼ ਕੀਤਾ ਹੈ। ਇਨ੍ਹਾਂ ਵਿਚਾਰਾਂ ਦੀ ਪੇਸ਼ਕਾਰੀ ਦੇ ਸਦਕਾ ਇਹ ਲੇਖ ਵਧੇਰੇ ਸੰਪੂਰਨ ਬਣ ਗਿਆ ਹੈ। ਡਾ. ਖਹਿਰਾ ਨੂੰ ਚਾਹੀਦਾ ਸੀ ਕਿ ਹਰ ਸੰਕਲਪ ਦੀ ਵਿਆਖਿਆ ਕਰਨ ਸਮੇਂ ਉਹ ਪੰਜਾਬੀ ਸਭਿਆਚਾਰ ਦੇ ਭਿੰਨ-ਭਿੰਨ ਵਰਤਾਰਿਆਂ ਵੱਲ ਸੰਕੇਤ ਕਰਦਾ ਜਾਂਦਾ ਪਰੰਤੂ ਲੇਖ ਦਾ ਆਕਾਰ ਵਧ ਜਾਣ ਦੇ ਡਰੋਂ ਉਸ ਨੇ ਅਜਿਹੇ ਵਿਸਤਾਰ ਤੋਂ ਗੁਰੇਜ਼ ਹੀ ਕੀਤਾ ਹੈ। ਪਰੰਤੂ ਇਸ *ਕਿਫ਼ਾਇਤ* ਦੇ ਬਾਵਜੂਦ ਇਸ ਲੇਖ ਵਿਚ ਦਿੱਤੀ ਗਈ ਸਮੱਗਰੀ ਗਰੈਜੂਏਟ ਪੱਧਰ ਦੇ ਵਿਦਿਆਰਥੀਆਂ ਲਈ ਗਿਆਨ ਦੇ ਨਵੇਂ ਦਿਸਹੱਦੇ ਖੋਲ੍ਹਦੀ ਹੈ। ਇਹ ਇਕ ਮਹੱਤਵਪੂਰਨ ਰਚਨਾ ਹੈ।

## 4 ਲੇਖ, ਦੇਸ਼ ਤੇ ਲੋਕ ਬਾਰੇ ਜਾਣਕਾਰੀ

ਪਾਠ ਦੇ ਇਸ ਹਿੱਸੇ ਵਿਚ ਹੁਣ ਵਣਜਾਰਾ ਬੇਦੀ ਦੇ ਲੇਖ ਬਾਰੇ ਚਰਚਾ ਕਰਦਿਆਂ ਲੇਖ ਦੇ ਵਿਸ਼ਾ-ਵਸਤੂ, ਸਾਰ ਅਤੇ ਸ਼ੈਲੀ ਬਾਰੇ ਜਾਣਕਾਰੀ ਦਿੱਤੀ ਜਾਵੇਗੀ।

**4.1 ਲੇਖ ਦਾ ਵਿਸ਼ਾ-ਵਸਤੂ**

ਇਹ ਲੇਖ ਪੰਜਾਬ ਦੇ ਪ੍ਰਸਿੱਧ ਸਭਿਆਚਾਰ-ਸ਼ਾਸਤਰੀ ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ ਦੀ ਰਚਨਾ ਹੈ। ਡਾ. ਬੇਦੀ ਨੇ ਬੜੀ ਮਿਹਨਤ ਨਾਲ ਪੰਜਾਬ ਦੇ ਸਭਿਆਚਾਰ ਬਾਰੇ ਖੋਜ ਭਰਪੂਰ ਪੁਸਤਕਾਂ ਅਤੇ ਕੋਸ਼ਾਂ ਦੀ ਰਚਨਾ ਕੀਤੀ ਹੈ। ਇਸ ਲੇਖ ਵਿਚ ਉਸ ਨੇ ਪੰਜਾਬ ਦੀ ਭੂਗੋਲਿਕ ਸਥਿਤੀ ਅਤੇ ਇਸ ਖੇਤਰ ਵਿਚ ਵਸਣ ਵਾਲੇ ਲੋਕਾਂ ਦੇ ਅਸਲੇ-ਨਸਲੇ ਅਤੇ ਚਰਿਤਰ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਉਸ ਅਨੁਸਾਰ ਸਦੀਆਂ ਤੋਂ ਪੰਜਾਬ ਉਤੇ ਵਿਦੇਸ਼ੀ ਹਮਲੇ ਹੁੰਦੇ ਰਹੇ ਹਨ। ਇਨ੍ਹਾਂ ਹਮਲਿਆਂ ਦੇ ਕਾਰਨ ਪੰਜਾਬ ਦੇ ਲੋਕ ਬੜੇ ਬਹਾਦਰ, ਅਣਖੀਲੇ, ਉਦਾਰ ਅਤੇ *ਆਤਮ-ਵਿਸ਼ਵਾਸੀ* ਬਣ ਗਏ। ਪੰਜਾਬੀਆਂ ਨੇ ਅਜੇ ਤਕ ਆਪਣੇ ਚਰਿੱਤਰ ਦੇ ਇਨ੍ਹਾਂ ਗੁਣਾਂ ਨੂੰ ਸਾਂਭ ਕੇ ਰੱਖਿਆ ਹੈ। ਲੇਖਕ ਅਨੁਸਾਰ ਪੰਜਾਬ ਦਾ ਮੁਢਲਾ ਨਾਮ ਸਪਤ-ਸਿੰਧੂ ਸੀ ਕਿਉਂਕਿ ਉਸ ਸਮੇਂ ਇਥੇ ਮੌਜੂਦਾ ਪੰਜਾਂ ਦਰਿਆਵਾਂ ਦੇ ਨਾਲ-ਨਾਲ ਦੋ ਹੋਰ ਦਰਿਆ ਸਰਸਵਤੀ ਅਤੇ ਸਿੰਧ ਵੀ ਵਗਦੇ ਸਨ। ਸੁਤੰਤਰਤਾ ਉਪਰੰਤ ਪੰਜਾਬ ਨੂੰ ਦੋ ਭਾਗਾਂ ਵਿਚ ਵੰਡ ਦਿੱਤਾ ਗਿਆ। ਹੁਣ ਇਸ ਖੇਤਰ ਵਿਚ ਕੇਵਲ ਢਾਈ ਦਰਿਆ (ਸਤਲੁਜ, ਬਿਆਸ ਅਤੇ ਅੱਧੀ ਰਾਵੀ) ਹੀ ਵਗਦੇ ਹਨ।

ਪੰਜਾਬ ਵਿਚ ਬਾਹਰਲੇ ਦੇਸ਼ਾਂ ਤੋਂ ਅਨੇਕ ਜਾਤੀਆਂ ਆ ਕੇ ਵਸਦੀਆਂ ਰਹੀਆਂ ਹਨ। ਇਸ ਲਈ ਇਹ ਖੇਤਰ ਅਨੇਕ ਨਸਲਾਂ ਅਤੇ ਜਾਤੀਆਂ ਨਾਲ ਭਰਪੂਰ ਹੈ। ਇਥੇ ਰਾਜਪੂਤ, ਜੱਟ, ਖੱਤਰੀ, ਬ੍ਰਾਹਮਣ, ਅਹੀਰ, ਟੱਕ, ਗੁਜਰ, ਬਾਣੀਏ, ਅਰੋੜੇ, ਸ਼ੂਦਰਾਂ ਅਤੇ ਟੱਪਰੀਵਾਸ ਕਬੀਲਿਆਂ ਦੀਆਂ ਅਨੇਕ ਜਾਤੀਆਂ ਦੇ ਲੋਕ ਆਪਸ ਵਿਚ ਰਲ-ਮਿਲ ਕੇ ਰਹਿੰਦੇ ਹਨ। ਸਿੱਖ ਸਤਿਗੁਰਾਂ ਨੇ ਪੰਜਾਬੀਆਂ ਨੂੰ ਸੁਤੰਤਰਤਾ, ਅਣਖ ਅਤੇ ਆਤਮ-ਗੌਰਵ ਦੇ ਗੁਣਾਂ ਨਾਲ ਮਾਲਾਮਾਲ ਕਰ ਦਿੱਤਾ। ਅੱਜ-ਕਲ੍ਹ *ਵਿਸ਼ਵੀਕਰਨ* ਦੇ ਪ੍ਰਭਾਵ ਅਧੀਨ ਪੰਜਾਬ ਦਾ ਵਿਰਸਾ *ਪੂੰਜੀਵਾਦ* ਦੀ ਹਨ੍ਹੇਰੀ ਵਿਚ ਗੁੰਮਦਾ-ਗਵਾਚਦਾ ਜਾ ਰਿਹਾ ਹੈ।

**4.2 ਲੇਖ ਦਾ ਸਾਰ**

ਇਸ ਲੇਖ ਵਿਚ ਡਾ. ਵਣਜਾਰਾ ਬੇਦੀ ਨੇ ਪੰਜਾਬ ਦੇ *ਸਭਿਆਚਾਰਕ-ਰਾਜਨੈਤਿਕ ਇਤਿਹਾਸ* ਨੂੰ ਪੇਸ਼ ਕੀਤਾ ਹੈ। ਲੇਖਕ ਅਨੁਸਾਰ ਪੰਜਾਬ ਨੂੰ 'ਵੇਦਕ ਸਭਿਅਤਾ ਦਾ ਪੰਘੂੜਾ' ਕਿਹਾ ਜਾ ਸਕਦਾ ਹੈ ਕਿਉਂਕਿ ਵੇਦਕ ਸਭਿਅਤਾ ਇਥੇ ਹੀ ਜੰਮੀ-ਪਲੀ ਅਤੇ ਪ੍ਰਵਾਨ ਚੜ੍ਹੀ। ਹੜੱਪਾ, ਸੰਘੋਲ ਅਤੇ ਰੋਪੜ ਦੀਆਂ ਖੁਦਾਈਆਂ ਤੋਂ ਪਤਾ ਚਲਿਆ ਹੈ ਕਿ ਪੰਜਾਬ ਵਿਚ ਆਰੀਆ ਲੋਕਾਂ ਦੇ ਆਗਮਨ ਤੋਂ ਪਹਿਲਾਂ ਵੀ ਬਹੁਤ ਉੱਨਤ ਸਭਿਅਤਾ ਮੌਜੂਦ ਸੀ। ਉਸ ਸਭਿਅਤਾ ਨੂੰ ਆਰੀਆ ਲੋਕਾਂ ਨੇ ਨਸ਼ਟ ਕਰ ਦਿਤਾ ਅਤੇ ਪੰਜਾਬ ਦੇ ਮੂਲ ਵਾਸੀਆਂ ਨੂੰ ਹੇਠਾਂ ਦੱਖਣ ਵਲ ਧੱਕ ਦਿੱਤਾ।

4.2.1 **ਭਾਰਤ ਦਾ ਮੁਖ ਦੁਆਰ** : ਪੰਜਾਬ ਭੂਗੋਲਿਕ ਤੌਰ ਤੇ ਅਜਿਹੀ ਥਾਂ ਤੇ ਸਥਿਤ ਹੈ ਕਿ ਮੱਧਕਾਲ ਦੌਰਾਨ ਭਾਰਤ ਵਿਚ ਉਪਰ ਜਿਤਨੇ ਵੀ ਹਮਲਾਵਰ ਆਏ, ਉਹ ਪੰਜਾਬ ਵਿਚੋਂ ਦੀ ਗੁਜ਼ਰ ਕੇ ਹੀ ਅੱਗੇ ਗਏ। ਇਸ ਕਾਰਨ ਸੈਂਕੜੇ ਵਰ੍ਹੇ ਪੰਜਾਬੀਆਂ ਨੂੰ ਬਾਹਰ ਦੇ ਹਮਲਾਵਰਾਂ ਨਾਲ ਲੋਹਾ ਲੈਣਾ ਪਿਆ। ਇਸ ਤੱਥ ਦੇ ਕਾਰਨ ਪੰਜਾਬ ਦੇ ਲੋਕ ਬਹਾਦਰ, ਹਠੀਲੇ, ਵਰਤਮਾਨ ਵਿਚ ਜਿਉਣ ਵਾਲੇ, *ਵਿਪਰੀਤ* ਸਥਿਤੀਆਂ ਨਾਲ ਆਢਾ ਲਾਉਣ ਵਾਲੇ ਅਤੇ ਉਦਾਰ ਬਣ ਗਏ। ਅੱਜ ਵੀ ਪੰਜਾਬੀਆਂ ਦੇ ਸੁਭਾਅ ਵਿਚ ਇਹ ਗੁਣ-ਲੱਛਣ ਦੇਖੇ ਜਾ ਸਕਦੇ ਹਨ ਅਤੇ ਇਸੇ ਕਾਰਨ ਪੰਜਾਬ ਦੇ ਲੋਕ ਸਾਰੀ ਦੁਨੀਆਂ ਵਿਚ ਫੈਲੇ ਹੋਏ ਹਨ ਅਤੇ ਉਨ੍ਹਾਂ ਨੂੰ ਕਿਸੇ ਵੀ ਦੇਸ਼ ਜਾਂ ਸਭਿਆਚਾਰ ਵਿਚ ਰਹਿਣ-ਸਹਿਣ ਲਈ ਕੋਈ ਔਕੜ ਦਰਪੇਸ਼ ਨਹੀਂ ਆਉਂਦੀ।

4.2.2 **ਪੰਜਾਬ ਦੇ ਹੱਦਬੰਨੇ ਅਤੇ ਸੀਮਾਵਾਂ** : ਪੰਜਾਬ ਦੀਆਂ ਸੀਮਾਵਾਂ ਸਦਾ ਤਬਦੀਲ ਹੁੰਦੀਆਂ ਰਹੀਆਂ ਹਨ। ਇਸ ਖੇਤਰ ਦਾ ਨਾਮ ਇਸ ਵਿਚ ਵਗਣ ਵਾਲੇ ਪੰਜਾਂ ਦਰਿਆਵਾਂ ਦੇ ਨਾਮ ਤੇ ਪਿਆ ਹੈ। ਪਹਿਲਾਂ ਇਥੇ ਸੱਤ ਦਰਿਆ ਵਗਦੇ ਸਨ - ਸਰਸਵਤੀ, ਸਤਲੁਜ, ਬਿਆਸ, ਰਾਵੀ, ਝਨ੍ਹਾਂ, ਜਿਹਲਮ ਅਤੇ ਸਿੰਧ। ਉਸ ਸਮੇਂ ਇਸ ਪ੍ਰਦੇਸ਼ ਦਾ ਨਾਮ ਸਪਤ-ਸਿੰਧੂ ਸੀ। ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਪੰਜਾਬ ਬੜੇ ਵਿਸ਼ਾਲ ਇਲਾਕੇ ਵਿਚ ਫੈਲਿਆ ਹੋਇਆ ਸੀ। ਇਸ ਦੇ ਉੱਤਰ ਵੱਲ ਸ਼ਿਵਾਲਿਕ ਦੀਆਂ ਪਹਾੜੀਆਂ, ਪੱਛਮ ਵੱਲ ਸਿੰਧ ਦਰਿਆ, ਦੱਖਣ ਵੱਲ ਰਾਜਸਥਾਨ ਅਤੇ ਸਿੰਧ ਪ੍ਰਦੇਸ਼ ਅਤੇ ਪੂਰਬ ਵੱਲ ਜਮਨਾ ਦਰਿਆ ਵਗਦਾ ਸੀ। ਦੇਸ਼ ਦੀ ਵੰਡ ਸਮੇਂ ਪੰਜਾਬ ਦੋ ਹਿੱਸਿਆਂ ਵਿੱਚ ਵੰਡਿਆ ਗਿਆ।

ਪੂਰਬੀ ਪੰਜਾਬ ਭਾਰਤ ਦੇ ਹਿੱਸੇ ਆਇਆ ਅਤੇ ਪੱਛਮੀ ਪੰਜਾਬ ਪਾਕਿਸਤਾਨ ਵੱਲ ਚਲਾ ਗਿਆ। 1966 ਈ. ਵਿਚ ਭਾਸ਼ਾ ਦੇ ਆਧਾਰ ਤੇ ਨਵਾਂ ਪੰਜਾਬ ਹੋਂਦ ਵਿਚ ਆਇਆ। ਇਸ ਦੇ ਪੂਰਬੀ ਹਿੱਸੇ ਹਰਿਆਣਾ ਪ੍ਰਦੇਸ਼ ਦਾ ਅੰਗ ਬਣ ਗਏ ਅਤੇ ਉੱਤਰੀ ਪੰਜਾਬ ਦੇ ਪਹਾੜੀ ਇਲਾਕੇ ਹਿਮਾਚਲ ਪ੍ਰਦੇਸ਼ ਦੇ ਹਿੱਸੇ ਆਏ। ਨਵਾਂ ਪੰਜਾਬ ਬਹੁਤ ਛੋਟੇ ਜਿਹੇ ਖੇਤਰ ਦਾ ਨਾਮ ਹੈ।

4.2.3 **ਪੰਜਾਬ ਵਿਚ ਵੱਖ-ਵੱਖ ਜਾਤੀਆਂ ਦੇ ਲੋਕਾਂ ਦਾ *ਆਗਮਨ*** : ਪਿਛਲੇ ਕਈ ਹਜ਼ਾਰ ਵਰ੍ਹਿਆਂ ਤੋਂ ਪੰਜਾਬ ਦੀ ਪਵਿੱਤਰ ਅਤੇ ਜ਼ਰਖੇਜ਼ ਧਰਤੀ ਵਿਦੇਸ਼ੀ ਕੌਮਾਂ ਨੂੰ ਆਪਣੇ ਵੱਲ ਆਕ੍ਰਸ਼ਿਤ ਕਰਦੀ ਰਹੀ ਹੈ। ਹਜ਼ਰਤ ਈਸਾ ਤੋਂ ਕਈ ਸਦੀਆਂ ਪਹਿਲਾਂ ਸਿਥੀਅਨ ਕਬੀਲੇ ਪੰਜਾਬ ਵਿਚ ਆ ਵੱਸੇ। ਇਨ੍ਹਾਂ ਦੀ ਇਕ ਜਾਤੀ 'ਟੱਕ' ਨੇ ਬਿਆਸ ਅਤੇ ਝਨ੍ਹਾਂ ਦੇ ਵਿਚਕਾਰਲੇ ਇਲਾਕੇ ਵਿਚ ਲੰਮੇ ਸਮੇਂ ਤਕ ਰਾਜ ਕੀਤਾ, ਜਿਸ ਕਾਰਨ ਇਸ ਖੇਤਰ ਨੂੰ 'ਟੱਕ ਦੇਸ' ਵੀ ਕਿਹਾ ਜਾਂਦਾ ਰਿਹਾ। ਪੱਛਮੀ ਪੰਜਾਬ ਦੇ ਇਕ ਭਾਗ ਨੂੰ 'ਕੈਕੇਯ ਦੇਸ਼' ਵੀ ਕਿਹਾ ਜਾਂਦਾ ਰਿਹਾ ਹੈ। ਪੰਜਾਬ ਵਿਚ ਰਾਵੀ ਅਤੇ ਝਨ੍ਹਾਂ ਦੇ ਵਿਚਕਾਰਲੇ ਖੇਤਰ ਨੂੰ 'ਮਦਰ ਦੇਸ' ਕਿਹਾ ਜਾਂਦਾ ਸੀ। ਪੁਰਾਣਾਂ ਅਤੇ ਮਹਾਂਭਾਰਤ ਵਿਚ ਮਦਰ ਦੇਸ਼ ਦਾ ਉੱਲੇਖ ਮਿਲਦਾ ਹੈ। ਗੁਰੂ ਗੋਬਿੰਦ ਸਿੰਘ ਨੇ 'ਬਚਿਤ੍ਰ ਨਾਟਕ' ਵਿਚ ਪੰਜਾਬ ਨੂੰ 'ਮਦਰ ਦੇਸ਼' ਲਿਖਿਆ ਹੈ। ਅਜੋਕੇ ਮਾਲਵੇ ਵਿਚ ਦੂਜੀ ਸਦੀ ਈਸਵੀ ਤਕ ਮਾਲਵ ਜਾਂ ਮਲੋਈ ਜਾਤੀ ਦੇ ਲੋਕ ਰਾਜ ਕਰਦੇ ਰਹੇ ਸਨ। ਬਾਅਦ ਵਿਚ ਇਹ ਰਾਜਸਥਾਨ ਅਤੇ ਮੱਧ ਭਾਰਤ ਵਿਚ ਜਾ ਵੱਸੇ। ਪਹਿਲੀ ਅਤੇ ਦੂਜੀ ਸਦੀ ਈਸਵੀ ਵਿਚ ਇੱਥੇ ਟੱਕ, ਅਭੀਰ ਅਤੇ ਗੁਜਰ ਜਾਤੀਆਂ ਦੇ ਲੋਕ ਵਸਦੇ ਸਨ। ਪੰਜਾਬ ਦੀ ਕਿਰਸਾਨੀ ਵਸੋਂ ਦਾ ਇਕ ਵਡੇਰਾ ਭਾਗ ਜੱਟ ਹਨ ਜੋ ਬੜੇ ਮਿਹਨਤੀ, ਸਾਹਸੀ ਅਤੇ ਉਦਾਰ ਸੁਭਾਅ ਦੇ ਲੋਕ ਹਨ। ਇਹ ਲੋਕ ਰਾਜਪੂਤਾਂ ਦੀ ਅੰਸ਼ ਮੰਨੇ ਜਾਂਦੇ ਹਨ ਪਰੰਤੂ ਕਈ ਇਤਿਹਾਸਕਾਰ ਇਨ੍ਹਾਂ ਨੂੰ ਸਿਥੀਅਨ ਨਸਲ ਦੇ ਮੰਨਦੇ ਹਨ, ਜੋ ਆਪਣੇ ਮੂਲ ਸਥਾਨ ਔਕਸਜ਼ (Oxus) ਤੋਂ ਇਥੇ ਆ ਕੇ ਵਸੇ। ਪੰਜਾਬ ਵਿਚ ਖੱਤਰੀ, ਅਰੋੜੇ, ਵੈਸ਼ ਅਤੇ ਬ੍ਰਾਹਮਣ ਆਦਿਕ ਜਾਤੀਆਂ ਦੇ ਲੋਕ ਵੀ ਵੱਡੀ ਗਿਣਤੀ ਵਿਚ ਵੱਸਦੇ ਹਨ। ਬਾਣੀਏ, ਆਰੀਆ ਲੋਕਾਂ ਦੀ ਵੈਸ਼ ਜਾਤੀ ਵਿਚੋਂ ਮੰਨੇ ਜਾਂਦੇ ਹਨ। ਖੱਤਰੀ ਅਤੇ ਅਰੋੜੇ ਇਕ ਹੀ ਜਾਤੀ 'ਕਸ਼ਤਰੀ' ਵਿਚੋਂ ਆਏ ਮੰਨੇ ਜਾਂਦੇ ਹਨ। ਛੋਟੇ ਕਿਰਸਾਨੀ ਕਬੀਲਿਆਂ ਵਿਚ 'ਸੈਨੀ' ਅਤੇ 'ਕੰਬੋਜ' ਵਿਸ਼ੇਸ਼ ਮਹਤਵ ਰੱਖਦੇ ਹਨ। ਪੰਜਾਬ ਵਿਚ ਹੋਰ ਵੀ ਅਨੇਕ ਜਾਤੀਆਂ, ਉਪ-ਜਾਤੀਆਂ ਦੇ ਲੋਕ ਵੱਸਦੇ ਹਨ। ਇਥੋਂ ਦੀ ਵੱਸੋਂ ਦਾ ਇਕ ਚੌਥਾਈ ਭਾਗ ਸ਼ੂਦਰਾਂ ਦੀਆਂ ਬਹੁਤ ਸਾਰੀਆਂ ਸ਼੍ਰੇਣੀਆਂ ਵਿਚ ਰੱਖਿਆ ਗਿਆ ਹੈ। ਕੁਝ ਇਤਿਹਾਸਕਾਰ ਇਨ੍ਹਾਂ ਨੂੰ ਪੰਜਾਬ ਦੀਆਂ ਅਨ-ਆਰੀਆ ਜਾਤੀਆਂ ਦੇ ਲੋਕ ਮੰਨਦੇ ਹਨ। ਡਾ. ਵਣਜਾਰਾ ਬੇਦੀ ਦਾ ਮੱਤ ਹੈ ਕਿ ਪੰਜਾਬ ਦੀ ਵਸੋਂ ਵੰਨ-ਸੁਵੰਨੀ, ਮਿੱਸੀ ਅਤੇ ਵਿਜਾਤੀ ਹੈ। ਭਾਵੇਂ ਨਸਲੀ ਤੌਰ ਤੇ ਪੰਜਾਬੀ ਲੋਕ ਸੁੱਚੀ ਇਕਾਈ ਨਹੀਂ ਹਨ ਪਰੰਤੂ ਇਹ ਸਾਰੇ ਪੰਜਾਬੀ ਹੋਣ ਦਾ ਮਾਣ ਕਰਦੇ ਹਨ ਅਤੇ ਇਕ ਹੀ *ਸਭਿਆਚਾਰਕ ਬੁਣਤੀ* ਵਿਚ ਬੁਣੇ ਹੋਏ ਹਨ।

4.2.4 **ਰਾਜਨੀਤਕ ਪਿਠ-ਭੂਮੀ** : ਪੰਜਾਬ ਦਾ ਵਰਤਮਾਨ ਇਤਿਹਾਸ, ਆਰੀਆ ਲੋਕਾਂ ਦੇ ਆਗਮਨ ਨਾਲ ਸ਼ੁਰੂ ਹੁੰਦਾ ਹੈ। ਪੰਜਾਬ ਦੀ ਸੁਹਾਵਣੀ ਧਰਤੀ ਉਪਰ ਹੀ ਆਰੀਆ ਲੋਕਾਂ ਨੇ ਆਪਣਾ ਪਹਿਲਾ ਗ੍ਰੰਥ 'ਰਿਗ ਵੇਦ' ਰਚਿਆ। ਪੰਜਾਬ ਉਪਰ ਹਜ਼ਰਤ ਈਸਾ ਦੇ ਜਨਮ ਤੋਂ ਕਈ ਸਦੀਆਂ ਪਹਿਲਾਂ ਹਮਲੇ ਹੋਣੇ ਸ਼ੁਰੂ ਹੋ ਗਏ ਸਨ। ਇਸ ਦੇ ਇਕ ਭਾਗ ਸਿੰਧ ਨੂੰ ਈਰਾਨ ਦੇ ਬਾਦਸ਼ਾਹ ਨੇ ਜਿੱਤ ਲਿਆ ਸੀ। 326 ਪੂ.ਈ. ਵਿਚ ਯੂਨਾਨ ਦੇ ਬਾਦਸ਼ਾਹ ਸਿਕੰਦਰ ਨੇ ਪੰਜਾਬ ਉੱਤੇ ਹਮਲਾ ਕਰਕੇ ਇਸ ਦੇ ਕਈ ਭਾਗ ਜਿੱਤ ਲਏ ਸਨ। ਸਿਕੰਦਰ ਤੋਂ ਪਿਛੋਂ ਚੰਦਰ ਗੁਪਤ ਮੋਰੀਆ ਨੇ ਯੂਨਾਨੀ ਰਾਜ ਨੂੰ ਖ਼ਤਮ ਕਰਕੇ ਮੋਰੀਆ ਘਰਾਣੇ ਦਾ ਰਾਜ ਸਥਾਪਿਤ ਕਰ ਲਿਆ। ਇਸ ਘਰਾਣੇ ਦੇ ਇਕ ਹੋਰ ਵੱਡੇ ਰਾਜੇ ਅਸ਼ੋਕ ਨੇ ਸਮੁੱਚੇ ਭਾਰਤਵਰਸ਼ ਨੂੰ ਆਪਣੇ ਅਧਿਕਾਰ ਹੇਠ ਕਰ ਲਿਆ ਸੀ। ਉਸ ਨੇ ਬੁੱਧ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਵਿਚ ਵੀ ਵੱਡਾ ਯੋਗਦਾਨ ਪਾਇਆ। ਦੂਜੀ ਸਦੀ ਪੂ. ਈ. ਤੋਂ ਸੱਤਵੀਂ ਸਦੀ ਈਸਵੀ ਤਕ ਲਗਪਗ ਨੌ ਸੌ ਸਾਲ ਪੰਜਾਬ ਉਤੇ ਸ਼ਕ, ਪਾਰਥੀਅਨ, ਕੁਸ਼ਾਨ ਅਤੇ ਹੂਣ ਕਬੀਲੇ ਹਮਲੇ ਕਰਦੇ ਰਹੇ। ਉਨ੍ਹਾਂ ਤੋਂ ਪਿਛੋਂ ਪੰਜਾਬ ਅਤੇ ਉੱਤਰੀ ਭਾਰਤ ਰਾਜਪੂਤਾਂ ਦੀਆਂ ਛੋਟੀਆਂ-ਛੋਟੀਆਂ ਰਿਆਸਤਾਂ ਵਿਚ ਵੰਡਿਆ ਗਿਆ। ਇਸਲਾਮੀ ਹਮਲਿਆਂ ਦੇ ਕਾਰਨ ਗਿਆਰ੍ਹਵੀਂ ਸਦੀ ਤੋਂ ਬਾਅਦ ਅਗਲੀਆਂ ਸੱਤ ਕੁ ਸਦੀਆਂ ਤਕ ਪੰਜਾਬ ਉਤੇ ਮੁਸਲਮਾਨਾਂ ਦੀ ਹਕੂਮਤ ਰਹੀ। ਗੋਰੀ

ਘਰਾਣੇ ਨੇ 1192 ਈ. ਵਿਚ ਉੱਤਰੀ ਭਾਰਤ ਉਤੇ ਮੁਸਲਿਮ ਰਾਜ ਸਥਾਪਿਤ ਕਰ ਲਿਆ। ਗੌਰੀਆਂ ਤੋਂ ਪਿਛੋਂ ਭਾਰਤ ਉਤੇ ਗ਼ੁਲਾਮ ਖਾਨਦਾਨ, ਖਿਲਜੀ ਖਾਨਦਾਨ, ਤੁਗ਼ਲਕ ਘਰਾਣੇ, ਸੱਯਦਾਂ ਅਤੇ ਲੋਧੀਆਂ ਦੀ ਹਕੂਮਤ ਰਹੀ। 1527 ਈ. ਤੋਂ ਭਾਰਤ ਉਪਰ ਮੁਗਲ ਸਲਤਨਤ ਕਾਇਮ ਹੋ ਗਈ। ਇਹ ਹਕੂਮਤ ਅਠਾਰ੍ਹਵੀਂ ਸਦੀ ਤਕ ਚਲਦੀ ਰਹੀ ਅਤੇ ਇਸ ਦੌਰਾਨ ਭਾਰਤ ਉਪਰ ਬਾਬਰ, ਹਮਾਯੂੰ, ਅਕਬਰ, ਜਹਾਂਗੀਰ, ਸ਼ਾਹਜਹਾਨ ਅਤੇ ਔਰੰਗਜ਼ੇਬ ਵਰਗੇ ਬਾਦਸ਼ਾਹ ਰਾਜ ਕਰਦੇ ਰਹੇ।

4.2.5 **ਸਿੱਖ ਮੱਤ ਦਾ ਜਨਮ ਅਤੇ ਸਿੱਖਾਂ ਦੀ ਚੜ੍ਹਦੀਕਲਾ** : ਗੁਰੂ ਨਾਨਕ ਦੇਵ ਜੀ ਨੇ ਪੰਜਾਬ ਵਿਚ ਸਿੱਖ ਧਰਮ ਦੀ *ਆਧਾਰਸ਼ਿਲਾ* ਰੱਖੀ। ਇਸ ਧਰਮ ਨੇ ਸਮੁੱਚੇ ਭਾਰਤਵਰਸ਼ ਵਿਚ ਇਕ ਨਵੀਂ ਰੂਹ ਫੂਕ ਦਿੱਤੀ। ਸਿੱਖ ਸਤਿਗੁਰਾਂ ਨੇ ਭਾਰਤਵਾਸੀਆਂ ਨੂੰ ਵਿਦੇਸ਼ੀ ਜਬਰ-ਜ਼ੁਲਮ ਦੇ ਵਿਰੁੱਧ ਸੰਘਰਸ਼ ਕਰਨ ਲਈ ਉਤਸ਼ਾਹਿਤ ਕੀਤਾ। ਵਹਿਮਾਂ-ਭਰਮਾਂ, ਪਾਖੰਡਾਂ ਅਤੇ ਅੰਧ-ਵਿਸ਼ਵਾਸਾਂ ਵਿਚ ਫਸੇ ਲੋਕਾਂ ਨੂੰ ਨਵੀਂ ਚੇਤਨਾ ਪ੍ਰਦਾਨ ਕੀਤੀ। ਜਾਤ-ਪਾਤ ਦਾ ਖ਼ਾਤਮਾ ਕੀਤਾ ਅਤੇ ਮਨੁੱਖੀ ਸਮਾਨਤਾ ਦੇ ਸਿੱਧਾਂਤ ਦਾ ਪ੍ਰਚਾਰ ਕੀਤਾ। ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਮੁਗ਼ਲਾਂ ਨਾਲ ਕਈ ਯੁੱਧ ਵੀ ਲੜੇ। ਗੁਰੂ ਗੋਬਿੰਦ ਸਿੰਘ ਤੋਂ ਬਾਅਦ ਉਨ੍ਹਾਂ ਦੇ ਇਕ ਸਿੰਘ ਬਾਬਾ ਬੰਦਾ ਸਿੰਘ ਬਹਾਦਰ ਨੇ ਪੰਜਾਬ ਦੇ ਕਈ ਸੂਬੇਦਾਰਾਂ ਨੂੰ ਹਰਾ ਕੇ ਪਹਿਲੇ ਸਿੱਖ ਰਾਜ ਦੀ ਨੀਂਹ ਪੱਕੀ ਕੀਤੀ। ਬਾਬਾ ਬੰਦਾ ਸਿੰਘ ਤੋਂ ਬਾਅਦ ਹੋਰ ਕਈ ਸਿੰਘ ਸਰਦਾਰਾਂ ਨੇ ਆਪਣੀਆਂ-ਆਪਣੀਆਂ ਮਿਸਲਾਂ ਕਾਇਮ ਕਰ ਲਈਆਂ। ਪੰਜਾਬ ਦੇ ਵੱਡੇ ਭਾਗ ਉਪਰ ਮਹਾਰਾਜਾ ਰਣਜੀਤ ਸਿੰਘ ਨੇ ਵੀ ਚਾਰ-ਪੰਜ ਦਹਾਕੇ ਰਾਜ ਕੀਤਾ।

4.2.6 **ਸਮਾਜਿਕ ਆਰਥਿਕ ਬਣਤਰ** : ਪੰਜਾਬ ਦਾ ਵੱਡਾ ਭਾਗ ਪਿੰਡਾਂ ਵਿਚ ਵਸਦਾ ਹੈ। ਪੰਜਾਬ ਦੇ ਪਿੰਡ ਬੁਨਿਆਦੀ ਤੌਰ ਤੇ ਸ੍ਵੈ-ਨਿਰਭਰ ਇਕਾਈਆਂ ਹੁੰਦੀਆਂ ਸਨ, ਜਿਥੇ ਹਰ ਇਕ ਚੀਜ਼ ਪੈਦਾ ਕਰ ਲਈ ਜਾਂਦੀ ਸੀ। ਲੋਕਾਂ ਦਾ ਮੁਖ ਧੰਦਾ ਖੇਤੀਬਾੜੀ ਹੁੰਦਾ ਸੀ। ਇਨ੍ਹਾਂ ਪਿੰਡਾਂ ਵਿਚ ਜੱਟਾਂ ਤੋਂ ਬਿਨਾਂ ਹੋਰ ਵੀ ਬਹੁਤ ਸਾਰੀਆਂ ਜਾਤੀਆਂ ਦੇ ਲੋਕ ਵਸਦੇ ਹਨ ਪਰੰਤੂ ਉਹ ਸਾਰੇ ਖੇਤੀਬਾੜੀ ਨਾਲ ਜੁੜੇ ਹੁੰਦੇ ਹਨ। ਤਰਖਾਣ, ਲੁਹਾਰ, ਤੇਲੀ, ਜੁਲਾਹੇ, ਨਾਈ, ਝਿਊਰ, ਚੂੜ੍ਹੇ-ਚਮਾਰ ਆਦਿਕ ਕਿਰਤੀ ਸ਼੍ਰੇਣੀਆਂ, ਕਿਰਸਾਨਾਂ ਨਾਲ ਹੱਥ ਵਟਾ ਕੇ ਆਪਣੀ ਰੋਜ਼ੀ-ਰੋਟੀ ਕਮਾਉਂਦੀਆਂ ਹਨ। ਵੰਡ ਤੋਂ ਪਿਛੋਂ ਪੰਜਾਬ ਦੇ ਪਿੰਡਾਂ ਦਾ ਬੜੀ ਤੇਜ਼ੀ ਨਾਲ ਸ਼ਹਿਰੀਕਰਣ ਹੋ ਗਿਆ ਹੈ। ਹੁਣ ਪੁਰਾਣੀਆਂ ਸਭਿਆਚਾਰਕ ਤੰਦਾਂ ਟੁੱਟ ਰਹੀਆਂ ਹਨ ਅਤੇ ਪੂੰਜੀ ਉੱਤੇ ਆਧਾਰਿਤ ਨਵੇਂ ਰਿਸ਼ਤੇ ਪੈਦਾ ਹੋ ਗਏ ਹਨ। ਅਖੌਤੀ ਨੀਵੀਆਂ ਜਾਤੀਆਂ ਨਾਲ ਸੰਬੰਧਿਤ ਲੋਕਾਂ ਨੇ ਪਿਤਾ ਪੁਰਖੀ ਧੰਦੇ ਛੱਡ ਕੇ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਕਰ ਲਏ ਹਨ। ਇਹ ਲੋਕ ਪੜ੍ਹ-ਲਿਖ ਕੇ ਉੱਚੀਆਂ ਨੌਕਰੀਆਂ ਉਪਰ ਜਾ ਲੱਗੇ ਹਨ ਅਤੇ ਉਨ੍ਹਾਂ ਦੇ ਸਮਾਜਿਕ-ਸਭਿਆਚਾਰਕ ਰੁਤਬੇ ਵਿਚ ਵੀ ਕਾਫ਼ੀ ਵਾਧਾ ਹੋ ਗਿਆ ਹੈ। ਪਿੰਡਾਂ ਵਿਚ ਬਿਜਲੀ, ਸੜਕਾਂ ਅਤੇ ਰੇਲਾਂ ਪਹੁੰਚ ਗਈਆਂ ਹਨ। ਕੰਪਿਊਟਰ ਅਤੇ ਮੋਬਾਈਲਾਂ ਨੇ ਲੋਕਾਂ ਦੇ ਜੀਵਨ-ਢੰਗ ਨੂੰ ਪੂਰੀ ਤਰ੍ਹਾਂ ਨਾਲ ਬਦਲ ਕੇ ਰੱਖ ਦਿੱਤਾ ਹੈ। ਇਸਤ੍ਰੀ ਵਿਚ ਵੀ ਨਵ-ਜਾਗ੍ਰਿਤੀ ਆਈ ਹੈ ਅਤੇ ਇਉਂ ਪੰਜਾਬ ਦਾ ਸਭਿਆਚਾਰਕ ਦ੍ਰਿਸ਼ ਪੂਰੀ ਤਰ੍ਹਾਂ ਨਾਲ ਬਦਲ ਗਿਆ ਹੈ।

### 4.3 ਸ਼ੈਲੀ

ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ ਇਕ ਖੋਜੀ ਵਿਦਵਾਨ ਵਜੋਂ ਪੰਜਾਬੀ ਦੇ ਅਕਾਦਮਿਕ ਖੇਤਰ ਵਿੱਚ ਬਹੁਤ ਪ੍ਰਸਿੱਧ ਰਿਹਾ ਹੈ। ਉਸ ਨੇ ਪੰਜਾਬੀ ਸਭਿਆਚਾਰ ਅਤੇ ਲੋਕਯਾਨ ਬਾਰੇ ਬੜਾ ਮਹੱਤਵਪੂਰਨ ਖੋਜ-ਕਾਰਜ ਕੀਤਾ ਪਰ ਉਸ ਦੀ ਗੱਦ-ਸ਼ੈਲੀ ਬੜੀ ਸਰਲ, ਠੇਠ ਅਤੇ ਮੁਹਾਵਰੇ ਭਰਪੂਰ ਹੈ। ਉਹ ਆਪਣੀ ਸ਼ੈਲੀ ਨੂੰ ਸੰਸਕ੍ਰਿਤ, ਫ਼ਾਰਸੀ ਜਾਂ ਅੰਗਰੇਜ਼ੀ ਸ਼ਬਦਾਵਲੀ ਦੇ ਬੋਝ ਹੇਠ ਨਹੀਂ ਲੱਦਦਾ। ਇਸ ਲੇਖ ਵਿਚ ਆਏ ਉਸ ਦੇ ਕੁਝ ਕੋਮਲ ਮੁਹਾਵਰੇ ਭਰਪੂਰ ਅਤੇ ਠੇਠ ਸ਼ਬਦ ਵੇਖੋ : ਅਠਖੇਲੀਆਂ ਕਰਨਾ, ਜ਼ਰਖੇਜ਼ ਭੋਇੰ, ਮਨਮੋਹਣੇ ਦ੍ਰਿਸ਼, ਖ਼ੂਬਸੂਰਤ ਟੁਕੜਾ, ਜਿਗਰੇ ਵਾਲੇ ਪੰਜਾਬੀ, ਚੱਜ-ਆਚਾਰ, ਖੇਰੂੰ-ਖੇਰੂੰ ਕਰਨਾ, ਸਫ਼ਾਂ ਵਲ੍ਹੇਟਣਾ, ਝਾਲ ਝੱਲਣਾ, ਸ਼ੇਰਾਂ ਵਾਂਗ ਡਟ ਕੇ ਮੁਕਾਬਲਾ ਕਰਨਾ, ਨਿੱਘਰਦੇ ਜਾਣਾ, ਦੰਦ ਤੋੜਵੀਂ ਹਾਰ, ਸੁਖ ਦਾ ਸਾਹ ਲੈਣਾ, ਡੋਗਰਾ-ਗਰਦੀ, ਮਿੱਸੀਆਂ ਰਵਾਇਤਾਂ, ਖਮੀਰ ਵਿਚ ਘੋਲ ਧਰਨਾ, ਸੋਹਣੀ ਡੀਲ-ਡੌਲ ਵਾਲੇ ਲੋਕ, ਕਬੂਤਰੀਆਂ ਤੀਵੀਆਂ, ਘਾਹ ਦੀਆਂ ਤ੍ਰਿਣਾਂ ਵਾਂਗ ਮੁੱਕ ਜਾਣਾ, ਜੀਵਨ ਦੀ ਧੂਣੀ ਛੋਹਣਾ, ਖੰਭ

ਲਾ ਕੇ ਉੱਡਣਾ, ਵਧੇਰੇ ਦਿਲਕਸ਼ ਲੱਗਣਾ ਆਦਿ। ਅੱਜ ਕਲ੍ਹ ਦੇ ਵਿਦਵਾਨ ਆਪਣੇ ਲੇਖਾਂ ਵਿਚ ਡਾ. ਬੇਦੀ ਵਰਗੀ ਅਲੰਕਾਰਮਈ, ਸਰਲ ਅਤੇ ਠੇਠ ਭਾਸ਼ਾ ਦਾ ਪ੍ਰਯੋਗ ਨਹੀਂ ਕਰਦੇ। ਇਹ ਕਾਰਨ ਹੈ ਕਿ ਉਨ੍ਹਾਂ ਦੇ ਲੇਖ ਪੜ੍ਹਨ ਵਾਲੇ ਪਾਠਕਾਂ ਦੀ ਗਿਣਤੀ ਬਹੁਤ ਘੱਟ ਹੁੰਦੀ ਹੈ। ਡਾ. ਬੇਦੀ ਇਕ ਵਿਦਵਾਨ ਖੋਜੀ ਹੋਣ ਦੇ ਨਾਲ-ਨਾਲ ਇਕ ਨਿਪੁੰਨ ਸ਼ੈਲੀਕਾਰ ਵੀ ਸੀ, ਜਿਸ ਦੀ ਉਸਦੇ ਇਸ ਲੇਖ ਵਿਚ ਭਰਪੂਰ ਝਲਕ ਦਿਖਾਈ ਦਿੰਦੀ ਹੈ।

## 5 ਲੇਖ ਪੰਜਾਬੀ ਸਭਿਆਚਾਰ ਦੀ ਕਦਰ ਪ੍ਰਣਾਲੀ ਬਾਰੇ ਜਾਣਕਾਰੀ

ਇਹ ਲੇਖ ਪੰਜਾਬ ਦੇ ਪ੍ਰਸਿੱਧ ਸਭਿਆਚਾਰ-ਸ਼ਾਸਤਰੀ ਡਾ. ਗੁਰਬਖ਼ਸ਼ ਸਿੰਘ ਫਰੈਂਕ ਦੀ ਰਚਨਾ ਹੈ। ਡਾ. ਫਰੈਂਕ ਇਕ ਮਾਰਕਸਵਾਦੀ ਚਿੰਤਕ ਹੈ। ਉਸ ਨੇ ਕਈ ਸਾਲ ਸੋਵੀਅਤ ਰੂਸ ਵਿਚ ਇਕ ਅਨੁਵਾਦਕ ਦੇ ਰੂਪ ਵਿਚ ਕੰਮ ਕੀਤਾ ਸੀ। ਬਾਅਦ ਵਿਚ ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਅਧਿਆਪਨ-ਕਾਰਜ ਕਰਦਾ ਰਿਹਾ। ਉਸ ਨੇ ਪੰਜਾਬੀ ਸਭਿਆਚਾਰ ਦੇ ਵਿਭਿੰਨ ਅੰਗਾਂ ਅਤੇ ਤੱਤਾਂ ਦੀ ਖੋਜ ਬਾਰੇ ਵੀ ਕਾਫ਼ੀ ਮਹਤਵਪੂਰਨ ਕੰਮ ਕੀਤਾ ਹੈ।

### 5.1 ਵਿਸ਼ਾ-ਵਸਤੂ

ਹਥਲੇ ਲੇਖ ਵਿਚ ਉਸ ਨੇ ਦਰਸਾਇਆ ਹੈ ਕਿ ਪੰਜਾਬ ਦੇ ਲੋਕ ਅਣਖੀ ਅਤੇ *ਸ੍ਵੈਧੀਨ* ਰੁਚੀਆਂ ਦੇ ਧਾਰਨੀ ਹਨ। ਉਹ ਕਿਸੇ ਅੱਗੇ ਹੱਥ ਨਹੀਂ ਅੱਡਦੇ ਅਤੇ ਨਾ ਕਿਸੇ ਰਾਜੇ-ਰਜਵਾੜੇ ਦੀ ਗ਼ੁਲਾਮੀ ਨੂੰ ਸਵੀਕਾਰ ਕਰਦੇ ਹਨ। ਆਪਣੇ ਮਤਿ ਦੀ ਪੁਸ਼ਟੀ ਲਈ ਉਸਨੇ ਸ਼ੇਖ ਫ਼ਰੀਦ, ਪ੍ਰੋ. ਪੂਰਨ ਸਿੰਘ, ਦੀਵਾਨ ਸਿੰਘ ਕਾਲੇਪਾਣੀ ਅਤੇ ਲੋਕ ਸਾਹਿੱਤ ਵਿਚੋਂ ਬਹੁਤ ਸਾਰੀਆਂ ਟੂਕਾਂ ਪੇਸ਼ ਕੀਤੀਆਂ ਹਨ। ਆਧੁਨਿਕ *ਪੂੰਜੀਵਾਦੀ ਯੁਗ* ਦਾ ਵਿਸ਼ਲੇਸ਼ਣ ਕਰਦਾ ਹੋਇਆ ਉਹ ਲਿਖਦਾ ਹੈ ਕਿ ਪੂੰਜੀਵਾਦ ਨੇ ਸਾਡੇ ਲੋਕਾਂ ਤੋਂ ਉਨ੍ਹਾਂ ਦੀ ਅਣਖ ਅਤੇ ਮਟਕ ਖੋਹ ਲਈ ਹੈ। ਹੋਰਨਾ ਸਭਿਆਚਾਰਾਂ ਨਾਲ ਜੁੜੇ ਲੋਕਾਂ ਵਾਂਗ ਪੰਜਾਬ ਦੇ ਲੋਕ ਵੀ ਪੂੰਜੀ ਇਕੱਤਰ ਕਰਨ ਵਾਸਤੇ ਆਪਣੀ ਪੰਜਾਬੀਅਤ ਅਤੇ ਜ਼ਮੀਰ ਨਾਲ ਬਹੁਤ ਸਾਰੇ ਸਮਝੌਤੇ ਕਰ ਰਹੇ ਹਨ। ਇਹ ਕਾਰਨ ਹੈ ਕਿ ਮੌਜੂਦਾ ਸਮੇਂ ਵਿਚ ਪੰਜਾਬੀ ਸਭਿਆਚਾਰ ਬਹੁਤ ਸਾਰੇ ਦਬਾਵਾਂ, ਤਣਾਵਾਂ ਅਤੇ ਅੰਤਰ-ਵਿਰੋਧਾਂ ਵਿਚੋਂ ਦੀ ਗੁਜ਼ਰ ਰਿਹਾ ਹੈ। ਜੇ ਪੰਜਾਬੀ ਲੋਕਾਂ ਨੇ ਇਸ ਸੰਕਟ ਨੂੰ ਗੰਭੀਰ ਰੂਪ ਵਿਚ ਨਾ ਲਿਆ ਤਾਂ ਪੰਜਾਬੀ ਸਭਿਆਚਾਰ ਦੀ ਸੁੱਚਤਾ ਅਤੇ ਸੱਚਤਾ ਖ਼ਤਰੇ ਵਿਚ ਪੈ ਜਾਵੇਗੀ।

### 5.2 ਸਾਰ

ਡਾ. ਗੁਰਬਖ਼ਸ਼ ਸਿੰਘ ਫਰੈਂਕ ਦਾ ਵਿਚਾਰ ਹੈ ਕਿ ਹਰ ਸਭਿਆਚਾਰ ਕਿਸੇ-ਨਾ-ਕਿਸੇ ਬੁਨਿਆਦੀ *ਕਦਰ-ਪ੍ਰਣਾਲੀ* ਦੇ ਆਲੇ-ਦੁਆਲੇ ਉਸਰਦਾ ਹੈ। ਇਸ ਪ੍ਰਸੰਗ ਵਿਚ ਜੇ ਅਸੀਂ ਪੰਜਾਬੀ ਸਭਿਆਚਾਰ ਦਾ ਅਧਿਐਨ-ਵਿਸ਼ਲੇਸ਼ਣ ਕਰੀਏ ਤਾਂ ਸਾਨੂੰ ਬਹੁਤ ਸਾਰੀਆਂ ਕਦਰਾਂ-ਕੀਮਤਾਂ ਪੰਜਾਬੀਅਤ ਦੀ ਆਤਮਾ ਪ੍ਰਤੀਤ ਹੋਣਗੀਆਂ, ਜਿਵੇਂ ਬਹਾਦਰੀ, ਪ੍ਰਾਹੁਣਾਚਾਰੀ, ਉਦਾਰਤਾ ਅਤੇ ਧਾਰਮਿਕਤਾ ਆਦਿਕ। ਪਰੰਤੂ ਇਹ ਗੁਣ ਥੋੜ੍ਹੇ ਬਹੁਤੇ ਫ਼ਰਕ ਨਾਲ ਹਰੇਕ ਸਭਿਆਚਾਰ ਵਿਚ ਮੌਜੂਦ ਹੁੰਦੇ ਹਨ ਅਤੇ ਸਾਰੀ ਦੁਨੀਆਂ ਦੇ ਲੋਕ ਇਨ੍ਹਾਂ ਕਦਰਾਂ-ਕੀਮਤਾਂ ਦੀ ਪ੍ਰਸ਼ੰਸਾ ਕਰਦੇ ਹਨ।

5.2.1 ਲੇਖਕ ਅਨੁਸਾਰ ਪੰਜਾਬੀ ਸਭਿਆਚਾਰ ਵਿਚ ਕਿਸੇ ਦੀ ਗ਼ੁਲਾਮੀ ਜਾਂ ਅਧੀਨਗੀ ਕਰਨ ਨੂੰ ਸਭ ਤੋਂ ਮਾੜਾ, ਨਖਿੱਧ ਅਤੇ ਅਨੁਚਿਤ ਕਰਮ ਸਮਝਿਆ ਗਿਆ ਹੈ। ਸ਼ੇਖ਼ ਫ਼ਰੀਦ ਜੀ ਇਸ ਕਰਮ ਦਾ ਖੰਡਣ ਕਰਦੇ ਫੁਰਮਾਉਂਦੇ ਹਨ :

ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨਾ ਦੇਹਿ।।
ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ।।੪੩।।

5.2.2 ਪ੍ਰੋ. ਪੂਰਨ ਸਿੰਘ, ਪੰਜਾਬੀਆਂ ਦੇ ਸੁਭਾਅ ਦਾ ਖ਼ੁਲਾਸਾ ਕਰਦਾ ਹੋਇਆ ਆਪਣੀ ਇਕ ਕਵਿਤਾ ਵਿਚ ਲਿਖਦਾ ਹੈ :

ਪਿਆਰ ਨਾਲ ਇਹ ਕਰਨ ਗ਼ੁਲਾਮੀ
ਜਾਨ ਕੋਹ ਆਪਣੀ ਵਾਰ ਦਿੰਦੇ
ਪਰ ਟੈਂ ਨਾ ਮੰਨਣ ਕਿਸੇ ਦੀ

ਖਲੋ ਜਾਣ ਡਾਂਗਾਂ ਮੋਢੇ ਤੇ ਉਲਾਰਦੇ।

(ਜਵਾਨ ਪੰਜਾਬ ਦੇ)

**5.2.3** ਡਾ. ਦੀਵਾਨ ਸਿੰਘ ਕਾਲੇਪਾਣੀ ਗ਼ੁਲਾਮੀ ਦੀ ਲਾਅਨਤ ਨੂੰ ਬਿਆਨ ਕਰਦਾ ਹੋਇਆਂ ਪੰਜਾਬੀਆਂ ਨੂੰ ਹਰ ਪ੍ਰਕਾਰ ਦੇ ਬੰਧਨਾਂ ਤੋਂ ਆਜ਼ਾਦ ਵੇਖਣਾ ਚਾਹੁੰਦਾ ਹੈ :

ਮੈਂ ਆਪਣੇ ਬੰਦਿਆਂ ਵਾਸਤੇ ਗ਼ੁਲਾਮੀ ਹਰਾਮ ਕੀਤੀ ਸੀ
ਮੇਰੇ ਬੰਦੇ ਫਿਰ ਗ਼ੁਲਾਮ ਨੇ ਕਿਉਂ ?.....
ਇਹ ਕੀ ਹੈ ਆਲ, ਜਾਲ, ਜੰਜਾਲ
ਮੇਰੇ ਬੰਦਿਆਂ ਨੂੰ ਬੰਨ੍ਹੇ ਬੰਨ੍ਹਣ
ਧਰਮ, ਮਜ਼੍ਹਬ, ਸ਼ਰ੍ਹਾ, ਸ਼ਿਕੰਜੇ-ਵਹਿਮ ਭੁਲੇਖੇ।

(ਪੁਕਾਰ ਮੇਰੇ ਰੱਬ ਦੀ)

**5.2.4** ਇਨ੍ਹਾਂ ਹਵਾਲਿਆਂ ਦੁਆਰਾ ਡਾ. ਫਰੈਂਕ ਸਪਸ਼ਟ ਕਰ ਦਿੰਦਾ ਹੈ ਕਿ ਅਣਖ, *ਸ੍ਵੈਧੀਨਤਾ* ਅਤੇ ਆਤਮ-ਸਨਮਾਨ ਪੰਜਾਬੀ ਸਭਿਆਚਾਰ ਦੀਆਂ ਪ੍ਰਮੁੱਖ ਅਤੇ ਮਹੱਤਵਪੂਰਨ ਕਦਰਾਂ ਹਨ। ਇਸੇ ਦੇ ਹਵਾਲੇ ਨਾਲ ਪੰਜਾਬੀ ਸਭਿਆਚਾਰ ਦੇ ਹੋਰ ਲੱਛਣ ਅਰਥ ਗ੍ਰਹਿਣ ਕਰਦੇ ਹਨ। ਪੰਜਾਬੀ ਸਭਿਆਚਾਰ ਵਿਚ ਸ੍ਵੈਧੀਨਤਾ ਦਾ ਅਰਥ ਆਪਹੁਦਰਾਪਣ ਜਾਂ ਮਨ-ਮਰਜ਼ੀ ਨਹੀਂ ਹੈ ਬਲਕਿ ਪੰਜਾਬ ਦੇ ਲੋਕਾਂ ਲਈ ਸ੍ਵੈਧੀਨਤਾ ਦਾ ਅਰਥ ਇਹ ਹੈ ਕਿ ਕੋਈ ਸ਼ਕਤੀਸ਼ਾਲੀ ਜਾਂ ਜ਼ਾਲਮ ਧਿਰ, ਨਿਰਬਲਾਂ ਅਤੇ ਮਜ਼ਲੂਮਾਂ ਨੂੰ ਦਬਾਏ ਜਾਂ ਕੁਚਲੇ ਨਾ, ਬਲਕਿ ਹਰ ਵਿਅਕਤੀ ਪੂਰਨ ਆਜ਼ਾਦੀ ਨਾਲ ਆਪਣਾ ਜੀਵਨ ਜਿਉਂ ਸਕੇ। ਪੰਜਾਬੀ ਸਭਿਆਚਾਰ ਵਿਚ ਰੱਬ ਅਤੇ ਮਨੁੱਖ ਵਿਚਲਾ ਰਿਸ਼ਤਾ ਵੀ ਪਿਆਰ ਦਾ ਹੈ, ਮਾਲਕ-ਗ਼ੁਲਾਮ ਦਾ ਨਹੀਂ। ਇਸੇ ਲਈ ਧੰਨੇ ਵਰਗਾ ਭਗਤ ਰੱਬ ਦੇ ਸਨਮੁਖ ਆਪਣੀਆਂ ਮੰਗਾਂ ਦਾ ਸੂਚੀ-ਪੱਤਰ ਪੇਸ਼ ਕਰ ਸਕਦਾ ਹੈ। ਜੇ ਰੱਬ ਨੇ ਆਪਣੀ ਭਗਤੀ ਕਰਾਉਣੀ ਹੈ ਤਾਂ ਉਸ ਨੂੰ ਆਪਣੇ ਭਗਤ ਦੀਆਂ ਮੰਗਾਂ ਪੂਰੀਆਂ ਕਰਨੀਆਂ ਪੈਣੀਆਂ ਹਨ।

**5.2.5** ਪੰਜਾਬੀ ਸਭਿਆਚਾਰ ਕਿਸੇ ਇਕ ਧਰਮ ਜਾਂ ਜਮਾਤ ਦੀ ਮਲਕੀਅਤ ਨਹੀਂ ਹੈ। ਇਹ ਹਿੰਦੂਆਂ, ਸਿੱਖਾਂ ਮੁਸਲਮਾਨਾਂ ਅਤੇ ਈਸਾਈਆਂ ਆਦਿ ਸਭ ਧਰਮਾਂ ਦਾ ਸਾਂਝਾ ਹੈ। ਪੰਜਾਬੀ ਲੋਕਾਂ ਨੂੰ ਕਿਸੇ ਓਪਰੇ ਜਾਂ ਵਿਦੇਸ਼ੀ ਸਭਿਆਚਾਰ ਵਿਚ ਵਿਚਰਦਿਆਂ ਵੇਖੋ। ਉਨ੍ਹਾਂ ਦਾ ਧਰਮ ਭਾਵੇਂ ਕੋਈ ਵੀ ਹੋਵੇ, ਉਨ੍ਹਾਂ ਦਾ ਵਿਹਾਰ ਮੂੰਹੋਂ ਬੋਲੇਗਾ ਕਿ ਉਹ ਪੰਜਾਬੀ ਹਨ। ਰੋਜ਼ੀ-ਰੋਟੀ ਦੀ ਤਲਾਸ਼ ਵਿਚ ਦੇਸ਼-ਵਿਦੇਸ਼ ਭਟਕਦੇ ਹੋਏ ਪੰਜਾਬੀ ਵੀ ਹੱਥ ਅੱਡ ਕੇ ਖਾਣ ਨਾਲੋਂ ਹੱਡ ਭੰਨ ਕੇ ਰੋਜ਼ੀ ਕਮਾਉਣੀ ਠੀਕ ਸਮਝਦੇ ਸਨ। ਇਸੇ ਲਈ ਉਹ ਸਮਾਂ ਪਾ ਕੇ *ਸਥਾਨਕ ਆਰਥਿਕਤਾ* ਦਾ ਅੰਗ ਬਣ ਜਾਂਦੇ ਹਨ, ਬਾਹਰਲੇ ਜਾਂ ਗ਼ੈਰ ਨਹੀਂ ਰਹਿੰਦੇ। ਪੰਜਾਬੀਆਂ ਦੀ ਇਸੇ ਫ਼ਿਤਰਤ ਕਾਰਨ ਉਨ੍ਹਾਂ ਉਪਰ ਰਸ਼ਕ ਕੀਤਾ ਜਾਂਦਾ ਹੈ।

**5.2.6** *ਆਰਥਿਕ-ਪਦਾਰਥਕ* ਸਥਿਤੀਆਂ ਦੇ ਬਦਲ ਜਾਣ ਨਾਲ ਹਰ ਸਭਿਆਚਾਰ ਉਤੇ ਕੁਝ ਦਬਾਉ ਵੀ ਪੈਂਦੇ ਹਨ, ਜਿਨ੍ਹਾਂ ਕਾਰਨ ਲੋਕ ਤਣਾਉਗ੍ਰਸਤ ਹੋਣ ਲੱਗਦੇ ਹਨ। ਪਰ ਜਿਹੜੇ ਸਭਿਆਚਾਰ ਇਨ੍ਹਾਂ ਦਬਾਵਾਂ ਦੇ ਕਾਰਨ ਆਪਣੀਆਂ ਮੂਲ ਕਦਰਾਂ-ਕੀਮਤਾਂ ਤੋਂ ਬੇਮੁਖ ਹੋ ਜਾਂਦੇ ਹਨ, ਉਹ ਦੁਨੀਆਂ ਦੇ ਨਕਸ਼ੇ ਤੋਂ ਮਿਟ ਜਾਂਦੇ ਹਨ। ਪਰ ਜਿਹੜੇ ਲੋਕ ਆਪਣੀਆਂ ਕਦਰਾਂ-ਕੀਮਤਾਂ ਨੂੰ ਬਚਾ-ਸੰਭਾਲ ਕੇ, ਬਦਲੀਆਂ ਪਰਿਸਥਿਤੀਆਂ ਅਨੁਸਾਰ ਇਨ੍ਹਾਂ ਵਿਚ ਨਵੀਂ ਵਸਤੂ ਭਰ ਦਿੰਦੇ ਹਨ, ਉਹ ਨਾ ਕੇਵਲ ਸੰਕਟ ਨੂੰ ਟਾਲ ਦਿੰਦੇ ਹਨ ਬਲਕਿ ਹੋਰ ਮਜ਼ਬੂਤ ਹੋ ਜਾਂਦੇ ਹਨ। ਪੰਜਾਬੀ ਸਭਿਆਚਾਰ ਬਹੁਤ ਸਾਰੇ ਸੰਕਟਾਂ ਵਿਚੋਂ ਹੁੰਦਾ ਹੋਇਆ ਵਧੇਰੇ ਮਜ਼ਬੂਤ ਹੋ ਕੇ ਨਿਕਲਦਾ ਰਿਹਾ ਹੈ। ਅਜੋਕੇ ਪੂੰਜੀਵਾਦੀ ਦੌਰ ਵਿਚ ਪੰਜਾਬੀ ਸਭਿਆਚਾਰ ਬਹੁਤ ਸਾਰੇ ਦਬਾਵਾਂ ਅਤੇ ਸੰਕਟਾਂ ਦੇ ਰੂ-ਬ-ਰੂ ਹੈ। ਜਿਸ ਦੌਰ ਵਿਚੋਂ ਅਸੀਂ ਅੱਜ ਗੁਜ਼ਰ ਰਹੇ ਹਾਂ, ਇਸ ਵਿਚ ਪੈਸਾ ਹੀ ਇੱਕੋ-ਇੱਕ ਹਕੀਕਤ ਬਣ ਕੇ ਰਹਿ ਗਿਆ ਹੈ। ਇਸ ਦੀ ਪ੍ਰਾਪਤੀ ਲਈ ਅਸੀਂ ਆਪਣੀਆਂ ਸਭਿਆਚਾਰਕ ਕਦਰਾਂ-ਕੀਮਤਾਂ ਨੂੰ ਤਿਲਾਂਜਲੀ ਦਿੰਦੇ ਜਾ ਰਹੇ ਹਾਂ। ਗੁਰੂ ਨਾਨਕ ਦੇਵ ਜੀ ਨੇ ਪੈਸੇ ਦੀ ਹਕੀਕਤ ਨੂੰ

ਸਪਸ਼ਟ ਕਰਦਿਆਂ ਹੋਇਆਂ ਫੁਰਮਾਇਆ ਸੀ :

ਪਾਪਾਂ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ।।

5.2.7 ਪਰੰਤੂ ਹੋਰ ਸਭਿਆਚਾਰਾਂ ਵਾਂਗ ਪੰਜਾਬੀ ਲੋਕ ਵੀ ਪੈਸਾ ਇਕੱਠਾ ਕਰਨ ਦੀ ਹੋੜ ਜਾਂ ਦੌੜ ਵਿਚ ਸ਼ਾਮਲ ਹੋ ਗਏ ਹਨ। *ਪੂੰਜੀਵਾਦੀ ਸਭਿਆਚਾਰ* ਨੇ ਅਣਖ, ਸੁੈਧੀਨਤਾ ਅਤੇ ਸ੍ਵੈਮਾਨ ਵਰਗੀਆਂ ਸਾਡੀਆਂ ਕੇਂਦਰੀ ਕਦਰਾਂ-ਕੀਮਤਾਂ ਨੂੰ ਖੋਰਾ ਲਾਉਣਾ ਸ਼ੁਰੂ ਕਰ ਦਿੱਤਾ ਹੈ। ਹੁਣ ਦੇਖਣਾ ਸਿਰਫ਼ ਇਹ ਹੈ ਕਿ ਕੀ ਪੰਜਾਬੀ ਲੋਕ ਆਪਣੀਆਂ ਕੇਂਦਰੀ ਕਦਰਾਂ-ਕੀਮਤਾਂ ਨੂੰ ਬਚਾ ਸਕਦੇ ਹਨ ਜਾਂ ਨਹੀਂ। ਜੇ ਉਹ ਇਨ੍ਹਾਂ ਕਦਰਾਂ-ਕੀਮਤਾਂ ਨੂੰ ਨਾ ਬਚਾ ਸਕੇ ਤਾਂ ਪੰਜਾਬੀ ਸਭਿਆਚਾਰ ਟੁਕੜੇ-ਟੁਕੜੇ ਹੋ ਜਾਵੇਗਾ ਅਤੇ ਇਸਦੇ ਨਾਲ ਹੀ ਸਾਡੀ ਸ਼ਨਾਖਤ ਅਤੇ ਸ੍ਵੈ-ਪਹਿਚਾਣ ਵੀ ਖ਼ਤਮ ਹੋ ਜਾਵੇਗੀ। ਇਸ ਤਰ੍ਹਾਂ ਲੇਖਕ ਨੇ ਪੰਜਾਬੀਆਂ ਨੂੰ ਆਪਣੇ ਸਭਿਆਚਾਰ ਦੀ ਅਖੰਡਤਾ ਅਤੇ ਸੁੱਚਮਤਾ ਨੂੰ ਬਚਾਉਣ ਲਈ ਭਰਪੂਰ ਚੁਣੌਤੀ ਦਿੱਤੀ ਹੈ।

### 5.3 ਸ਼ੈਲੀ

ਡਾ. ਗੁਰਬਖ਼ਸ਼ ਸਿੰਘ ਫਰੈਂਕ ਨੇ ਆਪਣੇ ਇਸ ਲੇਖ ਨੂੰ ਆਧੁਨਿਕ ਨਿੱਕੀ ਕਹਾਣੀ ਵਾਂਗ ਕੇਵਲ ਇਕ ਧੁਰੀ ਉਪਰ ਕੇਂਦ੍ਰਿਤ ਕੀਤਾ ਹੈ ਅਤੇ ਉਹ ਧੁਰੀ ਹੈ ਕਿ ਪੰਜਾਬੀ ਸਭਿਆਚਾਰ ਦੀ ਕੇਂਦਰੀ ਕੜੀ ਜਾਂ ਕੀਮਤ ਕਿਹੜੀ ਹੈ? ਕਹਾਣੀ ਵਾਂਗ ਹੀ ਉਹ ਇਸ ਪ੍ਰਸ਼ਨ ਨੂੰ ਲਮਕਾਈ ਗਿਆ ਹੈ ਅਤੇ ਦੋ-ਤਿੰਨ ਪੰਨੇ ਲਿਖੇ ਜਾਣ ਤੋਂ ਬਾਅਦ ਹੀ ਉਸਨੇ ਇਹ ਦੱਸਿਆ ਹੈ ਕਿ ਪੰਜਾਬੀ ਸਭਿਆਚਾਰ ਦੀ ਕੇਂਦਰੀ ਕੜੀ ਸੁੈਧੀਨਤਾ ਅਰਥਾਤ ਸੁਤੰਤਰਤਾ ਹੈ। ਇਸ ਵਿਧੀ ਨੂੰ *'ਡੀਡਕਟਿਵ ਲਾਜਿਕ'* (deductive logic) ਦੀ ਵਿਧੀ ਆਖਦੇ ਹਨ ਅਰਥਾਤ ਕਿਸੇ ਸਮੱਸਿਆ ਦਾ ਉੱਤਰ ਆਪਣੇ ਆਪ ਬਾਹਰ ਆ ਜਾਵੇ। ਸੁਕਰਾਤ ਵੀ ਆਪਣੇ ਵਿਦਿਆਰਥੀਆਂ ਦੀਆਂ ਸ਼ੰਕਾਵਾਂ ਦੇ ਉੱਤਰ ਦੇਣ ਸਮੇਂ ਇਸੇ ਵਿਧੀ ਦਾ ਪ੍ਰਯੋਗ ਕਰਦਾ ਸੀ। ਲੇਖਕ ਨੇ ਦਲੀਲਮਈ ਸ਼ੈਲੀ ਦੁਆਰਾ ਆਪਣੇ ਮੱਤ ਦੀ ਪੇਸ਼ਕਾਰੀ ਕੀਤੀ ਹੈ। ਆਪਣੇ ਮੱਤ ਦੀ ਪੁਸ਼ਟੀ ਲਈ ਉਸਨੇ ਸ਼ੇਖ਼ ਫ਼ਰੀਦ, ਪ੍ਰੋ. ਪੂਰਨ ਸਿੰਘ, ਸ. ਕਰਤਾਰ ਸਿੰਘ ਦੁੱਗਲ ਅਤੇ ਡਾ. ਦੀਵਾਨ ਸਿੰਘ ਕਾਲੇਪਾਣੀ ਦੀਆਂ ਕਵਿਤਾਵਾਂ ਵਿਚੋਂ ਟੂਕਾਂ ਵੀ ਪ੍ਰਸਤੁਤ ਕੀਤੀਆਂ ਹਨ। ਲੇਖਕ ਆਪਣੇ ਮੱਤ ਨੂੰ ਪਾਠਕਾਂ ਉਪਰ ਠੋਸਦਾ ਨਹੀਂ ਬਲਕਿ ਆਪਣੇ ਵੱਲੋਂ ਸੁਝਾਉ ਪੇਸ਼ ਕਰਕੇ ਵਿਚਾਰ-ਚਰਚਾ ਨੂੰ ਖੁਲ੍ਹੀ ਛੱਡ ਦਿੰਦਾ ਹੈ। ਪਾਠਕ ਦੀ ਮਰਜ਼ੀ ਹੈ, ਉਹ ਜਿਹੜਾ ਮਰਜ਼ੀ ਰਸਤਾ ਚੁਣ ਲਵੇ। ਇਉਂ ਇਹ ਲੇਖ ਡਾ. ਗੁਰਬਖ਼ਸ਼ ਸਿੰਘ ਫਰੈਂਕ ਦੀਆਂ ਬ੍ਰਿਤਾਂਤ-ਵਿਧੀਆਂ ਅਤੇ ਲਿਖਣ-ਸ਼ੈਲੀ ਦਾ ਇਕ ਬੜਾ ਪ੍ਰਮਾਣਿਕ ਨਮੂਨਾ ਪੇਸ਼ ਕਰਦਾ ਹੈ।

## 6 ਸਾਰ

ਇਸ ਪਾਠ ਵਿਚ ਅਸੀਂ ਸਾਡੀ ਪਾਠ-ਪੁਸਤਕ ਵਿਚ ਸ਼ਾਮਿਲ ਤਿੰਨ ਲੇਖਾਂ ਦੇ ਉਨ੍ਹਾਂ ਪੱਖਾਂ ਬਾਰੇ ਚਰਚਾ ਕੀਤੀ ਹੈ ਜਿਨ੍ਹਾਂ ਪੱਖਾਂ ਬਾਰੇ ਇਮਤਿਹਾਨ ਵਿਚ ਪ੍ਰਸ਼ਨ ਪੁੱਛੇ ਜਾਣੇ ਹਨ।

## 7 ਔਖੇ ਸ਼ਬਦਾਂ ਦੇ ਅਰਥ

- *ਸਭਿਆਚਾਰ ਸ਼ਾਸਤਰੀ* : ਸਭਿਆਚਾਰ ਦਾ ਅਧਿਐਨ ਕਰਨ ਵਾਲਾ
- *ਚਿੰਨ੍ਹਾਤਮਕ* : ਕਿਸੇ ਵਿਸ਼ੇਸ਼ ਵਸਤ ਜਾਂ ਗੱਲ ਵੱਲ ਸੰਕੇਤ ਕਰਦੇ ਸ਼ਬਦ
- *ਅਨੁਕੂਲਣ ਦੀ ਪ੍ਰਕਿਰਿਆ* : ਕਿਸੇ ਦੂਜੇ ਦੇ ਪ੍ਰਭਾਵ ਨਾਲ ਬਦਲ ਜਾਣਾ
- *ਕ੍ਰਿਆਸ਼ੀਲ* : ਹਰਕਤ ਵਿਚ ਰਹਿਣਾ
- *ਆਧਾਰ-ਪ੍ਰਬੰਧ* : ਕਿਸੇ ਸਮਾਜ ਦੇ ਉਹ ਆਰਥਿਕ ਸਾਧਨ ਜਿਹੜੇ ਸਭਿਆਚਾਰ ਦੀ ਨੀਂਹ ਬਣਦੇ ਹਨ।
- *ਖਪਤਕਾਰੀ ਵਸਤੂ* : ਜਿਸਨੂੰ ਭੋਜਿਆ ਜਾ ਸਕੇ
- *ਪ੍ਰਵਚਨ* : ਸਾਧਾਂ-ਸੰਤਾਂ ਦੇ ਭਾਸ਼ਣ
- *ਵਰਤਾਰਾ* : ਜੋ ਆਲੇ-ਦੁਆਲੇ ਵਾਪਰ ਰਿਹਾ ਹੋਵੇ

- *ਵਿਕ੍ਰਤ* : ਵਿਗੜਿਆ ਹੋਇਆ
- *ਸਭਿਆਚਾਰਕ ਚਿੰਨ੍ਹ* : ਸਭਿਆਚਾਰ ਨੂੰ ਪੇਸ਼ ਕਰਨ ਵਾਲੇ ਸੰਕੇਤ
- *ਸਭਿਆਚਾਰਕ ਇਨਕਲਾਬ* : ਸਭਿਆਚਾਰ ਦੇ ਖੇਤਰ ਵਿਚ ਆਈ ਕ੍ਰਾਂਤੀ
- *ਕੋਡ* : ਵਿਸ਼ੇਸ਼ ਸੰਕੇਤ
- *ਸੰਕਲਪਗਤ* : ਸੰਕਲਪਾਂ ਦੀ ਭਾਸ਼ਾ ਵਿਚ
- *ਕਿਫ਼ਾਇਤ* : ਸੰਜਮ
- *ਆਤਮ-ਵਿਸ਼ਵਾਸੀ* : ਆਪਣੇ ਆਪ ਉਤੇ ਭਰੋਸਾ
- *ਪੂੰਜੀਵਾਦੀ* : ਮੁਨਾਫ਼ੇ ਨੂੰ ਮਹੱਤਵ ਦੇਣ ਵਾਲੀ ਵਿਵਸਥਾ
- *ਵਿਪਰੀਤ* : ਉਲਟ
- *ਸਭਿਆਚਾਰਕ-ਰਾਜਨੀਤਕ* : ਵਿਰਸੇ ਦਾ ਘਟਨਾ-ਕ੍ਰਮ

*ਇਤਿਹਾਸ*

- *ਆਗਮਨ* : ਪਹੁੰਚਣਾ
- *ਸਭਿਆਚਾਰਕ ਬੁਣਤੀ* : ਵੱਖ ਵੱਖ ਸਭਿਆਚਾਰਕ ਇਕਾਈਆਂ ਦਾ ਤਾਣਾ-ਬਾਣਾ
- *ਆਧਾਰਸ਼ਿਲਾ* : ਨੀਂਹ
- *ਲੋਕਯਾਨ* : ਲੋਕਧਾਰਾ ਦੇ ਰੂਪ ਵਿਚ ਮਿਲਦਾ ਗਿਆਨ
- *ਪੂੰਜੀਵਾਦੀ ਯੁਗ* : ਮੁਨਾਫ਼ੇ ਨੂੰ ਮਹੱਤਵ ਦੇਣ ਵਾਲਾ ਯੁਗ
- *ਕਦਰ-ਪ੍ਰਨਾਲੀ* : ਕਦਰਾਂ-ਕੀਮਤਾਂ ਦਾ ਸਮੂਹ
- *ਉਦਾਰਤਾ* : ਖੁੱਲ੍ਹੇ ਸੁਭਾਅ ਦੀ ਪੈਰਵੀ
- *ਸਥਾਨਕ ਆਰਥਿਕਤਾ* : ਕਿਸੇ ਵਿਸ਼ੇਸ਼, ਛੋਟੇ ਖਿੱਤੇ ਦੇ ਸੰਦ-ਸਾਧਨ

**ਮਹੱਤਵਪੂਰਨ ਪ੍ਰਸ਼ਨ** : ਉਪਰੋਕਤ ਪਾਠ-ਸਾਮਗਰੀ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਉ।

1. ਸ਼ੇਖ ਫ਼ਰੀਦ ਨੇ ਆਪਣੇ ਸਾਈਂ ਤੋਂ ਕੀ ਮੰਗ ਕੀਤੀ ਹੈ?
2. ਪ੍ਰੋ. ਪੂਰਨ ਸਿੰਘ ਨੇ ਪੰਜਾਬੀਆਂ ਦੇ ਸੁਭਾਅ ਬਾਰੇ ਕੀ ਲਿਖਿਆ ਹੈ।
3. ਆਧੁਨਿਕ ਪੂੰਜੀਵਾਦੀ ਨਿਜ਼ਾਮ ਵਿਚ ਪੰਜਾਬੀ ਸਭਿਆਚਾਰ ਦੇ ਸਨਮੁਖ ਵੱਡੀ ਚੁਣੌਤੀ ਕੀ ਹੈ?

ਪਾਠ ਨੰ: 2.2 ਪ੍ਰੋ. ਬ੍ਰਹਮਜਗਦੀਸ਼ ਸਿੰਘ

## ਲੇਖ ਪੰਜਾਬੀ ਸਭਿਆਚਾਰ ਦਾ ਮੌਲਿਕ ਮੁਹਾਂਦਰਾ, ਪੰਜਾਬੀ ਸਭਿਆਚਾਰ ਤੇ ਨਾਰੀ ਅਤੇ ਪੰਜਾਬੀ ਕਿੱਸਾ ਦਾ ਵਿਸ਼ਾ-ਵਸਤੂ, ਸਾਰ ਅਤੇ ਸ਼ੈਲੀ

**1. ਭੂਮਿਕਾ**

ਤੁਹਾਡੇ ਸਿਲੇਬਸ ਦੀਆਂ ਜ਼ਰੂਰਤਾਂ ਅਨੁਸਾਰ ਇਸ ਪਾਠ ਵਿਚ ਉਪਰ ਸਿਰਲੇਖ ਵਿਚ ਦਰਸਾਏ ਤਿੰਨ ਲੇਖਾਂ ਬਾਰੇ ਮੁਕੰਮਲ ਜਾਣਕਾਰੀ ਦਿੱਤੀ ਜਾਵੇਗੀ।

**2. ਮੰਤਵ**

ਇਸ ਪਾਠ ਦਾ ਮੰਤਵ ਤਿੰਨਾਂ ਲੇਖਾਂ ਦੇ ਵਿਸ਼ੇ-ਵਸਤੂ, ਸਾਰ ਅਤੇ ਸ਼ੈਲੀ ਵਾਲੇ ਪੱਖਾਂ ਬਾਰੇ ਚਰਚਾ ਕਰਨਾ ਹੈ ਤਾਂ ਕਿ ਤੁਸੀਂ ਇਮਤਿਹਾਨ ਵਿਚ ਬਿਹਤਰ ਢੰਗ ਨਾਲ ਪ੍ਰਸ਼ਨਾਂ ਦਾ ਹੱਲ ਕਰ ਸਕੋਂ।

**3. ਰੂਪ-ਰੇਖਾ**

3.1 ਮੂਲ ਪਾਠ
3.2 ਲੇਖ ਪੰਜਾਬੀ ਸਭਿਆਚਾਰ ਦਾ ਮੌਲਿਕ ਮੁਹਾਂਦਰਾ ਦਾ ਵਿਸ਼ਾ-ਵਸਤੂ
3.3 ਲੇਖ ਦਾ ਸਾਰ
3.4 ਲੇਖ ਦੀ ਸ਼ੈਲੀ

**4. ਲੇਖ ਪੰਜਾਬੀ ਸਭਿਆਚਾਰ ਤੇ ਨਾਰੀ ਦਾ ਵਿਸ਼ਾ-ਵਸਤੂ**

4.1 ਲੇਖ ਦਾ ਸਾਰ
4.2 ਲੇਖ ਦੀ ਸ਼ੈਲੀ

**5. ਲੇਖ ਪੰਜਾਬੀ ਕਿੱਸਾ ਦਾ ਵਿਸ਼ਾ-ਵਸਤੂ**

5.1 ਲੇਖ ਦਾ ਸਾਰ
5.2 ਲੇਖ ਦੀ ਸ਼ੈਲੀ

**6. ਸਾਰ**

**7. ਔਖੇ ਸ਼ਬਦਾਂ ਦੇ ਅਰਥ**

**8. ਮਹੱਤਵਪੂਰਨ ਪ੍ਰਸ਼ਨ**

**3.1 ਮੂਲ ਪਾਠ** : ਉਪਰ ਦੱਸੇ ਅਨੁਸਾਰ ਹੁਣ ਅਸੀਂ ਤਿੰਨਾਂ ਲੇਖਾਂ ਬਾਰੇ ਵਿਸਥਾਰ ਵਿਚ ਚਰਚਾ ਕਰਾਂਗੇ।

**3.2. ਲੇਖ ਪੰਜਾਬੀ ਸਭਿਆਚਾਰ ਦਾ ਮੌਲਿਕ ਮੁਹਾਂਦਰਾ ਦਾ ਵਿਸ਼ਾ-ਵਸਤੂ** :

ਇਸ ਲੇਖ ਵਿਚ ਡਾ. ਜਸਵਿੰਦਰ ਸਿੰਘ ਨੇ ਪੰਜਾਬੀ ਸਭਿਆਚਾਰ ਦੀ ਪ੍ਰਕ੍ਰਿਤੀ ਬਾਰੇ ਵਿਚਾਰ ਕਰਦਿਆਂ ਹੋਇਆ ਦਰਸਾਇਆ ਹੈ ਕਿ ਇਸ ਸਭਿਆਚਾਰ ਨੂੰ ਕਿਸੇ ਧਰਮ ਜਾਂ ਸੰਪਰਦਾਇ ਵਿਸ਼ੇਸ਼ ਨਾਲ ਜੋੜ ਕੇ ਨਹੀਂ ਸਮਝਿਆ ਜਾ ਸਕਦਾ। ਇਸ ਦਾ ਮੁਹਾਂਦਰਾ ਮੌਲਿਕ ਹੈ। ਪਰੰਤੂ ਪਿਛਲੇ ਕਾਫ਼ੀ ਸਮੇਂ ਤੋਂ ਇਸਦੀ ਮੌਲਿਕਤਾ ਨੂੰ ਪਛਾਣਨ ਦੀ ਬਜਾਇ, ਇਸ ਨੂੰ ਕਿਸੇ ਹੋਰ ਸਭਿਆਚਾਰ ਨਾਲ ਸੰਬੰਧਿਤ ਕਰਕੇ ਵੇਖਣ ਦੀਆਂ ਕੋਸ਼ਿਸ਼ਾਂ ਹੁੰਦੀਆਂ ਰਹੀਆਂ ਹਨ। ਪੰਜਾਬ ਪ੍ਰਦੇਸ਼, ਭਾਰਤ ਦਾ ਹਿੱਸਾ ਹੈ ਅਤੇ ਪੰਜਾਬ ਵਿਚੋਂ ਹੀ ਬ੍ਰਾਹਮਣੀ ਆਰਿਆਈ ਸਭਿਆਚਾਰ ਪ੍ਰਫੁਲਿਤ ਹੋਇਆ; ਇਸ

ਕਾਰਨ ਕਈ ਸਭਿਆਚਾਰ-ਵਿਗਿਆਨੀ ਪੰਜਾਬੀ ਸਭਿਆਚਾਰ ਨੂੰ ਬ੍ਰਾਹਮਣੀ-ਆਰਿਆਈ-ਸਭਿਆਚਾਰ ਦਾ ਹੀ ਇਕ ਵਿਸਤਾਰ ਮੰਨਣ ਦੀ ਭੁੱਲ ਕਰਦੇ ਹਨ। ਸਭਿਆਚਾਰ-ਵਿਗਿਆਨੀਆਂ ਦਾ ਇਕ ਹੋਰ ਵਰਗ ਪੰਜਾਬੀ ਸਭਿਆਚਾਰ ਨੂੰ ਸਿੱਖ-ਸਭਿਆਚਾਰ ਮੰਨਦਾ ਹੈ ਕਿਉਂਕਿ ਪਿਛਲੇ ਪੰਜ-ਛੇ ਸੌ ਵਰ੍ਹਿਆਂ ਤੋਂ ਪੰਜਾਬੀ ਸਭਿਆਚਾਰ ਨੂੰ ਸਿੱਖ ਇਤਿਹਾਸ ਨੇ ਇਕ ਨਰੋਈ ਅਤੇ ਇਨਕਲਾਬੀ ਸੇਧ ਦਿੱਤੀ ਰੱਖੀ ਹੈ। ਪਾਕਿਸਤਾਨ ਵਿਚ ਰਹਿਣ ਵਾਲੇ ਸਭਿਆਚਾਰ-ਵਿਗਿਆਨੀਆਂ ਦਾ ਮਤਿ ਹੈ ਕਿ ਪੰਜਾਬੀ ਸਭਿਆਚਾਰ ਇਸਲਾਮਿਕ ਕਦਰਾਂ-ਕੀਮਤਾਂ ਦਾ ਪ੍ਰਗਟਾਵਾ ਹੈ। ਪਰ ਅਸਲ ਵਿਚ ਇਹ ਤਿੰਨੇ ਹੀ ਮਤਿ ਇੱਕਪਾਸੜ, ਅਵਿਗਿਆਨਕ ਅਤੇ ਮਿਥਿਆ ਹਨ। ਪੰਜਾਬੀ ਸਭਿਆਚਾਰ ਪ੍ਰਤੀ ਇਕ ਹੋਰ ਪਹੁੰਚ ਰੋਮਾਂਟਿਕ ਲੋਕਾਂ ਦੀ ਹੈ। ਉਹ ਮੱਕੀ ਦੀ ਰੋਟੀ, ਸਰ੍ਹੋਂ ਦਾ ਸਾਗ, ਗੱਡੇ, ਮਧਾਣੀ ਜਾਂ ਚਰਖ਼ੇ ਆਦਿ ਨੂੰ ਪੰਜਾਬੀ ਸਭਿਆਚਾਰ ਦਾ ਕੇਂਦਰੀ ਮੋਟਿਫ਼ (ਚਿੰਨ੍ਹ) ਮੰਨਣ ਦੀ ਉਪਭਾਵੁਕਤਾ ਵਿਖਾਉਂਦੇ ਹਨ। ਡਾ. ਜਸਵਿੰਦਰ ਸਿੰਘ ਅਨੁਸਾਰ ਕਈ ਵਿਦਵਾਨ ਪੰਜਾਬੀ ਸਭਿਆਚਾਰ ਦੇ ਵੱਖ-ਵੱਖ ਦੌਰਾਂ ਵਿਚੋਂ ਕਿਸੇ ਇੱਕ ਨੂੰ ਸ਼ੁੱਧ ਅਤੇ ਪ੍ਰਮਾਣਿਕ ਮੰਨਕੇ ਬਾਕੀ ਦੌਰਾਂ ਨੂੰ ਅਪ੍ਰਮਾਣਿਕ ਘੋਸ਼ਿਤ ਕਰ ਦਿੰਦੇ ਹਨ। ਅਸਲ ਵਿਚ ਪੰਜਾਬੀ ਸਭਿਆਚਾਰ ਕਿਰਤੀ ਲੋਕਾਂ ਦੀ ਸਿਰਜਣਾ ਹੈ। ਕਮਾਈ ਕਰਨਾ ਅਤੇ ਇਸਨੂੰ ਆਪਣੇ ਹੱਕ-ਸੱਚ ਨਾਲ ਇਕਮਿਕ ਕਰਕੇ ਜੀਵਨ ਨੂੰ ਵਿਉਂਤਬੱਧ ਕਰਨਾ ਹੀ ਪੰਜਾਬੀ ਸਭਿਆਚਾਰ ਦਾ ਕੇਂਦਰੀ ਨੁਕਤਾ ਹੈ। ਪੰਜਾਬੀ ਸੁਭਾਅ ਕੰਮ ਨੂੰ ਮਨੁੱਖੀ ਹੋਂਦ ਦਾ ਪੂਰਕ ਮੰਨਦਾ ਹੈ। ਵਿਹਲੜ, ਕੰਮਚੋਰ, ਨਖੱਟੂ ਤੇ ਲੋਟੂ ਵਿਅਕਤੀਆਂ ਨੂੰ ਪੰਜਾਬੀ ਸਭਿਆਚਾਰ ਵਿਚ ਸਨਮਾਨ ਦੀ ਦ੍ਰਿਸ਼ਟੀ ਨਾਲ ਨਹੀਂ ਵੇਖਿਆ ਜਾਂਦਾ।

**3.3 ਸਾਰ**

ਡਾ. ਜਸਵਿੰਦਰ ਸਿੰਘ ਨੇ ਆਪਣੇ ਇਸ ਲੇਖ ਵਿਚ ਪੰਜਾਬੀ ਸਭਿਆਚਾਰ ਦੇ ਮੌਲਿਕ ਮੁਹਾਂਦਰੇ ਨੂੰ ਪਕੜਨ ਅਤੇ ਪੇਸ਼ ਕਰਨ ਦੀ ਇਕ ਸਫ਼ਲ ਕੋਸ਼ਿਸ਼ ਕੀਤੀ ਹੈ। ਉਸ ਦਾ ਵਿਚਾਰ ਹੈ ਕਿ ਪੰਜਾਬੀ ਸਭਿਆਚਾਰ ਦੀ ਪਛਾਣ ਦਾ ਮਸਲਾ ਕਾਫ਼ੀ ਗੁੰਝਲਦਾਰ ਹੈ। ਇਸ ਬਾਰੇ ਦਿੱਤੀਆਂ ਜਾਣ ਵਾਲੀਆਂ ਪਰਿਭਾਸ਼ਾਵਾਂ ਅਤੇ ਸਥਾਪਨਾਵਾਂ ਇਕ ਦੂਜੇ ਦੀਆਂ ਵਿਰੋਧੀ ਹੋ ਨਿੱਬੜਦੀਆਂ ਹਨ। ਅਸਲ ਵਿਚ ਹਰ ਵਿਦਵਾਨ ਆਪਣੀ-ਆਪਣੀ ਸੰਪਰਦਾਇ ਜਾਂ ਸ਼੍ਰੇਣੀ-ਹਿੱਤਾਂ ਨੂੰ ਮੁਖ ਰੱਖ ਕੇ ਆਪਣੇ ਨਿਰਣੇ ਪੇਸ਼ ਕਰਦਾ ਹੈ। ਸਾਡੇ ਲੋਕ ਨਿਰਪੱਖ ਢੰਗ ਨਾਲ ਕਿਸੇ ਮਸਲੇ ਬਾਰੇ ਸੋਚਣ-ਵਿਚਾਰਨ ਦੀ ਕੋਸ਼ਿਸ਼ ਹੀ ਨਹੀਂ ਕਰਦੇ। ਇਹੀ ਕਾਰਨ ਹੈ ਕਿ ਕੋਈ ਵੀ ਸੰਕਲਪ ਜਾਂ ਸਮੱਸਿਆ ਸਪਸ਼ਟ ਹੋਣ ਦੀ ਬਜਾਇ ਵਧੇਰੇ ਅਸਪਸ਼ਟ ਅਤੇ ਧੁੰਦਲੀ ਹੋ ਜਾਂਦੀ ਹੈ।

3.3.1 **ਸੰਪਰਦਾਇਕ ਰੁਝਾਣ** : ਪੰਜਾਬੀ ਸਭਿਆਚਾਰ ਨੂੰ ਸੰਪਰਦਾਇਕ ਦ੍ਰਿਸ਼ਟੀਕੋਣ ਤੋਂ ਵੇਖਣ ਦਾ ਰੁਝਾਣ ਬੜਾ ਪ੍ਰਬਲ ਰਿਹਾ ਹੈ। ਇਨ੍ਹਾਂ ਦ੍ਰਿਸ਼ਟੀਕੋਣਾਂ ਨਾਲ ਇਸਦਾ ਵਿਸ਼ਲੇਸ਼ਣ ਕਰਨ ਵਾਲੇ ਵਿਦਵਾਨ ਤਿੰਨ ਪ੍ਰਕਾਰ ਦੇ ਨਿਰਣੇ ਪੇਸ਼ ਕਰਦੇ ਹਨ। ਪਹਿਲਾ ਨਿਰਣਾ ਬ੍ਰਾਹਮਣੀ-ਆਰਿਆਈ ਦ੍ਰਿਸ਼ਟੀਕੋਣ ਰੱਖਣ ਵਾਲੇ ਵਿਦਵਾਨਾਂ ਦਾ ਹੈ। ਇਹ ਲੋਕ ਇਸ ਨੂੰ ਆਰਿਆਈ ਸਭਿਆਚਾਰ ਦਾ ਹੀ ਇਕ ਰੂਪ ਮੰਨਦੇ ਹਨ। ਉਨ੍ਹਾਂ ਦਾ ਮਤਿ ਹੈ ਕਿ ਪੰਜਾਬੀ ਸਭਿਆਚਾਰ, ਆਰਿਆਈ ਸਭਿਆਚਾਰ ਵਿਚੋਂ ਹੀ ਉਤਪੰਨ ਹੋਇਆ ਹੈ। ਇਸ ਕਾਰਨ ਇਸਦਾ ਕੋਈ ਮੌਲਿਕ ਜਾਂ ਨਿਆਰਾ ਮੁਹਾਂਦਰਾ ਨਹੀਂ ਹੈ। ਦੂਜਾ ਨਿਰਣਾ ਅਜਿਹੇ ਸਿੱਖ-ਵਿਦਵਾਨਾਂ ਦਾ ਹੈ ਜਿਹੜੇ ਪੰਜਾਬੀ ਸਭਿਆਚਾਰ ਨੂੰ ਸਿੱਖ ਵਿਚਾਰਧਾਰਾ ਜਾਂ ਦਰਸ਼ਨ ਵਿੱਚ ਉਪਜਿਆ ਮੰਨਦੇ ਹਨ। ਉਨ੍ਹਾਂ ਦਾ ਮਤਿ ਹੈ ਕਿ ਅੱਜ ਜੋ ਪੰਜਾਬੀ ਸਭਿਆਚਾਰ ਨਜ਼ਰ ਆਉਂਦਾ ਹੈ, ਉਹ ਸਿੱਖ ਲਹਿਰ ਦੀ ਦੇਣ ਹੈ: ਪੰਜਾਬ ਨਾ ਹਿੰਦੂ ਨਾ ਮੁਸਲਮਾਨ, ਪੰਜਾਬ ਸਾਰਾ ਜੀਂਦਾ ਗੁਰਾਂ ਦੇ ਨਾਮ ਤੇ। ਤੀਜਾ ਮਤਿ ਮੁਸਲਿਮ ਵਿਚਾਰਵਾਨਾਂ ਦਾ ਹੈ। ਪਾਕਿਸਤਾਨ ਨਾਲ ਸੰਬੰਧਿਤ ਇਹ ਵਿਦਵਾਨ ਸਮੁਚੇ ਪੰਜਾਬੀ ਸਭਿਆਚਾਰ ਨੂੰ ਕੇਵਲ ਇਸਲਾਮ ਦੇ ਹਵਾਲੇ ਨਾਲ ਵੇਖਦੇ ਹਨ। ਇਕ ਕੱਟੜਪੰਥੀ ਦੇਸ਼ ਦੇ ਨਾਗਰਿਕ ਹੋਣ ਦੇ ਕਾਰਨ ਅਜਿਹਾ ਮਤਿ ਪੇਸ਼ ਕਰਨਾਂ ਉਨ੍ਹਾਂ ਦੀ ਮਜ਼ਬੂਰੀ ਵੀ ਹੋ ਸਕਦਾ ਹੈ। ਪਰ ਇਨ੍ਹਾਂ ਵਿਚੋਂ ਕੋਈ ਵੀ ਮਤਿ ਪ੍ਰਮਾਣਿਕ ਅਤੇ ਸਤਿ ਨਹੀਂ ਹੈ।

3.3.2 **ਰੋਮਾਂਟਿਕ ਚਿੰਤਕ** : ਅੱਜ ਦੇ ਉਪਭੋਗਤਾਵਾਦੀ ਯੁਗ ਵਿਚ ਬਹੁਤੇ ਵਿਦਵਾਨ ਪੰਜਾਬੀ ਸਭਿਆਚਾਰ ਨੂੰ ਗਿਣਤੀ ਦੀਆਂ ਕੁਝ ਚੀਜ਼ਾਂ ਨਾਲ ਜੋੜ ਕੇ ਦੇਖਦੇ ਹਨ। ਉਨ੍ਹਾਂ ਲਈ ਪੰਜਾਬੀ ਸਭਿਆਚਾਰ ਮੱਕੀ ਦੀ ਰੋਟੀ, ਸਰ੍ਹੋਂ ਦਾ ਸਾਗ, ਘੱਗਰੇ, ਚਰਖ਼ੇ ਜਾਂ ਗੱਡੇ ਆਦਿ ਵਿਚ ਹੀ ਪਿਆ ਹੈ। ਇਸ ਲਈ ਜਦੋਂ ਕਦੇ ਪੰਜਾਬੀ ਸਭਿਆਚਾਰ ਦੀ ਗੱਲ

ਹੁੰਦੀ ਹੈ, ਇਹ ਲੋਕ ਇਨ੍ਹਾਂ ਚੀਜ਼ਾਂ ਦੀ ਨੁਮਾਇਸ਼ ਲਾ ਲੈਂਦੇ ਹਨ। ਇਨ੍ਹਾਂ ਵਿਚੋਂ ਕੁਝ ਲੋਕ ਅਜਿਹੇ ਵੀ ਹਨ ਜਿਹੜੇ ਪੰਜਾਬ ਦੇ ਇਤਿਹਾਸ ਵਿਚੋਂ ਕੋਈ ਇਕ ਦੌਰ ਚੁਣ ਕੇ ਉਸ ਨੂੰ ਪੰਜਾਬੀ ਸਭਿਆਚਾਰ ਦਾ ਪ੍ਰਤੀਨਿਧ ਕਾਲ ਮੰਨਦੇ ਹਨ। ਇਨ੍ਹਾਂ ਵਿਚੋਂ ਕੋਈ ਰਾਜੇ ਪੋਰਸ ਦੇ ਜ਼ਮਾਨੇ ਨੂੰ ਪੰਜਾਬੀ ਸਭਿਆਚਾਰ ਦਾ ਪ੍ਰਤੀਨਿਧ ਦੌਰ ਮੰਨਦਾ ਹੈ, ਕੋਈ ਗੁਰੂ ਕਾਲ ਨੂੰ ਅਤੇ ਕੋਈ ਮਹਾਰਾਜਾ ਰਣਜੀਤ ਸਿੰਘ ਦੇ ਕਾਲ ਨੂੰ। ਇਹ ਵਿਦਵਾਨ ਸਭਿਆਚਾਰ ਨੂੰ ਇਕ ਨਿਰੰਤਰ ਗਤੀਸ਼ੀਲ ਇਕਾਈ ਦੇ ਰੂਪ ਵਿਚ ਦੇਖਣ ਤੋਂ ਉੱਕ ਜਾਂਦੇ ਹਨ।

3.3.3 **ਕਿਰਤੀ ਲੋਕਾਈ ਦਾ ਜਮਾਤੀ ਖਾਸਾ : ਪੰਜਾਬੀ ਸਭਿਆਚਾਰ ਦੀ ਵਸਤੂ** : ਪੰਜਾਬੀ ਸਭਿਆਚਾਰ ਦੇ ਨਿਰਮਾਣ ਵਿਚ ਪੰਜਾਬ ਦੇ ਕਿਰਤੀ ਲੋਕਾਂ ਦੀ ਮਿਹਨਤ ਅਤੇ ਜੱਦੋਜਹਿਦ ਕਰਮਸ਼ੀਲ ਰਹੀ ਹੈ। ਇਸ ਸਭਿਆਚਾਰ ਦੇ ਜਿਹੜੇ ਗੁਣ-ਤੱਤ ਇਸ ਨੂੰ *ਬ੍ਰਾਹਮਣੀ ਸਭਿਆਚਾਰ* ਨਾਲੋਂ ਨਖੇੜਦੇ ਹਨ, ਉਹ ਇਹ ਹਨ ਕਿ ਪੰਜਾਬ ਦੇ ਕਿਰਤੀ ਲੋਕ ਆਪਣੀ ਕਿਰਤ-ਕਮਾਈ ਨੂੰ ਗੌਰਵਮਈ ਮੰਨਦੇ ਹਨ। ਕਮਾਈ ਕਰਨਾ ਤੇ ਇਸ ਨੂੰ ਆਪਣੇ ਹੱਕ-ਸੱਚ ਨਾਲ ਇਕਮਿਕ ਕਰਕੇ ਜੀਵਨ ਨੂੰ ਵਿਉਂਤਬਧ ਕਰਨਾ ਪੰਜਾਬੀ ਸਭਿਆਚਾਰ ਦਾ ਕੇਂਦਰੀ ਸਾਰ ਹੈ। ਗੁਰੂ ਨਾਨਕ ਸਾਹਿਬ ਨੇ ਪੰਜਾਬੀਆਂ ਨੂੰ ਇਸ ਕੇਂਦਰੀ ਕਦਰ ਦਾ *ਬੋਧ* ਕਰਵਾਉਂਦਿਆਂ ਹੋਇਆਂ ਫੁਰਮਾਇਆ ਸੀ :

ਘਾਲ ਖਾਇ ਕਿਛੁ ਹਥਹੁ ਦੇਇ।।
ਨਾਨਕ ਰਾਹ ਪਛਾਣੈ ਸੇਇ।।

3.3.4 **ਕੰਮ ਮਨੁੱਖੀ ਹੋਂਦ ਦਾ ਪੂਰਕ ਹੈ** : ਡਾ. ਜਸਵਿੰਦਰ ਸਿੰਘ ਨੇ ਪੰਜਾਬੀ ਸਭਿਆਚਾਰ ਦੀ ਕੇਂਦਰੀ ਇਕਾਈ ਨੂੰ ਪਕੜਦਿਆਂ ਬਿਲਕੁਲ ਠੀਕ ਲਿਖਿਆ ਹੈ ਕਿ ਪੰਜਾਬੀ ਸੁਭਾਅ ਕੰਮ ਨੂੰ ਮਨੁੱਖੀ ਹੋਂਦ ਦਾ ਪੂਰਕ ਮੰਨਦਾ ਹੈ। ਪੰਜਾਬੀ ਸਭਿਆਚਾਰ ਵਿਚ ਵਿਹਲੜਾਂ, ਕੰਮ-ਚੋਰਾਂ, ਨਖੱਟੂਆਂ ਅਤੇ ਲੋਟੂਆਂ ਲਈ ਕੋਈ ਥਾਂ ਨਹੀਂ ਹੈ। ਕੰਮ ਦੀ ਨਿਰੰਤਰ ਕਠੋਰ ਸਾਧਨਾਂ ਹੀ ਪੰਜਾਬੀਆਂ ਦੇ ਤਕੜੇ ਜੁੱਸੇ ਦਾ ਕਾਰਨ ਹੈ। ਪੰਜਾਬੀਆਂ ਦੀਆਂ ਮਨਭਾਉਂਦੀਆਂ ਖੇਡਾਂ-ਕਬੱਡੀ, ਸੌਂਚੀ, ਘੋਲ ਅਤੇ ਹਾਕੀ ਆਦਿ ਵੀ ਉਨ੍ਹਾਂ ਦੇ ਇਸੇ ਸਿਦਕ ਅਤੇ ਸਿਰੜ ਦਾ ਪ੍ਰਮਾਣ ਹਨ। ਪੰਜਾਬੀਆਂ ਦੇ ਨਾਚ ਅਤੇ ਮਨਪਰਚਾਵੇ - ਭੰਗੜਾ, ਗਿੱਧਾ, ਸ਼ਿਕਾਰ ਅਤੇ ਬਾਜ਼ੀ ਦੀ ਖੇਡ ਆਦਿਕ- ਵੀ ਉਨ੍ਹਾਂ ਦੇ ਬਲਵਾਨ ਅਤੇ ਅਣਥੱਕ ਹੋਣ ਦਾ ਪ੍ਰਮਾਣ ਪੇਸ਼ ਕਰਦੇ ਹਨ। ਭਾਵੇਂ ਵਿਸ਼ਵ ਦੇ ਹੋਰ ਸਭਿਆਚਾਰਾਂ ਦੀ ਬਣਤਰ ਵਿਚ ਭਾਰੂ, ਨਿਰਣੈਕਾਰੀ ਅਤੇ ਗੌਰਵਮਈ ਕਦਰ, ਮਿਹਨਤੀ ਅਤੇ ਦਸਾਂ-ਨਹੁੰਆਂ ਦੀ ਕਿਰਤ ਕਮਾਈ ਦੀ ਰਹੀ ਹੈ। ਇਸੇ ਕਿਰਤ-ਕਮਾਈ ਉਪਰ ਬਲ ਦੇਣ ਦੇ ਕਾਰਨ ਹੀ ਪੰਜਾਬ ਦੇ ਲੋਕ *ਅੰਤਰਮੁਖੀ, ਸਮਝੌਤਾਵਾਦੀ* ਅਤੇ ਆਤਮ-ਸਮਰਪਣ ਕਰਨ ਵਾਲੀ ਕੌਮ ਨਹੀਂ ਹਨ ਬਲਕਿ ਇਹ ਬਾਹਰਮੁਖੀ, ਵਚਨਬੱਧ, ਆਪਣੇ ਹੱਕਾਂ ਲਈ ਲੜ ਮਰਨ ਵਾਲੀ ਇਕ ਦਲੇਰ ਕੌਮ ਹਨ।

3.3.5 **ਦਰਬਾਰੀ ਅਦਬ-ਅਦਾਬ ਤੋਂ ਨਿਰਲੇਪ ਅਤੇ ਅਣਭਿੱਜ** : ਭਾਵੇਂ ਇਹ ਕੋਈ ਇਤਿਹਾਸਕ ਸੰਜੋਗ ਹੀ ਰਿਹਾ ਹੋਵੇ ਪਰ ਇਸ ਤੱਥ ਨੇ ਵੀ ਪੰਜਾਬੀ ਸਭਿਆਚਾਰ ਉਤੇ ਬੜਾ ਹਾਂ ਮੁਖੀ ਪ੍ਰਭਾਵ ਪਾਇਆ ਹੈ ਕਿ ਇਹ ਸਭਿਆਚਾਰ ਰਾਜ-ਦਰਬਾਰਾਂ ਦੇ ਖੁਸ਼ਾਮਦੀ ਅਤੇ ਹੀਣਤਾਭਰਪੂਰ ਵਤੀਰੇ ਤੋਂ ਦੂਰ ਹੀ ਰਿਹਾ ਹੈ। ਪੰਜਾਬੀ ਬੋਲੀ ਅਤੇ ਸਭਿਆਚਾਰ ਕਦੇ ਵੀ ਕਿਸੇ ਰਾਜੇ ਦੇ ਰਾਜਪ੍ਰਬੰਧ ਦਾ ਅੰਗ ਨਹੀਂ ਬਣੇ। ਪੰਜਾਬ ਦੇ ਇਤਿਹਾਸ ਨਾਲ ਸੰਬੰਧਿਤ ਰਾਜ-ਦਰਬਾਰਾਂ ਉਪਰ ਬ੍ਰਾਹਮਣੀ ਅਤੇ ਮੁਸਲਮਾਨੀ ਸਭਿਆਚਾਰਾਂ ਦੀ ਪਕੜ ਹੀ ਰਹੀ ਹੈ। ਇਥੋਂ ਤਕ ਕਿ ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਵਿਚ ਵੀ ਮੁਸਲਮਾਨੀ ਅਦਬ-ਅਦਾਬ ਦਾ ਹੀ ਪ੍ਰਭਾਵ ਰਿਹਾ। ਇਸ ਵਿਚ ਬੌਧਿਕ ਚਤੁਰਾਈ, ਪਾਖੰਡ, ਮੌਕਾਪ੍ਰਸਤੀ, ਖੁਸ਼ਾਮਦ ਅਤੇ ਦਿਖਾਵੇ ਦਾ ਅਭਾਵ ਰਿਹਾ ਹੈ। ਲੋਕ-ਚੇਤਨਾ ਦੇ ਭਾਰੂ ਹੋਣ ਕਾਰਨ ਪੰਜਾਬੀ ਸਭਿਆਚਾਰ ਵਿਚ ਗ਼ੁਲਾਮੀ ਤੋਂ ਮੁਕਤ ਹੋਣ ਦੀ ਭਾਵਨਾ ਸਦਾ ਪ੍ਰਚੰਡ ਰਹੀ ਹੈ। ਪੰਜਾਬੀਆਂ ਦਾ ਆਦਰਸ਼-ਸੂਤਰ ਹੈ : ਦੋ ਪੈਰ ਘੱਟ ਤੁਰਨਾ ਪਰ ਤੁਰਨਾ ਮੜਕ ਦੇ ਨਾਲ। ਦੋ ਦਿਨ ਘੱਟ ਜਿਉਣਾ ਪਰ ਜਿਉਣਾ ਅਣਖ ਦੇ ਨਾਲ।

3.3.6 **ਇਸਤ੍ਰੀ-ਪੁਰਖ ਸੰਬੰਧ** : ਪੰਜਾਬੀ ਸਭਿਆਚਾਰ ਦੀ ਵਿਲੱਖਣਤਾ ਪੰਜਾਬੀਆਂ ਵਿਚ ਪ੍ਰਚਲਿਤ ਇਸਤ੍ਰੀ-ਪੁਰਖ ਸੰਬੰਧਾਂ ਵਿਚ ਵੀ ਵੇਖੀ ਜਾ ਸਕਦੀ ਹੈ। ਭਾਵੇਂ ਪੰਜਾਬੀ ਸਭਿਆਚਾਰ ਵਿਚ ਇਸਤ੍ਰੀ ਨੂੰ ਪੂਰਨ ਭਾਂਤ ਸਮਾਨਤਾ ਨਹੀਂ ਮਿਲੀ ਪਰੰਤੂ ਇਸ ਸਭਿਆਚਾਰ ਵਿਚ ਇਸਤ੍ਰੀ ਦੀ ਸਥਿਤੀ ਬ੍ਰਾਹਮਣੀ ਅਤੇ ਇਸਲਾਮੀ ਸਭਿਆਚਾਰ ਤੋਂ ਵੱਖਰੀ

ਜ਼ਰੂਰ ਹੈ। ਪੰਜਾਬ ਵਿਚ ਇਸਤ੍ਰੀ ਨੂੰ ਦੇਵੀ ਬਣਾ ਕੇ ਪੂਜਣ ਦਾ ਰਿਵਾਜ ਨਹੀਂ ਹੈ ਅਤੇ ਨਾ ਹੀ ਸਤੀ ਦੇ ਰੂਪ ਵਿਚ ਉਸਨੂੰ ਆਤਮ-ਹੱਤਿਆ ਵਾਸਤੇ ਮਜਬੂਰ ਕੀਤਾ ਜਾਂਦਾ ਹੈ। ਇਹ ਬੁਰਕੇ ਜਾਂ ਘੁੰਡ ਦੀ ਕੈਦ ਵਿਚ ਵੀ ਨਹੀਂ ਫਸੀ ਹੋਈ ਬਲਕਿ ਮਿਹਨਤ-ਮੁਸ਼ੱਕਤ ਦੇ ਕਾਰਜਾਂ ਵਿਚ ਮਰਦ ਦੇ ਬਰਾਬਰ ਦੀ ਭਾਗੀਦਾਰ ਹੈ।

3.3.7 **ਸਿੱਟਾ** : ਆਪਣੇ ਇਸ ਲੇਖ ਦੇ ਅੰਤ ਵਿਚ ਡਾ. ਜਸਵਿੰਦਰ ਸਿੰਘ ਨੇ ਪੰਜਾਬੀ ਸਭਿਆਚਾਰ ਦੇ ਮੌਲਿਕ ਮੁਹਾਂਦਰੇ ਬਾਰੇ ਵਿਚਾਰ-ਚਰਚਾ ਕਰਦਿਆਂ ਹੋਇਆਂ ਇਹ ਸਿੱਟਾਂ ਕੱਢਿਆ ਹੈ ਕਿ ਪੰਜਾਬੀ ਲੋਕ ਹੋਣੀਆਂ ਭਰਪੂਰ ਮੌਕਿਆਂ ਦਾ ਖੁਲ੍ਹਦਿਲੀ ਨਾਲ ਸਵਾਗਤ ਕਰਨ ਵਾਲੇ ਦਲੇਰ ਅਤੇ ਬੇਪ੍ਰਵਾਹ ਲੋਕ ਹਨ। ਇਹ ਲੋਕ ਸੁੰਗੜਨ ਦੀ ਬਜਾਇ ਵਿਗਸਣ ਅਤੇ ਸਿਮਟਣ ਦੀ ਬਜਾਇ ਪਲਰਣ ਨੂੰ ਤਰਜੀਹ ਦਿੰਦੇ ਹਨ। ਪਿਛਲੇ ਦੌਰ ਵਿਚ ਪੰਜਾਬੀਆਂ ਦਾ ਪੰਜਾਬ ਨੂੰ ਛੱਡ ਕੇ ਦੇਸ਼ ਦੇ ਦੂਸਰੇ ਸੂਬਿਆਂ ਵਿਚ ਜਾ ਵੱਸਣ ਅਤੇ ਪਰਦੇਸ਼ਾਂ ਵਿਚ ਕਮਾਈ ਕਰਨ ਦੇ ਜੋਖਮ ਭਰਪੂਰ ਅਤੇ ਸਿਰੜੀ ਵਰਤਾਰੇ ਦੇ ਪਿਛੇ ਉਨ੍ਹਾਂ ਦੀ ਉੱਦਮੀ ਅਤੇ ਦ੍ਰਿੜ੍ਹ-ਵਿਸ਼ਵਾਸੀ ਮਾਨਸਿਕਤਾ ਕਾਰਜਸ਼ੀਲ ਹੈ। ਮਨੁੱਖੀ ਜੀਵਨ ਤੋਂ ਭਾਂਜ ਜਾਂ ਜੀਵਨ ਦੇ ਤਿਆਗ ਨਾਲ ਸੰਬੰਧਿਤ ਕੋਈ ਧਾਰਨਾ ਪੰਜਾਬੀ ਚਰਿੱਤਰ ਨੂੰ ਸਵੀਕਾਰ ਨਹੀਂ ਹੈ। ਇਨ੍ਹਾਂ ਦੀਆਂ ਲੋਕੋਕਤੀਆਂ ਅਤੇ ਮੁਹਾਵਰਿਆਂ ਆਦਿ ਵਿਚ ਜੀਵਨ ਨੂੰ ਪੂਰੀ ਉਮੰਗ, ਆਤਮ-ਵਿਸ਼ਵਾਸ ਅਤੇ ਧੜੱਲੇ ਨਾਲ ਜਿਉਣ ਦੇ ਭਰਪੂਰ ਸੰਕੇਤ ਪ੍ਰਾਪਤ ਹੁੰਦੇ ਹਨ :

* ਇਹ ਜੱਗ ਮਿੱਠਾ ਅਗਲਾ ਕੀਹਨੇ ਡਿੱਠਾ।
* ਖਾਧਾ ਪੀਤਾ ਲਾਹੇ ਦਾ, ਰਹਿੰਦਾ ਅਹਿਮਦ ਸ਼ਾਹੇ ਦਾ।
* ਮੰਨੂੰ ਸਾਡੀ ਦਾਤਰੀ, ਅਸੀਂ ਮੰਨੂੰ ਦੇ ਸੋਏ
  ਜਿਉਂ ਜਿਉਂ ਮੰਨੂੰ ਵੱਢਦਾ ਅਸੀਂ ਦੂਣੇ-ਚੌਣੇ ਹੋਏ।

### 3.4 ਸ਼ੈਲੀ

ਡਾ. ਜਸਵਿੰਦਰ ਸਿੰਘ ਦੀ ਵਾਰਤਕ-ਸ਼ੈਲੀ ਯੂਨੀਵਰਸਿਟੀਆਂ ਵਿਚ ਕਾਰ-ਵਿਹਾਰ ਕਰਨ ਵਾਲੇ ਇਕ ਵਿਦਵਾਨ ਦੀ ਸ਼ੈਲੀ ਹੈ। ਅਜਿਹੀ ਸ਼ੈਲੀ ਵਿਚ ਲੇਖਕ ਖੁੱਲ੍ਹ ਕੇ ਆਪਣੀ ਗੱਲ ਨਹੀਂ ਕਹਿ ਸਕਦਾ। ਹਰ ਧਾਰਨਾ ਪੇਸ਼ ਕਰਨ ਸਮੇਂ ਉਸ ਦੇ ਸਨਮੁਨ ਕਈ ਅਜਿਹੇ ਤੱਥ ਆ ਜਾਂਦੇ ਹਨ ਜਿਹੜੇ ਉਸ ਦੀਆਂ ਮਾਨਤਾਵਾਂ ਦਾ ਖੰਡਣ ਕਰ ਰਹੇ ਹੁੰਦੇ ਹਨ। ਲੇਖਕ ਨੂੰ ਅਜਿਹੇ ਤੱਥਾਂ ਨੂੰ ਵੀ ਨਾਲ ਲੈ ਕੇ ਚੱਲਣਾ ਪੈਂਦਾ ਹੈ। ਸਿੱਟੇ ਵਜੋਂ ਕੋਈ ਵੀ ਗੱਲ ਸਪਸ਼ਟ ਨਹੀਂ ਹੁੰਦੀ ਅਤੇ ਸਭ ਕੁਝ 'ਅਗਰ-ਮਗਰ' ਵਿਚ ਹੀ ਗੁੰਮ-ਗਵਾਚ ਜਾਂਦਾ ਹੈ। ਲੰਬੇ ਵਾਕ ਲਿਖਣਾ ਯੂਨੀਵਰਸਿਟੀ ਦੇ ਅਧਿਆਪਕ ਲੇਖਕਾਂ ਦੀ ਇਕ ਹੋਰ ਕਮਜ਼ੋਰੀ ਹੁੰਦਾ ਹੈ। ਆਪਣੀਆਂ ਦੁਬਿਧਾਵਾਂ ਅਤੇ ਸਰੋਤਿਆਂ ਦੇ 'ਕਿੰਤੂ-ਪਰੰਤੂਆਂ' ਵਿਚ ਘਿਰੇ ਹੋਏ ਇਹ ਲੇਖਕ ਵਾਕਾਂ ਨੂੰ ਲਮਕਾਈ ਤੁਰੇ ਜਾਂਦੇ ਹਨ। ਇਸ ਪ੍ਰਸੰਗ ਵਿਚ ਇਕ ਉਦਾਹਰਣ ਦੇਖੋ :

> ਲੋਕ-ਚੇਤਨਾ ਦੇ ਭਾਰੂ ਹੋਣ ਅਤੇ ਅਧੀਨਗੀ, ਗ਼ੁਲਾਮੀ ਤੋਂ ਮੁਕਤ ਹੋਣ ਦੀ ਪ੍ਰਬਲ ਰੁਚੀ ਦਾ ਇਕ ਪ੍ਰਮਾਣ ਪੰਜਾਬ ਦੀ ਸਭ ਤੋਂ ਬਾਅਦ ਭਰਪੂਰ ਟਕਰਾਉ ਤੋਂ ਪਿਛੋਂ ਅੰਗਰੇਜ਼ੀ ਸਾਮਰਾਜ ਵਿਚ ਸ਼ਮੂਲੀਅਤ ਅਤੇ ਬਹੁਤ ਜਲਦੀ ਵਿਚ ਗ਼ੁਲਾਮੀ ਪ੍ਰਤਿ ਵਿਦਰੋਹਾ ਦੇ ਪਨਪਣ ਅਤੇ ਆਜ਼ਾਦੀ ਸੰਗਰਾਮ ਵਿਚ ਕੇਂਦਰੀ ਸਥਾਨ ਬਣਾ ਲੈਣ ਵਿੱਚੋਂ ਵੇਖਿਆ ਜਾ ਸਕਦਾ ਹੈ। (ਪੰਨਾ 38)

ਅਸਲ ਵਿਚ ਡਾ. ਜਸਵਿੰਦਰ ਸਿੰਘ ਨੇ ਪੰਜਾਬੀ ਸਭਿਆਚਾਰ ਬਾਰੇ ਬਿਲਕੁਲ ਮੌਲਿਕ ਅਤੇ ਨਵੀਆਂ ਧਾਰਨਾਵਾਂ ਪੇਸ਼ ਕੀਤੀਆਂ ਹਨ। ਇਸ ਕਾਰਨ ਉਸਦੀ ਸ਼ੈਲੀ ਉਪਰ ਕਾਫ਼ੀ ਦਬਾਉ ਪਿਆ ਹੈ। ਸੰਪਾਦਕਾਂ ਨੂੰ ਚਾਹੀਦਾ ਸੀ ਕਿ ਬੀ.ਏ. ਭਾਗ ਦੂਜਾ ਦੇ ਵਿਦਿਆਰਥੀਆਂ ਲਈ ਇਸ ਲੇਖ ਨੂੰ ਲਗਾਉਣ ਸਮੇਂ, ਵਿਦਵਾਨ ਲੇਖਕ ਤੋਂ ਵਿਦਿਆਰਥੀਆਂ ਦੇ ਪੱਧਰ ਅਨੁਸਾਰ ਇਸ ਦਾ ਪੁਨਰ-ਲੇਖਣ ਕਰਵਾ ਲੈਂਦੇ।

## 4. ਲੇਖ ਪੰਜਾਬੀ ਸਭਿਆਚਾਰ ਅਤੇ ਨਾਰੀ ਦਾ ਵਿਸ਼ਾ-ਵਸਤੂ

ਡਾ. ਚਰਨਜੀਤ ਕੌਰ ਨੇ ਪੰਜਾਬ ਦੀ ਨਾਰੀ ਨਾਲ ਸੰਬੰਧਿਤ ਸਰੋਕਾਰਾਂ ਨੂੰ ਆਪਣੀ ਲੇਖਣੀ ਦਾ ਵਿਸ਼ਾ ਬਣਾਇਆ ਹੋਇਆ ਹੈ ਅਤੇ ਉਹ ਨਾਰੀ ਦੀ ਚੰਗੇਰੀ ਸਥਿਤੀ ਦੇਖਣ ਲਈ ਇਕ ਵਚਨਬੱਧ ਲੇਖਕਾ ਹੈ। ਉਸ ਨੇ

'ਨਾਰੀ ਚੇਤਨਾ', 'ਔਰਤ : ਦਸ਼ਾ ਤੇ ਦਿਸ਼ਾ', 'ਔਰਤ ਦੇ ਹੱਕ' ਆਦਿਕ ਕਿਰਤਾਂ ਦੇ ਮਾਧਿਅਮ ਦੁਆਰਾ ਪੰਜਾਬ ਦੀ ਨਾਰੀ ਦੇ ਹੱਕ ਵਿਚ ਆਪਣੀ ਆਵਾਜ਼ ਬੁਲੰਦ ਕੀਤੀ ਹੈ। ਲੇਖਕਾ ਦੇ ਵਿਚਾਰ ਅਨੁਸਾਰ ਪੰਜਾਬੀ ਸਭਿਆਚਾਰ ਵਿਚ ਨਾਰੀ ਦੇ ਬਦਲ ਰਹੇ ਸਰੂਪ ਨੂੰ ਵੇਖਣ ਵਾਸਤੇ ਅਸੀਂ ਅੰਗਰੇਜ਼ੀ ਰਾਜ ਤੋਂ ਆਪਣੇ ਅਧਿਐਨ ਨੂੰ ਸ਼ੁਰੂ ਕਰ ਸਕਦੇ ਹਾਂ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਨਾਰੀ ਦੀ ਸਥਿਤੀ ਬੜੀ ਤੇਜ਼ੀ ਨਾਲ ਬਦਲੀ ਹੈ। ਕਿਉਂਕਿ ਪੈਦਾਵਾਰੀ ਤਕਨੀਕਾਂ ਵਿਚ ਆਈਆਂ ਤਬਦੀਲੀਆਂ ਦੇ ਕਾਰਨ ਸੰਸਾਰ ਪੱਧਰ ਉਤੇ ਨਾਰੀ ਦੀ ਸਥਿਤੀ ਵਿਚ ਕਾਫ਼ੀ ਫਰਕ ਪਿਆ ਹੈ। ਨਾਰੀ ਦੀ ਸਿੱਖਿਆ ਵਿਚ ਹੋ ਰਹੇ ਨਿਰੰਤਰ ਵਾਧੇ ਨੇ ਉਸ ਨੂੰ ਆਰਥਿਕ ਤੌਰ ਤੇ ਆਪਣੇ ਪੈਰਾਂ ਉਪਰ ਖੜ੍ਹ ਕੇ ਆਤਮ-ਨਿਰਭਰ ਬਣਾਇਆ ਹੈ। ਇਸੇ ਤਰ੍ਹਾਂ ਵੋਟ ਦੇ ਅਧਿਕਾਰ ਨੇ ਔਰਤ ਅੰਦਰ ਇਕ ਸਵੈ-ਵਿਸ਼ਵਾਸ ਜਗਾਇਆ ਹੈ। ਇਸ ਪ੍ਰਕਿਰਿਆ ਨੇ ਔਰਤਾਂ ਨੂੰ ਘਰ ਦੀ ਚਾਰ ਦੀਵਾਰੀ ਤੋਂ ਬਾਹਰ ਲਿਆਂਦਾ ਹੈ। ਜਿੱਥੇ ਪੁਰਾਣੀ *ਸਭਿਆਚਾਰਕ ਪੰਚਾਇਤ* ਵਿਚ ਔਰਤ ਦਾ ਜਾਣਾ ਵੀ ਵਰਜਿਤ ਸੀ। ਉਥੇ ਹੁਣ ਉਹ ਖ਼ੁਦ ਪੰਚਾਇਤ ਦੀ ਮੁਖੀ ਬਣ ਸਕਦੀ ਹੈ।

ਨਾਰੀ ਦੀ ਸਥਿਤੀ ਵਿਚ ਹੋਰ ਵੀ ਬਹੁਤ ਸਾਰੀਆਂ ਤਬਦੀਲੀਆਂ ਆ ਰਹੀਆਂ ਹਨ। ਭਾਵੇਂ ਅੱਜ ਤਕ ਕੁੜੀ ਦੇ ਜਨਮ ਲੈਣ ਸਮੇਂ ਕਿਸੇ ਤਰ੍ਹਾਂ ਦੀ ਖੁਸ਼ੀ ਨਹੀਂ ਪ੍ਰਗਟਾਈ ਜਾਂਦੀ ਅਤੇ ਮੱਧ-ਸ਼੍ਰੇਣੀ ਦੇ ਬਹੁਤੇ ਲੋਕਾਂ ਨੇ ਇਸ ਗੱਲ ਦਾ ਪੱਕਾ ਪ੍ਰਬੰਧ ਕਰ ਰੱਖਿਆ ਹੈ ਕਿ ਉਨ੍ਹਾਂ ਦੇ ਘਰਾਂ ਵਿਚ ਲੜਕੀ ਜਨਮ ਹੀ ਨਾ ਲੈ ਸਕੇ ਪਰੰਤੂ ਜੇ ਇਕ ਵਾਰ ਲੜਕੀ ਜਨਮ ਲੈ ਲੈਂਦੀ ਹੈ ਤਾਂ ਉਹ ਆਪਣੇ ਆਪ ਸਮਾਜ ਵਿਚ ਆਪਣਾ ਸਥਾਨ ਬਣਾਉਂਦੀ ਚਲੀ ਜਾਂਦੀ ਹੈ। ਉਸ ਨੇ ਪੜ੍ਹਾਈ-ਲਿਖਾਈ ਅਤੇ ਕਾਰਜ-ਕੁਸ਼ਲਤਾ ਦੇ ਪੱਖੋਂ ਪੁਰਸ਼ ਨੂੰ ਪਛਾੜ ਦਿੱਤਾ ਹੈ ਅਤੇ ਹੁਣ ਉਸ ਨੇ ਬਹੁਤ ਸਾਰੇ ਖੇਤਰਾਂ ਵਿਚ ਸ਼ਿਰੋਮਣੀ ਸਥਾਨ ਮੱਲ ਰੱਖੇ ਹਨ। ਪੰਜਾਬੀ ਔਰਤ ਦਾ ਪਹਿਰਾਵਾ, ਰਹਿਣ-ਸਹਿਣ, ਗੱਲ-ਬਾਤ ਕਰਨ ਦਾ ਅੰਦਾਜ਼ ਅਤੇ ਸਮਾਜਿਕ ਰੋਲ ਬਦਲ ਰਹੇ ਹਨ। ਭਾਵੇਂ ਅਜੇ ਵੀ ਪੰਜਾਬੀ ਸਭਿਆਚਾਰ ਮਰਦ ਪ੍ਰਧਾਨ ਹੈ ਪਰੰਤੂ ਹੌਲੀ-ਹੌਲੀ ਦੋਹਾਂ ਲਿੰਗਾਂ ਵਿਚ ਸਮਾਨਤਾ ਆ ਰਹੀ ਹੈ ਅਤੇ ਇਹ ਸਮਾਨਤਾ ਸਭਿਆਚਾਰਕ ਵਰਤਾਰਿਆਂ ਵਿਚ ਵੀ *ਦ੍ਰਿਸ਼ਟੀਗੋਚਰ* ਹੋ ਰਹੀ ਹੈ।

**4.1 ਸਾਰ**

ਡਾ. ਚਰਨਜੀਤ ਕੌਰ ਨੇ ਪੰਜਾਬੀ ਸਭਿਆਚਾਰ ਵਿਚ ਨਾਰੀ ਦੀ ਸਥਿਤੀ ਨੂੰ ਇਤਿਹਾਸਕ ਪ੍ਰਸੰਗ ਵਿਚ ਰੱਖ ਕੇ ਵੇਖਿਆ ਹੈ। ਇਕ ਨਾਰੀਵਾਦੀ ਲੇਖਕਾ ਹੋਣ ਦੇ ਕਾਰਨ ਉਹ ਆਪਣੇ ਸਮਾਜ ਅਤੇ ਸਭਿਆਚਾਰ ਵਿਚ ਨਾਰੀ ਦੀ ਚੜ੍ਹਦੀ ਕਲਾ ਨੂੰ ਵੇਖਣ ਲਈ ਵਚਨਬੱਧ ਹੈ। ਉਸ ਨੇ ਦਰਸਾਇਆ ਹੈ ਕਿ ਪੰਜਾਬੀ ਸਮਾਜ ਮਰਦ ਪ੍ਰਧਾਨ ਹੈ ਅਤੇ ਇਸ ਕਾਰਨ ਇਥੇ ਨਾਰੀ ਦੀ ਕੋਈ ਪੁੱਛ-ਪ੍ਰਤੀਤ ਨਹੀਂ ਹੈ। ਪੁਰਾਣੇ ਸਮੇਂ ਵਿਚ ਜਨਮ ਲੈਣ ਸਾਰ ਹੀ ਕੁੜੀ ਨੂੰ ਅਫ਼ੀਮ ਚਟਾ ਕੇ ਜਾਂ ਕਿਸੇ ਘੜੇ ਵਿਚ ਪਾ ਕੇ ਗਲਾ ਘੁੱਟ ਕੇ ਮਾਰ ਦਿੱਤਾ ਜਾਂਦਾ ਸੀ ਅਤੇ ਫਿਰ ਉਸ ਬਾਲੜੀ ਦੇ ਹੱਥ ਵਿਚ ਇਕ ਪੂਣੀ ਫੜਾ ਕੇ ਇਹ ਕਿਹਾ ਜਾਂਦਾ ਸੀ : ਗੁੜ ਖਾਈਂ ਪੂਣੀ ਕੱਤੀਂ, ਆਪ ਨਾ ਆਈਂ ਵੀਰੇ ਨੂੰ ਘੱਤੀਂ। ਏਨਾ ਕਹਿ ਕੇ ਕੁੜੀ ਨੂੰ ਜ਼ਮੀਨ ਵਿਚ ਦਫ਼ਨ ਕਰ ਦਿੱਤਾ ਜਾਂਦਾ ਸੀ।

**4.1.1 ਖੇਤੀ ਆਧਾਰਿਤ ਸਭਿਆਚਾਰ** : ਪੰਜਾਬੀ ਸਭਿਆਚਾਰ ਬੁਨਿਆਦੀ ਤੌਰ ਤੇ ਇਕ ਖੇਤੀ ਆਧਾਰਿਤ ਸਭਿਆਚਾਰ ਹੈ। ਇਸ ਸਭਿਆਚਾਰ ਵਿਚ ਖੇਤੀਬਾੜੀ ਦਾ ਕੰਮ ਪੁਰਸ਼ ਨੇ ਸੰਭਾਲਿਆ ਹੋਇਆ ਹੈ। ਉਤਪਾਦਨ ਦੇ ਧੰਦੇ ਉਪਰ ਉਸਦੀ ਮਾਲਕੀ ਹੋਣ ਦੇ ਕਾਰਨ ਉਸ ਦੇ ਸਮਾਜਿਕ-ਸਭਿਆਚਾਰਕ ਰੁਤਬੇ ਵਿਚ ਵਾਧਾ ਹੋਣਾ ਇਕ ਲਾਜ਼ਮੀ ਗੱਲ ਸੀ। ਪੁਰਸ਼ ਦੀ ਪ੍ਰਧਾਨਤਾ ਦਾ ਇਕ ਹੋਰ ਵੱਡਾ ਕਾਰਨ ਪੰਜਾਬ ਉਪਰ ਹੁੰਦੇ ਰਹਿਣ ਵਾਲੇ ਨਿਰੰਤਰ ਹਮਲੇ ਵੀ ਬਣੇ। ਜੰਗਾਂ-ਯੁੱਧਾਂ ਵਿਚ ਦੁਸ਼ਮਣ ਦਾ ਟਾਕਰਾ ਕਰਨ ਦਾ ਕੰਮ ਪੁਰਸ਼ ਦੇ ਜ਼ਿੰਮੇ ਸੀ। ਇਸ ਲਈ ਵੀ ਪੁਰਸ਼ ਦਾ ਮਹਤਵ ਵਧ ਗਿਆ। ਲੇਖਕਾ ਅਨੁਸਾਰ ਪੰਜਾਬੀ ਸਭਿਆਚਾਰ ਇਕ ਬਹੁ-ਧਰਮੀ ਸਭਿਆਚਾਰ ਰਿਹਾ ਹੈ। ਹਿੰਦੂ, ਮੁਸਲਮਾਨ ਅਤੇ ਸਿੱਖ, ਤਿੰਨਾ ਧਰਮਾਂ ਦੇ ਲੋਕ ਇਸ ਸਭਿਆਚਾਰ ਵਿਚ ਸਮਾਏ ਹੋਏ ਹਨ। ਪਰੰਤੂ ਸਥਿਤੀ ਦੀ ਵਿਡੰਬਨਾ ਇਹ ਰਹੀ ਕਿ ਤਿੰਨਾਂ ਹੀ ਧਰਮਾਂ ਵਿਚ ਇਸਤ੍ਰੀ ਦੀ ਸਥਿਤੀ ਤਰਸਯੋਗ ਬਣੀ ਰਹੀ ਹੈ। ਜੇ ਕਿਸੇ ਧਰਮ ਵਿਚ ਵਿਧਵਾ-ਵਿਆਹ ਦੀ ਕੋਈ ਵਿਵਸਥਾ ਨਹੀਂ ਸੀ ਤਾਂ ਦੂਜੇ ਧਰਮ ਵਿਚ ਤਿੰਨ ਵਾਰ 'ਤਲਾਕ' ਸ਼ਬਦ ਦਾ ਉੱਚਾਰਣ ਕਰਕੇ ਪੁਰਸ਼ ਨਾਰੀ

ਨੂੰ ਛੱਡ ਸਕਦਾ ਸੀ। ਇਸ ਤਰ੍ਹਾਂ ਮੂਲ ਰੂਪ ਵਿਚ ਨਾਰੀ, ਪੁਰਸ਼ ਦੇ ਰਹਿਮੋ-ਕਰਮ ਉੱਪਰ ਹੀ ਜੀਵਤ ਸੀ। ਨਾਰੀ ਨੂੰ ਆਪਣੀ ਉਮਰ ਦੇ ਹਰ ਪੜਾਅ-ਬਚਪਨ, ਜਵਾਨੀ ਅਤੇ ਬੁਢੇਪੇ ਵਿਚ ਪਿਤਾ, ਪਤੀ ਅਤੇ ਪੁੱਤਰਾਂ ਦੇ ਅਧੀਨ ਰਹਿ ਕੇ ਹੀ ਆਪਣੀ ਉਮਰ ਬਿਤਾਉਣੀ ਪੈਂਦੀ ਸੀ।

4.1.2 **ਰਸਮ ਰਿਵਾਜ** : ਪੰਜਾਬੀ ਸਮਾਜ ਵਿਚ ਮੁੰਡੇ ਦੇ ਜਨਮ ਲੈਣ ਸਮੇਂ ਬਹੁਤ ਖੁਸ਼ੀਆਂ ਮਨਾਈਆਂ ਜਾਂਦੀਆਂ ਹਨ ਅਤੇ ਇਨ੍ਹਾਂ ਨਾਲ ਬਹੁਤ ਸਾਰੇ ਰਸਮ ਰਿਵਾਜ ਵੀ ਜੁੜੇ ਹੋਏ ਹਨ। ਨਾਰੀ ਦੇ ਗਰਭਵਤੀ ਹੋਣ ਤੇ ਝੋਲ ਭਰਾਈ ਦੀ ਰਸਮ ਸਮੇਂ ਨਾਰੀ ਦੇ ਪੱਲੇ ਵਿਚ ਪੁਰਸ਼-ਲਿੰਗ ਨੂੰ ਪ੍ਰਗਟ ਕਰਦੇ ਹੋਏ ਫ਼ਲ-ਕੇਲਾ, ਛੁਹਾਰੇ ਅਤੇ ਲੱਡੂ ਆਦਿਕ ਪਾਏ ਜਾਂਦੇ ਹਨ। ਬਜ਼ੁਰਗ ਔਰਤਾਂ ਉਸ ਨੂੰ 'ਦੁੱਧੀ ਨਾਵੇਂ ਪੁੱਤੀ ਫਲੇਂ' ਵਰਗੀਆਂ ਅਸੀਸਾਂ ਦੇ ਕੇ ਉਸ ਦੇ ਘਰ ਪੁੱਤਰ ਹੋਣ ਦੀ ਕਾਮਨਾ ਕਰਦੀਆਂ ਹਨ। ਮੁੰਡੇ ਦੇ ਜਨਮ ਲੈਣ ਸਮੇਂ ਘਰ ਦੇ ਦਰਵਾਜ਼ੇ ਅੱਗੇ ਸ਼ਰੀਂਹ ਬੰਨ੍ਹੇ ਜਾਂਦੇ ਹਨ। ਖੁਸਰੇ ਨੱਚਣ ਵਾਸਤੇ ਆਉਂਦੇ ਹਨ ਅਤੇ ਲਾਗੀਆਂ ਨੂੰ ਲਾਗ ਦਿੱਤਾ ਜਾਂਦਾ ਹੈ ਪਰ ਕੁੜੀ ਹੋਣ ਤੇ ਇਨ੍ਹਾਂ ਵਿਚੋਂ ਕੋਈ ਰਸਮ ਨਹੀਂ ਕੀਤੀ ਜਾਂਦੀ। ਮੱਧਕਾਲ ਤੱਕ ਇਸਤ੍ਰੀ ਦੀ ਕਿਰਤ-ਸ਼ਕਤੀ ਦੀ ਬਹੁਤ ਜ਼ਰੂਰਤ ਨਹੀਂ ਸੀ ਅਤੇ ਉਸ ਦੀ ਆਬਰੂ ਦੀ ਰਾਖੀ ਕਰਨਾ ਪਿਤਾ ਅਤੇ ਭਰਾਵਾਂ ਦਾ ਕੰਮ ਹੁੰਦਾ ਸੀ। ਇਸ ਕਾਰਨ ਸਮਾਜ ਦੇ ਮੋਅਤਬਰ ਲੋਕ ਆਪਣੇ ਘਰਾਂ ਵਿਚ ਕੁੜੀ ਦਾ ਜੰਮਣਾ ਬਰਦਾਸ਼ਤ ਨਹੀਂ ਸਨ ਕਰਦੇ। ਜੇ ਉਹ ਜੰਮ ਪੈਂਦੀ ਸੀ ਤਾਂ ਉਸਨੂੰ ਜੰਮਦੀ ਨੂੰ ਹੀ ਮਾਰ ਮੁਕਾਉਂਦੇ ਸਨ।

4.1.3 **ਆਧੁਨਿਕ ਦੌਰ** : ਆਧੁਨਿਕ ਦੌਰ ਵਿਚ ਸਿੱਖਿਆ ਅਤੇ ਗਿਆਨ ਦੇ ਬੇਸ਼ੁਮਾਰ ਮੌਕੇ ਉਪਲਬਧ ਹੋਣ ਦੇ ਬਾਵਜੂਦ ਵੀ ਕੁੜੀਆਂ ਨਾਲ ਵਿਤਕਰਾ ਉਸੇ ਤਰ੍ਹਾਂ ਨਾਲ ਜਾਰੀ ਹੈ। ਗਿਣਤੀ ਦੇ ਕੁਝ ਲੋਕਾਂ ਨੂੰ ਛੱਡ ਕੇ ਮੱਧ ਸ਼੍ਰੇਣੀ ਦੇ ਆਮ ਲੋਕ ਕੁੜੀ ਨੂੰ ਜਨਮ ਹੀ ਨਹੀਂ ਲੈਣ ਦਿੰਦੇ। ਲਿੰਗ-ਟੈਸਟ ਉਪਲਬਧ ਹੋਣ ਦੀ ਸੂਰਤ ਵਿਚ ਉਹ ਭਰੂਣ ਦੇ ਲਿੰਗ ਬਾਰੇ ਜਨਮ ਤੋਂ ਪਹਿਲਾਂ ਜਾਣਕਾਰੀ ਹਾਸਲ ਕਰਕੇ ਮਾਦਾ ਭਰੂਣ ਨੂੰ ਕੁੱਖ ਵਿਚ ਹੀ ਨਸ਼ਟ ਕਰਵਾ ਦਿੰਦੇ ਹਨ। ਲੇਖਕਾ ਅਨੁਸਾਰ ਪੰਜਾਬੀ ਸਭਿਆਚਾਰ ਵਿਚ ਪਹਿਲਾਂ ਇਸਤ੍ਰੀ ਦੀ ਬੇਕਦਰੀ, ਮਜ਼ਬੂਰੀ ਦੇ ਕਾਰਨ ਸੀ, ਜਦੋਂ ਕਿ ਆਧੁਨਿਕ ਕਾਲ ਵਿਚ ਲਾਲਚ ਦੇ ਕਾਰਨ ਬੇਕਦਰੀ ਪੈਦਾ ਹੋਈ ਹੈ। ਸਪਸ਼ਟ ਹੈ ਕਿ ਔਰਤ ਪ੍ਰਤੀ ਦ੍ਰਿਸ਼ਟੀਕੋਣ ਅਜੇ ਵੀ ਤਬਦੀਲ ਨਹੀਂ ਹੋਇਆ। ਪੰਜਾਬੀ ਸਭਿਆਚਾਰ ਵਿਚ ਵਿਆਹ ਦੇ ਰਸਮ-ਰਿਵਾਜ ਵੀ ਮਰਦ ਪੱਖ ਵੱਲ ਝੁਕੇ ਹੋਏ ਹਨ। ਵਿਆਹੁਣਯੋਗ ਕੁੜੀ ਦੀ ਨੁਮਾਇਸ਼ ਲਗਾਈ ਜਾਂਦੀ ਹੈ, ਜਿਸ ਵਿਚ ਚੋਣ ਦਾ ਹੱਕ ਕੇਵਲ ਪੁਰਸ਼ ਨੂੰ ਹੈ। ਕੁੜੀ ਦੀ ਭੂਮਿਕਾ ਕੇਵਲ 'ਪਸੰਦ ਆਉਣ' ਤਕ ਹੀ ਸੀਮਤ ਹੈ। ਜੇ ਉਹ ਮਰਦ ਧਿਰ ਨੂੰ ਪਸੰਦ ਨਹੀਂ ਆਉਂਦੀ ਤਾਂ ਉਸ ਨੂੰ ਅਸਵੀਕਾਰ ਕਰ ਦਿੱਤਾ ਜਾਂਦਾ ਹੈ।

4.1.4 **ਸਭਿਆਚਾਰਕ ਅਸਾਂਵਾਪਣ** : ਨਾਰੀ ਦੇ ਵਿਆਹੀ ਜਾਣ ਉਪਰੰਤ ਵੀ ਉਸਦੀ ਸਥਿਤੀ ਵਿਚ ਕੋਈ ਸੁਧਾਰ ਨਹੀਂ ਹੁੰਦਾ। ਵਿਆਹ ਹੋ ਜਾਣ ਬਾਅਦ ਵੀ ਸਮੇਂ-ਸਮੇਂ ਉਸਦੇ ਮਾਪੇ ਉਸਦੇ ਸਹੁਰਿਆ ਨੂੰ ਧਨ ਅਤੇ ਸੁਗਾਤਾਂ ਦੇ ਰੂਪ ਵਿਚ ਕੁਝ-ਨਾ-ਕੁਝ ਦਿੰਦੇ ਹੀ ਰਹਿੰਦੇ ਹਨ। ਹੋਰ ਤਾਂ ਹੋਰ, ਜਦੋਂ ਵਿਆਹੀ ਹੋਈ ਨਾਰੀ ਦੀ ਮੌਤ ਹੋ ਜਾਂਦੀ ਹੈ ਤਾਂ ਉਸ ਲਈ ਕਫ਼ਨ ਵੀ ਉਸਦੇ ਪੇਕਿਆਂ ਵੱਲੋਂ ਭੇਜਿਆ ਜਾਂਦਾ ਹੈ। ਕਈ ਦਹਾਕੇ ਪਤੀ ਦੇ ਘਰ ਵਿਚ ਬਿਤਾਉਣ ਦੇ ਬਾਵਜੂਦ ਉਸਦਾ ਘਰ ਦੇ ਆਰਥਿਕ ਸੋਮਿਆਂ ਉੱਤੇ ਕੋਈ ਹੱਕ ਨਹੀਂ ਬਣਦਾ। ਪਤੀ ਦੀ ਮੌਤ ਹੋ ਜਾਣ ਦੀ ਸੂਰਤ ਵਿਚ ਇਹ ਹੱਕ ਉਸਦੇ ਪੁੱਤਰਾਂ ਦਾ ਬਣ ਜਾਂਦਾ ਹੈ। ਔਰਤਾਂ ਨੂੰ ਮੜ੍ਹੀਆਂ (ਸ਼ਮਸ਼ਾਨ ਭੂਮੀ) ਤਕ ਜਾਣ ਦੀ ਮਨਾਹੀ ਰਹੀ ਹੈ। ਵਿਧਵਾ ਔਰਤ ਨੂੰ ਚੰਗੇ ਅਤੇ ਰੰਗਦਾਰ ਕੱਪੜੇ ਪਾਉਣ ਦੀ ਆਗਿਆ ਨਹੀਂ ਹੈ। ਉਸਦਾ ਕੋਕਾ ਉਤਾਰ ਦਿੱਤਾ ਜਾਂਦਾ ਹੈ ਅਤੇ ਹੋਰ ਗਹਿਣੇ ਵੀ ਵਰਜਿਤ ਕਰਾਰ ਦਿਤੇ ਜਾਂਦੇ ਹਨ।

4.1.5 **ਰੂਪਾਂਤਰਣ** : ਪਿਛਲੇ ਕੁਝ ਸਮੇਂ ਤੋਂ ਪੰਜਾਬੀ ਸਭਿਆਚਾਰ ਵਿਚ *ਰੂਪਾਂਤਰਣ* ਦੀ ਪ੍ਰਕ੍ਰਿਆ ਬੜੀ ਤਿੱਖੀ ਚਾਲ ਫੜ੍ਹ ਚੁਕੀ ਹੈ। ਹੁਣ ਰਵਾਇਤੀ ਸਭਿਆਚਾਰ ਦੇ ਨਾਰੀ ਵਿਰੋਧੀ ਫ਼ੁਰਮਾਨ ਹੌਲੀ-ਹੌਲੀ ਬੇਮਾਅਨੀ ਹੁੰਦੇ ਜਾ ਰਹੇ ਹਨ। ਹੁਣ ਵਿਆਹ ਸ਼ਾਦੀ-ਭਵਨਾਂ (ਮੈਰਿਜ ਪੈਲੇਸ) ਵਿਚ ਹੋਣ ਲੱਗੇ ਹਨ, ਜਿਥੇ ਪੁਰਸ਼ ਧਿਰ ਅਤੇ ਨਾਰੀ ਧਿਰ ਵਿਚਲੇ ਆਦਰ-ਮਾਣ ਦੇ ਪੁਰਾਣੇ ਵਿਤਕਰੇ ਮਿਟ ਗਏ ਹਨ। ਅੱਜ ਕਲ੍ਹ ਵਿਧਵਾ ਇਸਤ੍ਰੀਆਂ ਵੀ ਆਪਣੀ ਦੇਹੀ ਨੂੰ ਸਜਾ-ਸੰਵਾਰ

ਕੇ ਰੱਖਦੀਆਂ ਹਨ ਅਤੇ ਵਿਧਵਾ ਜਾਂ ਸਧਵਾ (ਜਿਸਦਾ ਪਤੀ ਜਿਉਂਦਾ ਹੋਵੇ) ਵਿਚਲੇ ਅੰਤਰ ਮਿਟਦੇ ਜਾ ਰਹੇ ਹਨ। ਨਾਰੀਆਂ ਨੂੰ ਸ਼ਮਸ਼ਾਨ-ਭੂਮੀ ਵਿਚ ਜਾਣ ਦੀ ਕੋਈ ਪਾਬੰਦੀ ਨਹੀਂ ਰਹੀ ਬਲਕਿ ਕਈ ਥਾਂਈ ਧੀਆਂ ਜਾਂ ਪਤਨੀਆਂ ਵੀ ਪਿਤਾ ਜਾਂ ਪਤੀ ਦੇ ਮ੍ਰਿਤਕ ਸਰੀਰ ਨੂੰ ਅਗਨੀ ਭੇਟ ਕਰ ਰਹੀਆਂ ਹਨ। ਪੜ੍ਹੀਆਂ-ਲਿਖੀਆਂ ਔਰਤਾਂ ਦਫ਼ਤਰਾਂ ਅਤੇ ਸਕੂਲਾਂ-ਕਾਲਜਾਂ ਵਿਚ ਕੰਮ ਕਰ ਰਹੀਆਂ ਹਨ ਜਿਥੇ ਉਹ ਆਪਣੇ ਸਹਿਯੋਗੀਆਂ ਅਤੇ ਸਹਿਕਰਮੀਆਂ ਨਾਲ ਹਰ ਵਿਸ਼ੈ ਬਾਰੇ ਗੱਲ-ਬਾਤ ਨਿਰਸੰਕੋਚ ਹੋ ਕੇ ਕਰ ਲੈਂਦੀਆਂ ਹਨ। ਨਾਰੀ ਆਪਣੀ ਦੇਹੀ ਦੀ ਸੁੰਦਰਤਾ ਬਾਰੇ ਵੀ ਪੂਰੀ ਤਰ੍ਹਾਂ ਚੇਤੰਨ ਹੋ ਗਈ ਹੈ। ਹਰ ਸ਼ਹਿਰ-ਪਿੰਡ ਵਿਚ ਬਿਊਟੀ ਪਾਰਲਰ ਖੁੱਲ੍ਹ ਗਏ ਹਨ, ਜਿਥੇ ਆਉਣ-ਜਾਣ ਨੂੰ ਕੋਈ ਅਪਮਾਨ ਜਾਂ ਮਿਹਣੇ ਵਾਲੀ ਗੱਲ ਨਹੀਂ ਸਮਝਿਆ ਜਾਂਦਾ। ਹਾਲਾਂਕਿ ਦਸ-ਪੰਦਰਾਂ ਸਾਲ ਪਹਿਲਾਂ ਬਿਊਟੀ-ਪਾਰਲਰ ਵਿਚ ਜਾਣਾ ਬੇਸ਼ਰਮੀ ਜਾਂ ਨਿਰਲੱਜਤਾ ਵਾਲਾ ਕਰਮ ਸਮਝਿਆ ਜਾਂਦਾ ਸੀ। ਇਉਂ ਭਾਵੇਂ ਹੌਲੀ-ਹੌਲੀ ਹੀ ਸਹੀ, ਰੂਪਾਂਤਰਣ ਦੀ ਪ੍ਰਕਿਰਿਆ ਨਾਲ ਕਦਰਾਂ-ਕੀਮਤਾਂ ਬਦਲ ਰਹੀਆਂ ਹਨ ਅਤੇ ਨਾਰੀ ਦੀ ਸਭਿਆਚਾਰਕ ਭੂਮਿਕਾ ਵੀ ਤਬਦੀਲ ਹੋ ਰਹੀ ਹੈ।

**4.1.6 ਮੱਧਸ਼੍ਰੇਣਿਕ ਘਰਾਂ ਦਾ ਸਰੂਪ** : ਮੱਧਸ਼੍ਰੇਣਿਕ ਲੋਕਾਂ ਦੇ ਘਰਾਂ ਦਾ ਸਰੂਪ ਵੀ ਬੜੀ ਤੇਜ਼ੀ ਨਾਲ ਤਬਦੀਲ ਹੋਇਆ ਹੈ। ਪਿਛਲੇ ਤਿੰਨ-ਚਾਰ ਦਹਾਕਿਆਂ ਵਿਚ ਪੰਜਾਬ ਦੀ ਮੱਧਸ਼੍ਰੇਣੀ ਰਵਾਇਤੀ ਘਰਾਂ ਦੀ ਬਜਾਇ ਕੋਠੀਆਂ ਵਿਚ ਰਹਿਣ ਲੱਗੀ ਹੈ। ਬੈੱਡਰੂਮ-ਕਲਚਰ ਵਿਚ ਪਤੀ-ਪਤਨੀ ਬਗੈਰ ਕਿਸੇ ਝਿਜਕ ਦੇ, ਆਪਣੇ ਵੱਡੇ-ਵੱਡੇਰਿਆਂ ਅਤੇ ਬੱਚਿਆਂ ਦੇ ਸਾਹਮਣੇ ਇਕ ਬੈੱਡ ਉਪਰ ਸੌਣ ਲੱਗੇ ਹਨ। ਅੱਜ ਤੋਂ ਕੁਝ ਸਮਾਂ ਪਹਿਲਾਂ ਅਜਿਹੇ ਕਰਮ ਨੂੰ ਵੱਡੀ ਬੇਸ਼ਰਮੀ ਸਮਝਿਆ ਜਾਂਦਾ ਸੀ ਪਰੰਤੂ ਪੂੰਜੀਵਾਦ ਨੇ ਇਹ ਝਿਜਕ ਦੂਰ ਕਰ ਦਿੱਤੀ ਹੈ। ਹੁਣ ਮੱਧਸ਼੍ਰੇਣਿਕ ਔਰਤਾਂ ਆਪਣੇ ਜੀਵਨ ਦਾ ਬਹੁਤਾ ਸਮਾਂ ਬਰਤਨ ਸਾਫ਼ ਕਰਨ, ਝਾੜੂ-ਬੁਹਾਰੀ ਲਾਉਣ ਅਤੇ ਕੱਪੜੇ ਧੋਣ ਵਿਚ ਖਰਚ ਨਹੀਂ ਕਰਦੀਆਂ। ਇਸ ਕੰਮ ਲਈ ਮਾਈਆਂ ਜਾਂ ਮੁੰਡੂ ਮਿਲ ਜਾਂਦੇ ਹਨ ਅਤੇ ਇਸ ਬਚੇ ਹੋਏ ਸਮੇਂ ਨੂੰ ਨਾਰੀ ਆਪਣਾ ਸਮਾਜਿਕ ਦਾਇਰਾ ਵਧਾਉਣ ਅਤੇ ਸ੍ਵੈ ਦੀ ਅਭਿਵਿਅਕਤੀ ਲਈ ਉਪਯੋਗ ਵਿਚ ਲਿਆਉਂਦੀ ਹੈ।

**4.1.7 ਸਿੱਟਾ** : ਪੰਜਾਬ ਵਿਚ ਮਰਦ ਪ੍ਰਧਾਨ ਸਮਾਜ ਦੀਆਂ ਨਾਰੀ ਵਿਰੋਧੀ ਬੰਦਿਸ਼ਾਂ ਟੁੱਟ ਰਹੀਆਂ ਹਨ। ਇਹ ਤਬਦੀਲੀ ਸਰਬ-ਵਿਆਪੀ ਹੈ। ਨਾਰੀਵਾਦੀ ਦ੍ਰਿਸ਼ਟੀ ਤੋਂ ਦੇਖਿਆਂ ਪੰਜਾਬੀ ਸਭਿਆਚਾਰ ਵਿਚ ਆ ਰਹੀ ਇਹ ਤਬਦੀਲੀ ਔਰਤ ਅਤੇ ਮਰਦ ਦੇ ਦਰਮਿਆਨ ਸਮਾਨਤਾ ਸਿਰਜਣ ਵੱਲ ਵਧ ਰਹੀ ਹੈ। ਇਉਂ ਲੇਖਕਾਂ ਨੇ ਪੰਜਾਬੀ ਸਭਿਆਚਾਰ ਵਿਚ ਹੋ ਰਹੇ ਰੂਪਾਂਤਰਣ ਬਾਰੇ ਸੰਤੋਸ਼ ਪ੍ਰਗਟ ਕੀਤਾ ਹੈ।

### 4.2 ਸ਼ੈਲੀ

ਡਾ. ਚਰਨਜੀਤ ਕੌਰ ਦੀ ਸ਼ੈਲੀ ਬੜੀ ਸਰਲ, ਸਪਸ਼ਟ, ਦਲੀਲਮਈ ਅਤੇ ਮੁਹਾਵਰੇ ਭਰਪੂਰ ਹੈ। ਉਹ ਆਪਣੇ ਹਰ ਕਥਨ ਨੂੰ ਦਲੀਲਾਂ ਅਤੇ ਦ੍ਰਿਸ਼ਟਾਂਤਾਂ ਦੁਆਰਾ ਸਪਸ਼ਟ ਕਰਦੀ ਹੈ। ਉਸ ਨੇ ਸਾਧਾਰਣ ਪਾਠਕਾਂ ਅਤੇ ਯੁਵਾ ਵਿਦਿਆਰਥੀਆਂ ਦੀ ਪੱਧਰ ਨੂੰ ਦੇਖ ਕੇ ਆਪਣੀ ਸ਼ੈਲੀ ਅਤੇ ਸ਼ਬਦਾਵਲੀ ਦਾ ਸਰੂਪ ਨਿਸ਼ਚਿਤ ਕੀਤਾ ਹੈ। ਬੇਸ਼ਕ ਕਿਧਰੇ-ਕਿਧਰੇ ਵਿਸ਼ੇ-ਵਸਤੂ ਵਿਚ ਦੁਹਰਾਉ ਆ ਗਿਆ ਹੈ, ਇਤਿਹਾਸਕ ਕਾਲ-ਕ੍ਰਮ ਦਾ ਵੀ ਭੰਜਨ ਹੋਇਆ ਹੈ। ਲੇਖਿਕਾ ਵਾਰ-ਵਾਰ ਵਰਤਮਾਨ ਤੋਂ ਭੂਤ ਕਾਲ ਅਤੇ ਭੂਤ ਕਾਲ ਤੋਂ ਵਰਤਮਾਨ ਵਿਚ ਆਉਂਦੀ ਜਾਂਦੀ ਰਹੀ ਹੈ ਪਰ ਇਸ ਵਿਧੀ ਨਾਲ ਅਰਥ-ਸੰਚਾਰ ਵਿਚ ਸਪਸ਼ਟਤਾ ਆਈ ਹੈ ਅਤੇ ਲੇਖਕਾ ਦਾ ਬਿਆਨ ਰੌਚਕ ਹੋ ਗਿਆ ਹੈ। ਅਜਿਹੇ ਲੇਖ ਯੁਵਾ ਵਿਦਿਆਰਥੀਆਂ ਦੀ ਮਾਨਸਿਕਤਾ ਉਤੇ ਪ੍ਰਗਤੀਸ਼ੀਲ ਅਤੇ ਸਿਹਤਮੰਦ ਪ੍ਰਭਾਵ ਪਾਉਂਦੇ ਹਨ। ਇਸ ਕਾਰਨ ਇਹ ਇੱਕ ਕਲਿਆਣਕਾਰੀ ਰਚਨਾ ਹੈ।

## 5. ਲੇਖ ਪੰਜਾਬੀ ਕਿੱਸਾ ਦਾ ਵਿਸ਼ਾ ਵਸਤੂ

ਇਸ ਲੇਖ ਵਿਚ ਡਾ. ਹਰਿਭਜਨ ਸਿੰਘ ਨੇ ਮੱਧਕਾਲੀਨ ਪੰਜਾਬੀ ਸਾਹਿਤ ਦੇ ਪ੍ਰਸਿੱਧ ਕਾਵਿ ਰੂਪ 'ਕਿੱਸਾ ਕਾਵਿ' ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਡਾ. ਹਰਿਭਜਨ ਸਿੰਘ ਦਾ ਮਤਿ ਹੈ ਕਿ ਪੰਜਾਬੀ ਬੋਲੀ ਅਤੇ ਪੰਜਾਬੀ ਸਭਿਆਚਾਰ ਸਦਾ ਆਪਣੀ ਧਰਤੀ ਦੇ ਨੇੜੇ ਰਹੇ ਹਨ। ਇਸ ਦਾ ਵੱਡਾ ਕਾਰਨ ਪੰਜਾਬੀਆਂ ਦਾ ਸਾਦਾ ਸੁਭਾਅ ਹੈ।

ਭਾਵੇਂ ਪੰਜਾਬੀ ਸਾਹਿੱਤ ਦਾ ਇਹ ਸਭ ਤੋਂ ਪੁਰਾਣਾ ਰੂਪ ਵਿਦੇਸ਼ੀ ਸਭਿਆਚਾਰ ਰਾਹੀਂ ਭਾਰਤ ਵਿਚ ਪਹੁੰਚਿਆ ਪਰੰਤੂ ਪੰਜਾਬੀਆਂ ਨੇ ਇਸ ਸਾਹਿਤ-ਰੂਪ ਨੂੰ ਇਸ ਪ੍ਰਕਾਰ ਨਾਲ ਆਪਣੇ ਸਭਿਆਚਾਰ ਦੀਆਂ ਰਵਾਇਤਾਂ ਅਨੁਸਾਰ ਢਾਲ ਲਿਆ ਹੈ ਕਿ ਇਸ ਦੇ ਗ਼ੈਰ-ਪੰਜਾਬੀ ਰੂਪ ਹੋਣ ਬਾਰੇ ਕਿਸੇ ਦੇ ਮਨ ਵਿਚ ਖ਼ਿਆਲ ਵੀ ਪੈਦਾ ਨਹੀਂ ਹੁੰਦਾ। ਪੰਜਾਬ ਦੇ ਲੋਕ ਸੱਤ ਬਿਗਾਨਿਆਂ ਨੂੰ ਵੀ ਆਪਣੇ ਟੱਬਰ ਦਾ ਜੀਅ ਬਣਾ ਲੈਂਦੇ ਹਨ। ਇਹੀ ਕਾਰਨ ਹੈ ਕਿ ਹੀਰ ਰਾਂਝਾ ਅਤੇ ਮਿਰਜ਼ਾ ਸਾਹਿਬਾਂ ਆਦਿ ਦੇ ਨਾਲ-ਨਾਲ ਪੰਜਾਬੀਆਂ ਨੇ ਮਹੀਂਵਾਲ ਅਤੇ ਪੁਨੂੰ ਵਰਗੇ ਗ਼ੈਰ-ਪੰਜਾਬੀ ਨਾਇਕਾਂ ਨੂੰ ਵੀ ਆਪਣਾ ਲਿਆ ਹੈ। ਪੰਜਾਬੀ ਲੋਕਾਂ ਦੇ ਚਰਿਤਰ ਦਾ ਇਕ ਹੋਰ ਪ੍ਰਮੁੱਖ ਲੱਛਣ ਘਰ-ਬਾਰ ਨੂੰ ਤਿਆਗ ਕੇ ਪੂਰਨਤਾ ਨੂੰ ਪ੍ਰਾਪਤ ਕਰਨਾ ਹੈ। ਸਾਡੇ ਸਾਰੇ ਨਾਇਕ ਘਰ-ਬਾਰ ਨੂੰ ਤਿਆਗ ਕੇ ਦੂਰ-ਦੁਰਾਡੇ ਦੇ ਦੇਸ਼ਾਂ-ਪਰਦੇਸ਼ਾਂ ਵਿਚ ਘੁੰਮਦੇ ਰਹੇ ਹਨ। ਸਿੱਖ ਗੁਰੂ ਸਾਹਿਬਾਨ ਤੋਂ ਲੈ ਕੇ ਕਿੱਸਾ ਕਾਵਿ ਦੇ ਨਾਇਕਾਂ ਤਕ ਇਹ ਰੁਚੀ ਉਜਾਗਰ ਰੂਪ ਵਿਚ ਦੇਖੀ ਜਾ ਸਕਦੀ ਹੈ।

ਪੰਜਾਬੀ ਲੋਕਾਂ ਨੇ ਆਪਣੇ ਦੇਸ਼ ਵਿਚ ਪ੍ਰਚਲਿਤ ਕਹਾਣੀਆਂ ਨੂੰ ਹੀ ਨਹੀਂ ਅਪਣਾਇਆ ਬਲਕਿ ਵਿਦੇਸ਼ੀ ਸੋਮਿਆਂ ਤੋਂ ਆਈਆਂ ਪ੍ਰੀਤ-ਕਹਾਣੀਆਂ, ਜਿਵੇਂ ਲੈਲਾ ਮਜਨੂੰ, ਸ਼ੀਰੀਂ ਫ਼ਰਹਾਦ ਅਤੇ ਯੂਸਫ਼-ਜ਼ੁਲੈਖਾਂ ਆਦਿ ਨੂੰ ਆਪਣੀ ਪਰੰਪਰਾ ਦਾ ਅੰਗ ਬਣਾ ਲਿਆ ਹੈ। ਇਹੀ ਕਾਰਨ ਹੈ ਕਿ ਪੰਜਾਬ ਵਿਚ ਇਹ ਕਹਾਣੀਆਂ ਵੀ ਬਹੁਤ ਲੋਕਪ੍ਰਿਅ ਰਹੀਆਂ ਹਨ। ਪੰਜਾਬੀ ਲੋਕ-ਪ੍ਰਤਿਭਾ ਨੇ ਆਪਣੀ ਪ੍ਰਵਾਨਗੀ ਦੀ ਮੋਹਰ ਨਿਰਧਨਤਾ ਉਪਰ ਲਗਾਈ ਹੈ। ਇਨ੍ਹਾਂ ਕਿੱਸਿਆਂ ਦੀ ਦੂਜੀ ਲੋਕ-ਪ੍ਰਵਾਨਿਤ ਕਸਵੱਟੀ ਸਦਾਚਾਰ ਹੈ। ਪੰਜਾਬੀ ਕਿੱਸਿਆਂ ਦੇ ਨਾਇਕ ਸਦਾਚਾਰ ਦੀ ਮਰਯਾਦਾ ਨੂੰ ਨਹੀਂ ਉਲੰਘਦੇ। ਡਾ. ਹਰਿਭਜਨ ਸਿੰਘ ਅਨੁਸਾਰ ਪੰਜਾਬੀ ਕਿੱਸਿਆਂ ਦਾ ਤੀਜਾ ਗੁਣ ਵਿਅਕਤੀ ਦੀ ਸੁਤੰਤਰ ਭਾਵਨਾ ਹੈ। ਬਹੁਤੀ ਵਾਰ ਪਰਿਵਾਰ, ਇਸ ਸੁਤੰਤਰਤਾ ਦੇ ਰਾਹ ਵਿਚ ਰੋਕ ਪਾਉਂਦਾ ਹੈ ਪਰ ਵਿਅਕਤੀ ਪਰਿਵਾਰਿਕ ਪਾਬੰਦੀਆਂ ਦੀ ਪਰਵਾਹ ਨਹੀਂ ਕਰਦਾ ਅਤੇ ਸੁਤੰਤਰ ਪ੍ਰੇਮ ਦੀ ਪ੍ਰਾਪਤੀ ਲਈ ਇਨ੍ਹਾਂ ਪਾਬੰਦੀਆਂ ਨੂੰ ਉਲੰਘ ਜਾਂਦਾ ਹੈ। ਇਸ ਤਰ੍ਹਾਂ ਸਾਦਗੀ, ਸਦਾਚਾਰ, ਸੁਤੰਤਰਤਾ ਅਤੇ ਸੰਜਮ ਪੰਜਾਬੀ ਕਿੱਸਿਆਂ ਦੇ ਪ੍ਰਮੁੱਖ ਲੱਛਣ ਹਨ।

### 5.1 ਸਾਰ

ਡਾ. ਹਰਿਭਜਨ ਸਿੰਘ ਨੇ ਆਪਣੇ ਲੇਖ 'ਪੰਜਾਬੀ ਕਿੱਸਾ' ਵਿਚ ਮਧਕਾਲੀਲ ਪੰਜਾਬੀ ਸਾਹਿੱਤ ਦੇ ਪ੍ਰਮੁੱਖ ਰੂਪ ਕਿੱਸਾ ਕਾਵਿ ਬਾਰੇ ਆਪਣੇ ਵਿਚਾਰ ਵਿਅਕਤ ਕੀਤੇ ਹਨ। ਇਹ ਲੇਖ ਉਸ ਦੁਆਰਾ ਸੰਪਾਦਿਤ ਕੀਤੀ ਗਈ ਪੁਸਤਕ 'ਕਿੱਸਾ ਪੰਜਾਬ' ਵਿਚੋਂ ਲਿਆ ਗਿਆ ਹੈ। ਲੇਖਕ ਅਨੁਸਾਰ ਪੰਜਾਬੀ ਕਿੱਸਿਆਂ ਦੀ ਲੋਕਪ੍ਰਿਅਤਾ ਦਾ ਵੱਡਾ ਕਾਰਨ ਇਨ੍ਹਾਂ ਵਿਚ ਪਰੰਪਰਾ ਅਤੇ ਨਵੀਨਤਾ ਦਾ ਸੁਮੇਲ ਹੈ। ਉਸ ਨੇ ਇਨ੍ਹਾਂ ਕਿੱਸਿਅ ਨੂੰ ਪੰਜਾਬੀਆਂ ਦੇ ਚਰਿਤਰ ਨਾਲ ਜੋੜ ਕੇ ਵੇਖਿਆ ਅਤੇ ਵਿਸ਼ਲੇਸ਼ਿਤ ਕੀਤਾ ਹੈ। ਡਾ. ਹਰਿਭਜਨ ਸਿੰਘ ਅਨੁਸਾਰ ਇਨ੍ਹਾਂ ਕਿੱਸਿਆਂ ਦੇ ਪ੍ਰਮੁੱਖ ਲੱਛਣ ਇਸ ਪ੍ਰਕਾਰ ਹਨ :

5.1.1 **ਦੇਸ਼-ਪਰਦੇਸ਼ ਦੀਆਂ ਵਿੱਥਾਂ ਮਿਟ ਜਾਣਾ** : ਕਿੱਸਾ ਕਾਵਿ ਇਕ ਵਿਦੇਸ਼ੀ ਕਾਵਿ ਰੂਪ ਹੈ। ਮਧ-ਏਸ਼ੀਆ ਵਿਚੋਂ ਆਉਣ ਵਾਲੇ ਮੁਸਲਮਾਨ ਹਮਲਾਵਰਾਂ ਦੇ ਨਾਲ ਹੀ ਇਹ ਕਾਵਿ ਰੂਪ ਪੰਜਾਬ ਵਿਚ ਪਹੁੰਚਿਆ ਅਤੇ ਪੰਜਾਬੀਆਂ ਨੇ ਇਸ ਕਾਵਿ ਰੂਪ ਨੂੰ ਆਪਣੇ ਸਭਿਆਚਾਰ ਦੇ ਅਨੁਸਾਰ ਇਸ ਤਰ੍ਹਾਂ ਨਾਲ ਢਾਲ ਲਿਆ ਕਿ ਇਸਦੇ ਵਿਦੇਸ਼ੀ ਹੋਣ ਬਾਰੇ ਪਤਾ ਹੀ ਨਹੀਂ ਚਲਦਾ। ਅਸਲ ਵਿਚ ਪੰਜਾਬੀ ਲੋਕ ਸੱਤ ਬਿਗਾਨਿਆਂ ਨੂੰ ਵੀ ਆਪਣੇ ਘਰ ਦੇ ਜੀਆਂ ਵਾਂਗ ਅਪਣਾ ਲੈਂਦੇ ਹਨ। ਸੋਹਣੀ ਮਹੀਂਵਾਲ ਦੇ ਕਿੱਸੇ ਵਿਚ ਮਹੀਂਵਾਲ ਅਤੇ ਸੱਸੀ-ਪੁੰਨੂੰ ਦੇ ਕਿਸੇ ਵਿਚ ਪੁਨੂੰ ਗ਼ੈਰ-ਪੰਜਾਬੀ ਨਾਇਕ ਹਨ। ਪਰ ਪੰਜਾਬੀ ਸੁਭਾਅ ਦੀ ਇਸ ਵਿਲੱਖਣਤਾ ਦੇ ਕਾਰਨ ਪੰਜਾਬੀਆਂ ਨੇ ਮਹੀਂਵਾਲ ਅਤੇ ਪੁਨੂੰ ਆਦਿਕ ਕਿਰਦਾਰਾਂ ਨੂੰ ਵੀ ਰਾਂਝੇ ਅਤੇ ਮਿਰਜ਼ੇ ਵਰਗਾ ਪਿਆਰ-ਸਤਿਕਾਰ ਦਿੱਤਾ ਹੈ। ਇਸ ਤੱਥ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਪੰਜਾਬ ਦੇ ਲੋਕਾਂ ਵਿਚ ਦੇਸ਼-ਪਰਦੇਸ਼ ਨੂੰ ਲੈ ਕੇ ਕਿਸੇ ਪ੍ਰਕਾਰ ਦਾ ਪੂਰਵਾਗ੍ਰਹਿ ਨਹੀਂ ਹੈ। ਜੇ ਬੰਦਾ ਚੰਗਾ ਹੈ ਤਾਂ ਭਾਵੇਂ ਪਰਦੇਸ਼ੀ ਹੀ ਕਿਉਂ ਨਾ ਹੋਵੇ; ਪੰਜਾਬੀ ਲੋਕ ਬੜੇ ਪ੍ਰੇਮ ਨਾਲ ਉਸ ਨੂੰ ਅਪਣਾ ਲੈਂਦੇ ਹਨ। ਪਰ ਜੇ ਬੰਦਾ ਖ਼ੁਦ ਹੀ ਚੰਗਾ ਨਹੀਂ ਹੈ ਤਾਂ ਉਹ ਲੱਖ ਆਪਣੇ ਦੇਸ਼ ਦਾ ਹੋਵੇ, ਉਸ ਨੂੰ ਕੈਦੋਂ ਵਾਂਗ ਤ੍ਰਿਸਕਾਰ ਦਾ ਪਾਤਰ ਬਣ ਕੇ ਹੀ ਆਪਣੀ ਉਮਰ ਗੁਜ਼ਾਰਨੀ ਹੋਵੇਗੀ। ਇੱਥੇ ਹੀ ਬੱਸ ਨਹੀਂ ਪੰਜਾਬੀ ਲੋਕਾਂ ਨੇ ਲੈਲਾ ਮਜਨੂੰ, ਸ਼ੀਰੀਂ ਫ਼ਰਹਾਦ

ਅਤੇ ਯੂਸਫ਼ ਜ਼ੁਲੈਖਾ ਵਰਗੇ ਵਿਦੇਸ਼ੀ ਪਾਤਰਾਂ ਨੂੰ ਵੀ ਉਨ੍ਹਾਂ ਦੀ ਅਖੁਟ ਪ੍ਰੇਮਭਾਵਨਾ ਦੇ ਕਾਰਨ ਆਪਣੇ ਸਭਿਆਚਾਰਕ ਵਿਰਸੇ ਦਾ ਅੰਗ ਬਣਾ ਲਿਆ ਹੈ।

5.1.2 **ਮਹਾਂਪੁਰਖਾਂ ਅਤੇ ਪ੍ਰੇਮੀਆਂ ਦੀਆਂ ਪਰਦੇਸ਼-ਯਾਤਰਾਵਾਂ** : ਪੰਜਾਬੀ ਸਭਿਆਚਾਰ ਦੀ ਇਕ ਰੂੜ੍ਹੀ ਅਨੁਸਾਰ ਕੋਈ ਵੀ ਵਿਅਕਤੀ ਪਰਦੇਸ਼ਾਂ ਵਿਚ ਜਾਣ ਤੋਂ ਬਗੈਰ ਨਾਇਕਤਵ ਦੀ ਪਦਵੀ ਨੂੰ ਪ੍ਰਾਪਤ ਨਹੀਂ ਕਰ ਸਕਦਾ। ਸਿੱਖ ਧਰਮ ਦੇ ਸੰਚਾਲਕ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦਾ ਇਕ ਲੰਬਾ ਅਰਸਾ ਦੇਸ-ਪਰਦੇਸ਼ ਵਿਚ ਯਾਤਰਾਵਾਂ ਕਰਦਿਆਂ ਗੁਜ਼ਾਰਿਆ। ਗੁਰੂ ਅਰਜਨ ਦੇਵ ਜੀ, ਗੁਰੂ ਹਰਿਗੋਬਿੰਦ ਸਾਹਿਬ, ਗੁਰੂ ਤੇਗ਼ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਨੇ ਵੀ ਬਹੁਤ ਸਾਰੀਆਂ ਯਾਤਰਾਵਾਂ ਕੀਤੀਆਂ। ਵਾਰਿਸ ਸ਼ਾਹ ਘਰੋਂ, ਬੇਘਰ ਹੋ ਕੇ ਝੰਗ ਸਿਆਲ ਪਹੁੰਚਿਆ ਤਾਂ ਹੀ ਉਸ ਨੂੰ ਹੀਰ ਵਰਗੀ ਖ਼ੂਬਸੂਰਤ ਨਾਇਕਾ ਪ੍ਰਾਪਤ ਹੋਈ। ਇਸੇ ਤਰ੍ਹਾਂ ਮਹੀਂਵਾਲ ਅਤੇ ਪੁਨੂੰ ਵਰਗੇ ਨਾਇਕਾਂ ਦੇ ਜੀਵਨ-ਬ੍ਰਿਤਾਂਤ ਵਿਚ ਵੀ ਬਹੁਤ ਸਾਰੀਆਂ ਯਾਤਰਾਵਾਂ ਬਾਰੇ ਉੱਲੇਖ ਮਿਲਦਾ ਹੈ। ਪੂਰਨ ਭਗਤ, ਰਾਜਾ ਰਸਾਲੂ ਅਤੇ ਦੁੱਲਾ ਭੱਟੀ ਵਰਗੇ ਨਾਇਕ ਵੀ ਹੋਰ ਨਾਇਕਾਂ ਦੀਆਂ ਪੈੜਾਂ ਉਪਰ ਚੱਲਦੇ ਹੋਏ ਵੇਖੇ ਜਾ ਸਕਦੇ ਹਨ।

5.1.3 **ਪੰਜਾਬੀ ਲੋਕਗੀਤਾਂ ਵਿਚ ਕਿੱਸਾ ਕਾਵਿ ਦੇ ਨਾਇਕਾਂ ਬਾਰੇ ਹਵਾਲੇ** : ਪੰਜਾਬੀ ਲੋਕਗੀਤਾਂ ਵਿਚ ਕਿੱਸਾ ਕਾਵਿ ਦੇ ਨਾਇਕਾਂ ਅਤੇ ਨਾਇਕਾਵਾਂ ਬਾਰੇ ਬਹੁਤ ਸਾਰੇ ਹਵਾਲੇ ਦ੍ਰਿਸ਼ਟੀਗੋਚਰ ਹੁੰਦੇ ਹਨ। ਇਨ੍ਹਾਂ ਹਵਾਲਿਆਂ ਤੋਂ ਪਤਾ ਚਲਦਾ ਹੈ ਕਿ ਕਿੱਸਾ ਕਾਵਿ ਦੀ ਵਸਤੂ ਸਮੱਗਰੀ ਆਮ ਲੋਕਾਂ ਦੀ ਸਿਮ੍ਰਤੀ ਦਾ ਅਭਿੰਨ ਅੰਗ ਬਣ ਚੁਕੀ ਹੈ। ਇਸ ਪ੍ਰਸੰਗ ਵਿਚ ਕੁਝ ਲੋਕਗੀਤ ਵੇਖੋ :

* ਚਲੋ ਸਈਓ ਚਲ ਵੇਖਣ ਚੱਲੀਏ,
ਰਾਂਝੇ ਦਾ ਚੁਬਾਰਾ ਨੀ।
ਹੀਰ ਨਿਮਾਣੀ ਇੱਟਾਂ ਢੋਵੇ,
ਰਾਂਝਾ ਢੋਵੇ ਗਾਰਾ ਨੀ।

* ਸੋਹਣੀ ਹਿਜਰ ਦੇ ਦੀਵੇ ਪਈ ਬਾਲਦੀ
ਕੋਈ ਖ਼ਬਰ ਲਿਆਵੇ ਮਹੀਂਵਾਲ ਦੀ।

* ਚੱਲ ਵਿਆਹ ਕਰਵਾਈਏ ਵੇ ਰਾਂਝਣਾ ਤੂੰ ਕਾਲਾ ਮੈਂ ਗੋਰੀ।

5.1.4 **ਦੁੱਲੇ ਭੱਟੀ ਦਾ ਗੀਤ** : ਦੁੱਲੇ ਭੱਟੀ ਦਾ ਗੀਤ ਹਰ ਪੰਜਾਬੀ ਦੀ ਜ਼ਬਾਨ ਉਪਰ ਚੜ੍ਹਿਆ ਹੋਇਆ ਹੈ। ਲੋਹੜੀ ਵਾਲੇ ਦਿਨ ਮੁੰਡੇ-ਕੁੜੀਆਂ ਹਰ ਘਰ ਦੇ ਅੱਗੇ ਜਾ ਕੇ ਇਹੀ ਗੀਤ ਗਾਉਂਦੇ ਹਨ ਅਤੇ ਲੋਹੜੀ ਦੀ ਮੰਗ ਕਰਦੇ ਹਨ। ਇਸ ਗੀਤ ਦੇ ਬੋਲ ਇਸ ਪ੍ਰਕਾਰ ਹਨ :

ਸੁੰਦਰ ਮੁੰਦਰੀਏ, ਹੋ !
ਤੇਰਾ ਕੌਣ ਵਿਚਾਰ, ਹੋ ! ਦੁੱਲਾ ਭੱਟੀ ਵਾਲਾ ਹੋ !
ਦੁੱਲੇ ਧੀ ਵਿਆਹੀ, ਹੋ ! ਸੇਰ ਸ਼ੱਕਰ ਪਾਈ ਹੋ !
ਕੁੜੀ ਦਾ ਲਾਲ ਪਟਾਕਾ, ਹੋ ! ਕੁੜੀ ਦਾ ਸਾਲੂ ਪਾਟਾ, ਹੋ !
ਸਾਲੂ ਕੌਣ ਸਮੇਟੇ, ਹੋ ! ਚਾਚਾ ਗਾਲੀ ਦੇਸੇ, ਹੋ !
ਚਾਚੇ ਚੂਰੀ ਕੁੱਟੀ, ਹੋ ! ਜ਼ਿਮੀਦਾਰਾਂ ਲੁੱਟੀ, ਹੋ !
ਜ਼ਿਮੀਂਦਾਰ ਸਦਾਏ, ਹੋ ! ਗਿਣ ਗਿਣ ਪੋਲੇ ਲਾਏ, ਹੋ !

5.1.5 **ਵਿਆਖਿਆ** : ਡਾ. ਹਰਿਭਜਨ ਸਿੰਘ ਨੇ ਇਸ ਕਹਾਣੀ ਦੀ ਵਿਆਖਿਆ ਕੀਤੀ ਹੈ। ਲੇਖਕ ਅਨੁਸਾਰ 'ਸੁੰਦਰਾਂ' ਨਾਮ ਦੀ ਇਕ ਖ਼ੂਬਸੂਰਤ ਮੁਟਿਆਰ ਸੀ। ਉਹ ਅਨਾਥ ਸੀ। ਉਸ ਪਿੰਡ ਵਿਚੋਂ ਅਕਬਰ ਬਾਦਸ਼ਾਹ ਨੇ ਲੰਘਣਾ ਸੀ। ਜ਼ਿਮੀਂਦਾਰ ਸੋਚਦੇ ਹਨ ਕਿ ਇਹ ਮੁਟਿਆਰ ਅਕਬਰ ਨੂੰ ਪੇਸ਼ ਕਰ ਦਿੱਤੀ ਜਾਵੇ ਪਰ ਚਾਚਾ ਇਸ ਤਜਵੀਜ਼ ਨਾਲ ਸਹਿਮਤ ਨਹੀਂ ਸੀ। ਉਹ ਦੁੱਲੇ ਭੱਟੀ ਦੀ ਹਜ਼ੂਰੀ ਵਿਚ ਪਹੁੰਚਿਆ ਤਾਂ ਦੁੱਲੇ ਨੇ ਉਸ ਨੂੰ ਆਪਣੀ ਧੀ ਮੰਨ ਕੇ ਉਸਦਾ

ਵਿਆਹ ਕਰ ਦਿੱਤਾ। ਉਸ ਨੇ ਚਾਚੇ ਨੂੰ ਤੰਗ ਕਰਨ ਵਾਲੇ ਜ਼ਿਮੀਦਾਰਾਂ ਦੀ ਖ਼ੂਬ ਭੁਗਤ ਸਵਾਰੀ ਅਤੇ ਇਉਂ ਦੀਨ-ਦੁਖੀਆਂ ਦਾ ਰੱਖਿਅਕ ਬਣ ਕੇ ਬਹੁੜਿਆ। ਇਸ ਕਹਾਣੀ ਤੋਂ ਲੇਖਕ ਨੇ ਇਹ ਸਿੱਟਾ ਕੱਢਿਆ ਹੈ ਕਿ ਪੰਜਾਬ ਦੇ ਪ੍ਰੇਮੀ-ਪ੍ਰੇਮਿਕਾਵਾਂ ਵਿਚੋਂ ਇਕ ਵਿਅਕਤੀ ਜ਼ਰੂਰ ਨਿਰਧਨ ਹੁੰਦਾ ਸੀ। ਸੋਹਣੀ (ਘੁਮਿਆਰਨ), ਸੱਸੀ (ਧੋਬਣ), ਮਜਨੂੰ (ਗਰੀਬ ਪ੍ਰੇਮੀ), ਰਾਂਝਾ ਅਤੇ ਮਿਰਜ਼ਾ (ਸਾਧਾਰਣ ਜੱਟ) ਅਤੇ ਫਰਹਾਦ (ਮਜ਼ਦੂਰ) ਆਦਿਕ ਵਿਅਕਤੀ ਨਿਰਧਨ ਵਰਗ ਵਿਚੋਂ ਸਨ। ਇਸ ਤਰ੍ਹਾਂ ਕਿੱਸਾ ਕਵੀਆਂ ਨੇ ਆਮ ਅਤੇ ਨਿਰਧਨ ਵਿਅਕਤੀਆਂ ਨੂੰ ਪ੍ਰੇਮ ਦੇ ਪਾਤਰ ਬਣਾ ਕੇ ਆਪਣੇ ਪ੍ਰਗਤੀਸ਼ੀਲ ਹੋਣ ਦਾ ਸਬੂਤ ਪੇਸ਼ ਕੀਤਾ ਹੈ।

5.1.6 **ਕਿੱਸਿਆਂ ਦੇ ਪ੍ਰਤੀਨਿਧ ਲੱਛਣ** : ਡਾ. ਹਰਿਭਜਨ ਸਿੰਘ ਅਨੁਸਾਰ ਸਾਦਗੀ, ਸਦਾਚਾਰ, ਸੁਤੰਤਰਤਾ ਅਤੇ ਸੰਜਮ ਪੰਜਾਬੀ ਕਿੱਸਿਆਂ ਦੇ ਪ੍ਰਮੁੱਖ ਲੱਛਣ ਹਨ। ਕਿੱਸਾ ਕਵੀਆਂ ਨੇ ਪ੍ਰੇਮੀ ਲੋਕਾਂ ਨੂੰ ਆਪਣੀ ਸੁਤੰਤਰਤਾ ਲਈ ਜੂਝਦੇ ਅਤੇ ਸ਼ਹੀਦ ਹੁੰਦਿਆਂ ਵਿਖਾਇਆ ਹੈ। ਭਾਰਤੀ ਮਧਕਾਲ ਦੇ ਸਮੁਚੇ ਸਾਹਿੱਤ ਵਿਚ ਪੰਜਾਬੀ ਨਾਇਕ-ਨਾਇਕਾਵਾਂ ਦਾ ਸੁਭਾਅ ਸਭ ਤੋਂ ਵਿਲੱਖਣ ਹੈ। ਪਰਿਵਾਰਿਕ ਵਰਜਨਾਵਾਂ ਦਾ ਅਜਿਹਾ ਵਿਰੋਧ ਵਿਸ਼ਵ ਦੇ ਹੋਰ ਸਾਹਿੱਤ ਵਿਚ ਨਹੀਂ ਮਿਲਦਾ। ਇਸ ਦੇ ਨਾਲ ਹੀ ਧਿਆਨਯੋਗ ਗੱਲ ਇਹ ਹੈ ਕਿ ਭਾਵੇਂ ਕਿੱਸਿਆਂ ਦੇ ਪਾਤਰ ਮਰਦੇ ਦਮ ਤਕ ਆਪਣੀ ਸੁਤੰਤਰਤਾ ਪ੍ਰਤੀ ਵਚਨਬੱਧ ਰਹਿੰਦੇ ਹਨ ਪਰ ਉਹ ਕਿਤੇ ਵੀ ਸੰਜਮ ਦੀ ਸੀਮਾ ਦਾ ਉਲੰਘਣ ਨਹੀਂ ਕਰਦੇ। ਇਨ੍ਹਾਂ ਕਿੱਸਿਆਂ ਵਿਚ ਬਹੁਤ ਸਾਰੇ ਅਜਿਹੇ ਵੇਰਵੇ ਮਿਲਦੇ ਹਨ, ਜਿਨ੍ਹਾਂ ਤੋਂ ਪਤਾ ਚਲਦਾ ਹੈ ਕਿ ਪੰਜਾਬੀ ਰਹਿਣੀ-ਬਹਿਣੀ ਆਪਣੀ ਸੁਤੰਤਰਤਾ ਨੂੰ ਸਮਾਜਿਕ ਸੰਜਮ ਦੇ ਘੇਰੇ ਵਿਚ ਰੱਖਣਾ ਚਾਹੁੰਦੀ ਹੈ। ਪਰ ਜੇ ਸੰਜਮ ਬੰਧਨ ਬਣ ਕੇ ਨਿੱਜੀ ਸੁਤੰਤਰਤਾ ਦੀ ਸੰਘੀ ਘੁੱਟਣ ਲੱਗੇ ਤਾਂ ਉਸ ਦੇ ਵਿਰੋਧ ਲਈ ਡਟ ਕੇ ਖਲੋ ਜਾਂਦੀ ਹੈ।

## 5.2 ਸ਼ੈਲੀ

ਡਾ. ਹਰਿਭਜਨ ਸਿੰਘ ਦੀ ਗੱਦ-ਸ਼ੈਲੀ ਬੜੀ ਪ੍ਰਭਾਵਸ਼ਾਲੀ, ਪ੍ਰੇਰਨਾ ਭਰਪੂਰ ਅਤੇ ਵਿਦਵਤਾ ਭਰਪੂਰ ਹੈ। ਉਸ ਨੇ ਪੰਜਾਬੀ ਕਿੱਸਾ ਕਾਵਿ ਦੇ ਸਭਿਆਚਾਰਕ ਮਹੱਤਵ ਬਾਰੇ ਬੜੇ ਅਧਿਕਾਰ ਨਾਲ ਲਿਖਿਆ ਹੈ। ਆਪਣੇ ਵਿਚਾਰਾਂ ਦੀ ਪੁਸ਼ਟੀ ਲਈ ਉਸਨੇ ਵਾਰਿਸ ਸ਼ਾਹ ਅਤੇ ਕੁਝ ਹੋਰ ਲੋਕ-ਕਵੀਆਂ ਦੇ ਕਲਾਮ ਵਿਚੋਂ ਕਾਵਿ-ਟੁਕੜੀਆਂ ਪੇਸ਼ ਕੀਤੀਆਂ ਹਨ। ਉਸ ਨੇ 'ਦੁੱਲਾ ਭੱਟੀ' ਨਾਲ ਸੰਬੰਧਿਤ ਇਕ ਲੋਕਗੀਤ ਦੀ ਬੜੀ ਪ੍ਰਮਾਣਿਕ ਵਿਆਖਿਆ ਕੀਤੀ ਹੈ। ਉਸ ਦੀ ਸ਼ੈਲੀ ਸੰਖੇਪ, *ਸੂਤਰਬੱਧ* ਅਤੇ ਵਿਆਖਿਆਮਈ ਹੈ। ਇਹ ਲੇਖ ਪੰਜਾਬੀ ਕਿੱਸਾ ਕਾਵਿ ਦੀ ਪ੍ਰਕ੍ਰਿਤੀ, ਸਰੂਪ ਅਤੇ ਲੱਛਣਾਂ ਬਾਰੇ ਭਰਪੂਰ ਜਾਣਕਾਰੀ ਪ੍ਰਦਾਨ ਕਰਦਾ ਹੈ।

## 6 ਸਾਰ

ਇਸ ਪਾਠ ਵਿਚ ਅਸੀਂ ਤਿੰਨ ਲੇਖਾਂ — ਪੰਜਾਬੀ ਸਭਿਆਚਾਰ ਤੇ ਨਾਰੀ, ਪੰਜਾਬੀ ਸਭਿਆਚਾਰ ਦਾ ਮੌਲਿਕ ਮੁਹਾਂਦਰਾ ਅਤੇ ਪੰਜਾਬੀ ਕਿੱਸਾ ਕਾਵਿ — ਦੇ ਵਿਸ਼ਾ-ਵਸਤੂ, ਸਾਰ ਅਤੇ ਸ਼ੈਲੀ ਬਾਰੇ ਜਾਣਕਾਰੀ ਇਮਤਿਹਾਨੀ ਪੱਖ ਤੋਂ ਹਾਸਿਲ ਕੀਤੀ ਹੈ।

## 7 ਔਖੇ ਸ਼ਬਦਾਂ ਦੇ ਅਰਥ

- *ਬ੍ਰਾਹਮਣੀ ਸਭਿਆਚਾਰ* : ਪੁਜਾਰੀ ਵਰਗ ਦੁਆਰਾ ਸਥਾਪਿਤ ਕਰਮ-ਕਾਂਡ
- *ਬੋਧ* : ਗਿਆਨ ਦੇਣਾ
- *ਅੰਤਰਮੁਖੀ* : ਆਪਣੇ ਆਪ 'ਚ ਸਿਮਟੇ ਰਹਿਣ ਵਾਲੇ
- *ਸਮਝੌਤਾਵਾਦੀ* : ਆਪਣੇ ਫਾਇਦੇ ਲਈ ਤਾਕਤਵਰ ਧਿਰ ਨਾਲ ਭਾਈਵਾਲੀ
- *ਵਚਨਬੱਧ* : ਆਮ ਲੋਕਾਂ ਦੇ ਹਿਤਾਂ ਲਈ ਜਵਾਬਦੇਹ ਹੋਣਾ
- *ਸਭਿਆਚਾਰਕ ਪੰਚਾਇਤ* : ਪਿੰਡ ਦੇ ਸਿਆਣੇ ਲੋਕਾਂ ਦਾ ਇਕੱਠ
- *ਰੂਪਾਂਤਰਣ* : ਹੌਲੀ ਹੌਲੀ ਤਬਦੀਲੀ ਆਉਣੀ
- *ਸੂਤਰਬੱਧ* : ਵਿਚਾਰਾਂ ਨੂੰ ਬੱਝਵੇਂ ਢੰਗ ਨਾਲ ਪੇਸ਼ ਕਰਨਾ

**ਮਹੱਤਵਪੂਰਨ ਪ੍ਰਸ਼ਨ** : ਉਪਰੋਕਤ ਪਾਠ-ਸਾਮਗਰੀ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਉ :

1. ਪੰਜਾਬੀ ਸਭਿਆਚਾਰ ਦਾ ਮੌਲਿਕ ਮੁਹਾਂਦਰਾ ਕੀ ਹੈ ?
2. ਨਿਰਾ ਜੀਣਾ, ਪੰਜਾਬੀਆਂ ਦੀ ਅੰਤਿਮ ਲੋਚਾ ਕਿਉਂ ਨਹੀਂ ਹੈ ?
3. ਸਿੱਖਿਆ ਵਿਚ ਵਾਧੇ ਨੇ ਔਰਤ ਦੀ ਸ਼ਖਸੀਅਤ ਵਿਚ ਕੀ ਤਬਦੀਲੀ ਲਿਆਂਦੀ ਹੈ ?
4. 'ਮਾਸੀ ਨੂੰ ਤਰਸਣਗੇ' ਵਿਅੰਗ ਦਾ ਕੀ ਅਰਥ ਹੈ ?
5. 'ਮੈਰਿਜ ਪੈਲੇਸੀ ਵਿਆਹਾਂ' ਨੇ ਪੰਜਾਬੀ ਸਭਿਆਚਾਰ ਉਤੇ ਕੀ ਪ੍ਰਭਾਵ ਪਾਇਆ ਹੈ ?
6. ਪੰਜਾਬੀ ਸੱਤ ਬਿਗਾਨਿਆਂ ਨੂੰ ਆਪਣੇ ਟੱਬਰ ਦਾ ਜੀਅ ਬਣਾ ਲੈਂਦੇ ਹਨ। ਕਿਵੇਂ ?
7. ਦੁੱਲਾ ਭੱਟੀ ਨੇ ਸੁੰਦਰਾਂ ਦਾ ਵਿਆਹ 'ਸੇਰ ਸ਼ੱਕਰ' ਨਾਲ ਹੀ ਕਿਉਂ ਕਰ ਦਿੱਤਾ ?

ਪਾਠ ਨੰ: 2.3 ਪ੍ਰੋ. ਬ੍ਰਹਮਜਗਦੀਸ਼ ਸਿੰਘ

## ਲੇਖਾਂ ਤ੍ਰਿੰਞਣ, ਮਲਵਈ ਮਰਦਾਂ ਦਾ ਗਿੱਧਾ ਅਤੇ ਪੰਜਾਬੀਆਂ ਦਾ ਖੇਡ ਸਭਿਆਚਾਰ ਦਾ ਵਿਸ਼ਾ-ਵਸਤੂ, ਸਾਰ ਅਤੇ ਸ਼ੈਲੀ

**1. ਭੂਮਿਕਾ**

ਤੁਹਾਡੇ ਸਿਲੇਬਸ ਦੀਆਂ ਲੋੜਾਂ ਅਨੁਸਾਰ ਇਸ ਪਾਠ ਵਿਚ ਸਾਡੀ ਪਾਠ-ਪੁਸਤਕ ਵਿਚ ਦਰਜ ਤਿੰਨ ਲੇਖਾਂ — ਤ੍ਰਿੰਞਣ, ਮਲਵਈ ਮਰਦਾਂ ਦਾ ਗਿੱਧਾ ਅਤੇ ਪੰਜਾਬੀਆਂ ਦਾ ਖੇਡ ਸਭਿਆਚਾਰ — ਬਾਰੇ ਜਾਣਕਾਰੀ ਦਿੱਤੀ ਜਾਵੇਗੀ।

**2. ਮੰਤਵ**

ਇਸ ਪਾਠ ਦਾ ਮੰਤਵ ਉਪਰ ਦੱਸੇ ਗਏ ਤਿੰਨਾਂ ਲੇਖਾਂ ਦੇ ਵਿਸ਼ਾ-ਵਸਤੂ, ਸਾਰ ਅਤੇ ਸ਼ੈਲੀ ਬਾਰੇ ਚਰਚਾ ਕਰਨਾ ਹੈ ਤਾਂ ਕਿ ਤੁਸੀਂ ਇਮਤਿਹਾਨ ਵਿਚ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਤਸੱਲੀਬਖਸ਼ ਢੰਗ ਨਾਲ ਦੇ ਸਕੋਂ।

**3. ਰੂਪ-ਰੇਖਾ**

3.1 ਮੂਲ ਪਾਠ
3.2 ਲੇਖ ਤ੍ਰਿੰਞਣ ਦਾ ਵਿਸ਼ਾ-ਵਸਤੂ
3.3 ਲੇਖ ਦਾ ਸਾਰ
3.4 ਲੇਖ ਦੀ ਸ਼ੈਲੀ
**4. ਲੇਖ ਮਲਵਈ ਮਰਦਾਂ ਦਾ ਗਿੱਧਾ ਦਾ ਵਿਸ਼ਾ-ਵਸਤੂ**
**5. ਲੇਖ ਪੰਜਾਬੀਆਂ ਦਾ ਖੇਡ ਸਭਿਆਚਾਰ ਦਾ ਵਿਸ਼ਾ-ਵਸਤੂ**
5.1 ਲੇਖ ਦਾ ਸਾਰ
5.2 ਲੇਖ ਦੀ ਸ਼ੈਲੀ

**3.1 ਮੂਲ ਪਾਠ**

ਜਿਵੇਂ ਕਿ ਭੂਮਿਕਾ ਵਿਚ ਜ਼ਿਕਰ ਕੀਤਾ ਗਿਆ ਹੈ ਹੁਣ ਅਸੀਂ ਉੱਪਰ ਦਰਸਾਏ ਤਿੰਨਾਂ ਲੇਖਾਂ ਦੇ ਵਿਸ਼ਾ-ਵਸਤੂ, ਸਾਰ ਅਤੇ ਸ਼ੈਲੀ ਬਾਰੇ ਵਿਸਥਾਰ ਵਿਚ ਚਰਚਾ ਕਰਾਂਗੇ।

**3.2 ਲੇਖ ਤ੍ਰਿੰਞਣ ਦਾ ਵਿਸ਼ਾ-ਵਸਤੂ**

ਗਿਆਨੀ ਗੁਰਦਿੱਤ ਸਿੰਘ ਨੇ ਪੰਜਾਬ ਦੇ ਪਿੰਡਾਂ ਦੀ ਬਣਤਰ, ਰਸਮ ਰਿਵਾਜਾਂ, ਖੇਡ-ਤਮਾਸ਼ਿਆਂ, ਮਨੋਰੰਜਨਾਂ ਅਤੇ ਦਿਲ-ਪਰਚਾਵਿਆਂ ਬਾਰੇ ਬੜੇ ਪ੍ਰਮਾਣਿਕ ਢੰਗ ਨਾਲ ਆਪਣੇ ਵਿਚਾਰ ਪ੍ਰਗਟ ਕੀਤੇ ਹਨ। 'ਤ੍ਰਿੰਝਣ' ਪੰਜਾਬੀ ਮੁਟਿਆਰਾਂ ਦੇ ਅਜਿਹੇ ਇਕੱਠ ਨੂੰ ਕਹਿੰਦੇ ਹਨ, ਜਿਥੇ ਬੈਠ ਕੇ ਉਹ ਚਰਖਾ ਕੱਤਣ ਅਤੇ ਸੂਤ ਅਟੇਰਣ ਆਦਿਕ ਦਾ ਕੰਮ ਕਰਦੀਆਂ ਸਨ। ਪੇਂਡੂ ਜੀਵਨ ਵਿਚ ਅਨੇਕ ਤਬਦੀਲੀਆਂ ਆ ਜਾਣ ਦੇ ਫ਼ਲਸਰੂਪ ਪੰਜਾਬਣ ਮੁਟਿਆਰਾਂ ਅਤੇ ਔਰਤਾਂ ਦੀ ਇਹ ਰਸਮ ਹੁਣ ਖ਼ਤਮ ਹੋ ਗਈ ਹੈ। ਹੁਣ ਨਾ ਚਰਖ਼ੇ ਕੱਤਣ ਦੀ ਕੋਈ ਲੋੜ ਰਹੀ ਹੈ ਅਤੇ ਨਾ ਹੀ ਔਰਤਾਂ ਪਾਸ ਏਨੀ ਵਿਹਲ ਹੈ ਕਿ ਉਹ ਇਕੱਠੀਆ ਹੋ ਕੇ ਸੂਤ ਕੱਤਦੀਆਂ ਫਿਰਨ। ਹੁਣ ਘਰ ਦੀਆਂ ਜ਼ਰੂਰਤਾਂ ਲਈ ਕੱਪੜੇ, ਦਰੀਆਂ ਅਤੇ ਖੇਸ-ਚੁਤਹੀਆਂ ਮਾਰਕਿਟ ਵਿਚੋਂ, ਜਦੋਂ ਇੱਛਾ ਹੋਵੇ ਖ਼ਰੀਦੇ ਜਾ ਸਕਦੇ ਹਨ। ਤ੍ਰਿੰਝਣ ਇਕ ਅਜਿਹੀ ਪ੍ਰਯੋਗਸ਼ਾਲਾ ਹੁੰਦੀ ਸੀ ਜਿਥੇ ਬੈਠ ਕੇ ਨਾਰੀਆਂ ਆਪਣੇ ਦੁੱਖ-ਸੁੱਖ ਇਕ ਦੂਜੇ ਨਾਲ ਸਾਂਝੇ ਕਰਦੀਆਂ ਸਨ। ਗਿਆਨੀ ਗੁਰਦਿੱਤ ਸਿੰਘ ਨੇ ਪਿੰਡ ਦੀਆਂ ਕੁੜੀਆਂ ਵਲੋਂ ਤ੍ਰਿੰਝਣਾਂ ਵਿਚ ਕੀਤੇ ਜਾਣ ਵਾਲੇ ਕੰਮਾਂ ਅਤੇ ਗਾਏ ਜਾਣ ਗੀਤਾਂ ਬਾਰੇ ਤਫ਼ਸੀਲ ਪੇਸ਼ ਕੀਤੀ ਹੈ।

### 3.3 ਸਾਰ

ਇਸ ਲੇਖ ਵਿਚ ਗਿਆਨੀ ਗੁਰਦਿੱਤ ਸਿੰਘ ਨੇ ਤ੍ਰਿੰਞਣ ਦੀ ਰਸਮ ਨੂੰ ਬਿਆਨ ਕਰਨ ਵਾਸਤੇ ਆਪਣੇ ਪਿੰਡ ਮਿੱਠੇਵਾਲ ਵਿਖੇ, 1958 ਈ. ਵਿਚ ਇਕ ਤ੍ਰਿੰਞਣ ਲਗਾਉਣ ਦਾ ਆਹਰ ਕੀਤਾ ਸੀ। ਪਿੰਡ ਵਿਚ ਜਾ ਕੇ ਜਦੋਂ ਉਸ ਨੇ ਆਪਣੀ ਮਾਂ ਨਾਲ ਇਹ ਇੱਛਾ ਪ੍ਰਗਟ ਕੀਤੀ ਤਾਂ ਮਾਂ ਨੇ ਉਸ ਨੂੰ ਵਰਜਦਿਆਂ ਹੋਇਆਂ ਕਿਹਾ ਸੀ ਕਿ ਘਰਾਂ ਵਿਚ ਤ੍ਰਿੰਞਣ ਨਹੀਂ ਲਗਾਉਣੇ ਚਾਹੀਦੇ ਕਿਉਂਕਿ ਤ੍ਰਿੰਞਣ ਉਜਾੜ ਭਾਲਦੇ ਹਨ। ਅਰਥਾਤ ਤ੍ਰਿੰਞਣ ਲੱਗਣ ਵਾਲੇ ਘਰ ਉੱਜੜ ਜਾਂਦੇ ਹਨ। ਭਾਵੇਂ ਲੇਖਕ ਦੀ ਮਾਂ ਨੇ ਤਾਂ ਤ੍ਰਿੰਞਣ ਲਾਉਣ ਤੋਂ ਇਨਕਾਰ ਕਰ ਦਿੱਤਾ ਸੀ ਪਰ ਲੇਖਕ ਦੀ ਭੈਣ ਨੂੰ ਤ੍ਰਿੰਞਣ ਲਾਉਣ ਦੀ ਗੱਲ ਸੁਣ ਕੇ ਚਾਅ ਜਿਹਾ ਚੜ੍ਹ ਗਿਆ ਅਤੇ ਉਹ ਆਪਣੀਆਂ ਸਹੇਲੀਆਂ ਨੂੰ ਬੁਲਾਵਾ ਦੇ ਕੇ ਆਈ। ਉਸਦਾ ਸੁਨੇਹਾ ਸੁਣ ਕੇ ਛੇਤੀ ਹੀ ਸਾਰੀਆਂ ਸਹੇਲੀਆਂ ਲੇਖਕ ਦੇ ਘਰ ਵਿਚ ਇਕੱਠੀਆਂ ਹੋ ਗਈਆਂ। ਸਭ ਆਪਣੇ-ਆਪਣੇ ਚਰਖੇ, ਬੋਹਟੇ ਅਤੇ ਫੁੱਲਾਂ ਵਾਲੀਆਂ ਕੱਤਣੀਆਂ ਲੈ ਆਈਆਂ ਸਨ, ਜਿਵੇਂ ਕਥਨ ਹੈ :

ਹੱਥ ਪੂਣੀਆਂ ਢਾਕ ਤੇ ਚਰਖੇ ਚੱਲੀਆਂ ਕੱਤਣੇ ਨੂੰ।

**3.3.1 ਤ੍ਰਿੰਞਣ ਦੀ ਵਿਉਂਤ ਅਤੇ ਤਰਤੀਬ** : ਤ੍ਰਿੰਞਣ ਵਿਚ ਚਰਖਾ ਕੱਤਣ ਆਈਆਂ ਸਾਰੀਆਂ ਕੁੜੀਆਂ ਅਤੇ ਵਹੁਟੀਆਂ ਇਕ ਘੇਰੇ ਵਿਚ ਆਪਣੇ-ਆਪਣੇ ਚਰਖ਼ੇ ਡਾਹ ਕੇ ਬੈਠ ਜਾਂਦੀਆਂ ਹਨ। ਵਿਚਕਾਰ ਛੱਜ ਵਿਚ ਛੋਪ ਪਾ ਕੇ ਗੋਹੜੇ ਜਾਂ ਪੂਣੀਆਂ ਰੱਖੀਆਂ ਜਾਂਦੀਆਂ ਹਨ। ਕਪਾਹ ਵੀ ਅੱਡ-ਅੱਡ ਕਿਸਮ ਦੀ ਹੁੰਦੀ ਹੈ। ਕਿਸੇ ਦੀ ਫੁੱਟਾਂ ਦੀ ਕਪਾਹ, ਕਿਸੇ ਦਾ ਲੋਗੜ, ਕਿਸੇ ਦੀ ਖਾਕੀ ਕਪਾਹ ਆਦਿ। ਕਪਾਹ ਦੀਆਂ ਇਨ੍ਹਾਂ ਕਿਸਮਾਂ ਦੇ ਗੋਹੜੇ ਬਣਾ ਕੇ ਜੋਟੇ ਬਣਾ ਕੇ ਚਿਣ ਲਏ ਜਾਂਦੇ ਹਨ। ਇਸ ਨੂੰ 'ਛੋਪ ਪਾਉਣ ਦੀ ਕ੍ਰਿਆ' ਕਹਿੰਦੇ ਹਨ। ਇਸ ਕ੍ਰਿਆ ਤੋਂ ਪਿਛੋਂ ਇਹ ਫੈਸਲਾ ਕੀਤਾ ਜਾਂਦਾ ਹੈ ਕਿ ਕੱਤਣ ਵਾਲੀਆਂ ਕੁੜੀਆਂ ਦੇ ਸਾਹਮਣੇ ਪੂਣੀਆਂ ਦੇ ਗੁੱਡੇ ਸੁੱਟਣ ਦਾ ਕੰਮ ਕੌਣ ਕਰੇਗੀ। ਕਿਸੇ ਬਣਦੀ-ਤਣਦੀ ਅਤੇ ਛੋਹਲੀ ਮੁਟਿਆਰ ਨੂੰ ਇਹ ਜ਼ਿੰਮੇਵਾਰੀ ਸੌਂਪੀ ਜਾਂਦੀ ਹੈ। ਇਹ ਮੁਟਿਆਰ ਨਾ ਕੇਵਲ ਆਪ ਆਪਣੇ ਹਿੱਸੇ ਦੀਆਂ ਪੂਣੀਆਂ ਕੱਤਦੀ ਹੈ ਬਲਕਿ ਹੋਰ ਮੁਟਿਆਰਾਂ ਨੂੰ ਵੀ ਪੂਣੀਆਂ ਵੰਡਦੀ ਰਹਿੰਦੀ ਹੈ। ਸਾਰੀਆਂ ਮੁਟਿਆਰਾਂ ਦੇ ਚਰਖ਼ੇ ਵੱਖ-ਵੱਖ ਵੰਨਗੀਆਂ ਦੇ ਹੁੰਦੇ ਹਨ-ਕਿਸੇ ਦਾ ਚਰਖਾ ਰੰਗੀਨ ਮੁੰਨੀਆਂ ਵਾਲਾ, ਕਿਸੇ ਦਾ ਅੱਧ-ਪੁਰਾਣਾ, ਕਿਸੇ ਦੇ ਫੱਟਿਆਂ ਉਤੇ ਸ਼ੀਸ਼ੇ ਦੀ ਜੜਤ ਵਾਲਾ। ਇਸ ਤਰ੍ਹਾਂ ਹਰ ਮੁਟਿਆਰ ਦੀ ਸਮਾਜਿਕ-ਪਰਿਵਾਰਕ ਹੈਸੀਅਤ ਦੇ ਅਨੁਸਾਰ ਉਸਦੇ ਚਰਖ਼ੇ ਦੀ ਬਣਤਰ ਵੱਖਰੀ-ਵੱਖਰੀ ਹੁੰਦੀ ਹੈ।

**3.3.2 ਤ੍ਰਿੰਞਣ ਸਮੇਂ ਗਾਏ ਜਾਣ ਵਾਲੇ ਗੀਤ** : ਕੱਤਣ ਦੇ ਕਾਰਜ ਨੂੰ ਮਘਦਾ ਰਖਣ ਲਈ ਕੁੜੀਆਂ ਨਾਲੋਂ-ਨਾਲ ਗੀਤ ਗਾਈ ਜਾਂਦੀਆਂ ਸਨ। ਇਨ੍ਹਾਂ ਗੀਤਾਂ ਵਿਚ ਪੰਜਾਬੀ ਰਿਸ਼ਤਿਆਂ-ਨਾਤਿਆਂ ਦਾ ਬੜਾ ਸਜੀਵ ਅਤੇ ਸੱਚਾ-ਸੁੱਚਾ ਸਭਿਆਚਾਰ ਪੇਸ਼ ਹੁੰਦਾ ਹੈ। ਇਨ੍ਹਾਂ ਗੀਤਾਂ ਦੀਆਂ ਕੁਝ ਵੰਨਗੀਆਂ ਇਸ ਪ੍ਰਕਾਰ ਹਨ :

* ਬੇੜੀ ਦਾ ਪੂਰ ਤ੍ਰਿੰਞਣ ਦੀਆਂ ਕੁੜੀਆਂ, ਸਬੱਬ ਨਾਲ ਹੋਣ ਕੱਠੀਆਂ।
* ਜੋਗੀ ਉਤਰ ਪਹਾੜੋਂ ਆਏ, ਚਰਖ਼ੇ ਦੀ ਘੂਕ ਸੁਣਕੇ।
* ਚਰਖ਼ਾ ਮੈਂ ਆਪਣਾ ਕੱਤਾਂ, ਤੰਦ ਤੇਰਿਆਂ ਦੁੱਖਾਂ ਦੀ ਪਾਵਾਂ।
* ਚੀਕੇ ਚਰਖ਼ਾ ਬਿਸ਼ਨੀਏ ਤੇਰਾ, ਲੋਕਾਂ ਭਾਣੇ ਮੋਰ ਕੂਕਦਾ।
* ਸੱਸੇ ਮੇਰੀਆਂ ਕਰੇਂ ਤਕੜਾਈਆਂ, ਆਪਣੇ ਤੂੰ ਦਿਨ ਭੁੱਲਗੀ।
* ਚਰਖ਼ਾ ਮੇਰਾ ਰੰਗਲਾ ਭੌਣਾ, ਵਿਚ ਸੋਨੇ ਦੀਆਂ ਮੇਖਾਂ।<br>ਮਾਂ ਮੇਰੀ ਦੀਆਂ ਯਾਦਾਂ ਆਵਣ ਜਦ ਚਰਖ਼ੇ ਵਲ ਵੇਖਾਂ।
* ਕਾਠ ਕਾਠ ਚਰਖ਼ਿਆਂ ਵੇ, ਕਾਠ ਕਾਠ ਗੁੱਡੀ।<br>ਤੋਰ ਕੇ ਨਨਾਣ ਨੂੰ, ਭਰਜਾਈਆਂ ਪਾਈ ਲੁੱਡੀ।

**3.3.3 ਲੋਕ ਗੀਤਾਂ ਵਿਚ ਨਣਦ ਅਤੇ ਸੱਸ** : ਤ੍ਰਿੰਞਣ ਸਮੇਂ ਗਾਏ ਜਾਣ ਵਾਲੇ ਗੀਤਾਂ ਵਿਚ ਕੁੜੀਆਂ,

ਨਣਦਾਂ ਅਤੇ ਸੱਸਾਂ ਦੇ ਚੰਦਰੇ ਵਤੀਰੇ ਬਾਰੇ ਵੀ ਆਪਣੇ ਭਾਵ ਨਿਸ਼ੰਗ ਹੋ ਕੇ ਪ੍ਰਗਟ ਕਰਦੀਆਂ ਹਨ। ਪੰਜਾਬੀ ਸਭਿਆਚਾਰ ਵਿਚ ਵਹੁਟੀਆਂ ਨੂੰ ਨਣਦਾਂ ਅਤੇ ਸੱਸਾਂ ਦੇ ਰਹਿਮੋ-ਕਰਮ ਉੱਪਰ ਜਿਉਣਾ ਪੈਂਦਾ ਹੈ। ਸੱਸ ਅਤੇ ਨਣਦ ਦੇ ਰੂਪ ਵਿਚ ਇਹ ਔਰਤਾਂ, ਵਹੁਟੀਆਂ ਦਾ ਜਿਉਣਾ ਦੁੱਭਰ ਕਰੀ ਰੱਖਦੀਆਂ ਹਨ। ਇਹੀ ਕਾਰਨ ਹੈ ਕਿ ਤ੍ਰਿੰਞਣਾਂ ਵਿਚ ਜੁੜੀਆਂ ਵਹੁਟੀਆਂ, ਲੋਕਗੀਤਾਂ ਦੇ ਬਹਾਨੇ ਨਾਲ ਨਣਦਾਂ ਅਤੇ ਸੱਸਾਂ ਨੂੰ ਖ਼ੂਬ ਭੰਡਦੀਆਂ ਹਨ। ਇਸ ਵੰਨਗੀ ਦੇ ਕੁਝ ਗੀਤ ਦੇਖੋ :

* ਜਿਹੜੀ ਤਾਂ ਤੇਰੀ ਭੈਣ ਵੇ, ਸਾਡੀ ਨਣਦ ਵੇ, ਸਾਨੂੰ ਬਹੁਤ ਸਤਾਵੇ।
  ਦੱਬ ਦੇ ਦਿੰਦੀ ਕੱਤਣ ਨੂੰ, ਸਾਥੋਂ ਨਿੱਕਾ ਕਤਾਵੇ।
* ਅੱਗੇ ਸੱਸ ਟੱਕਰੀ ਬਘਿਆੜੀ ਮਾਪਿਆਂ ਨੇ ਰੱਖੀ ਲਾਡਲੀ।
* ਮੇਰੀ ਸੱਸ ਨੇ ਬਾਣੀਆ ਕੀਤਾ, ਭਾਂਡੇ ਭਾਂਡੇ ਪਈਆਂ ਰਿਉੜੀਆਂ।
* ਸੁਨਿਆਰਿਆ ਵੇ ਮੇਰੀ ਨੱਥ ਘੜ ਕੇ ਉਤੇ ਪਾ ਦੇ ਮੋਰਨੀਆਂ।
  ਵੇ ਮੈਂ ਸੱਸ ਮੁਕਲਾਵੇ ਟੋਰਨੀਆਂ।
* ਸੱਸ ਦੇ ਪੰਜਾਹ ਕੁੜੀਆਂ, ਮੱਥਾ ਟੇਕਦੀ ਨੂੰ ਬਾਰਾਂ ਵੱਜ ਜਾਂਦੇ।

3.3.4 **ਲੋਕਗੀਤਾਂ ਵਿਚ ਵੀਰ** : ਪੰਜਾਬੀ ਲੋਕਗੀਤਾਂ ਵਿਚ ਭੈਣਾਂ ਦਾ ਆਪਣੇ ਵੀਰ-ਪ੍ਰੇਮ ਦਾ ਬੜਾ ਸਜੀਵ ਵਰਣਨ ਹੋਇਆ ਹੈ। ਭੈਣਾਂ ਲਈ ਆਪਣਾ ਵੀਰ ਦੁਨੀਆਂ ਦੇ ਸਭ ਮਰਦਾਂ ਨਾਲੋਂ ਸੁੰਦਰ, ਸਜੀਲਾ, ਬਲਵਾਨ ਅਤੇ ਸ਼ਿਰੋਮਣੀ ਹੁੰਦਾ ਹੈ। ਵੀਰ ਦੇ ਉਚੇ ਮਰਤਬੇ ਅਤੇ ਸਜ-ਧਜ ਨੂੰ ਪ੍ਰਗਟ ਕਰਦੇ ਗੀਤ ਇਨ੍ਹਾਂ ਤ੍ਰਿੰਞਣਾਂ ਦੀ ਸ਼ਾਨ ਬਣਦੇ ਹਨ। ਦੇਖੋ :

* ਮੇਰਾ ਵੀਰ ਧਣੀਏ ਦਾ ਬੂਟਾ, ਆਉਂਦਾ ਜਾਂਦਾ ਲਵੇ ਵਾਸ਼ਨਾ।
* ਤੈਨੂੰ ਨੱਤੀਆਂ ਬਹੂ ਨੂੰ ਫੁਲ ਪਾਵਾਂ, ਵਿਆਹ ਕਰਵਾ ਲੈ ਵੀਰਨਾ।
* ਮੇਰੇ ਵੀਰ ਦੀ ਮੇਮ ਨੇ ਆਉਣਾ, ਸੜਕਾਂ ਸਾਫ਼ ਕਰੋ।
* ਤੇਰਾ ਸੋਨੇ ਦੀ ਜ਼ੰਜੀਰੀ ਵਾਲਾ ਕੁੜਤਾ, ਕਿਹੜੇ ਕਿੱਲੇ ਟੰਗਾਂ ਵੀਰਨਾ।
* ਜਿਥੇ ਵੱਜਦੀ ਬੱਦਲ ਵਾਂਗੂੰ ਗੱਜਦੀ ਕਾਲੀ ਡਾਂਗ ਮੇਰੇ ਵੀਰ ਦੀ।

3.3.5 **ਦਿੱਲੀ ਲੁੱਟਣ ਵਾਲਾ ਗੀਤ** : ਇਸ ਤ੍ਰਿੰਞਣ ਵਿਚ ਗਿਆਨ. ਗੁਰਦਿੱਤ ਸਿੰਘ ਦੀ ਮਾਂ ਵੀ ਸ਼ਾਮਲ ਸੀ। ਹੁਣ ਭਾਵੇਂ ਉਹ ਬੁੱਢੀ ਹੋ ਗਈ ਸੀ ਪਰ ਆਪਣੀ ਜਵਾਨੀ ਵਿਚ ਉਹ ਗੀਤ ਗਾਉਣ ਵਿਚ ਬੜੀ ਪ੍ਰਸਿੱਧ ਹੁੰਦੀ ਸੀ। ਤ੍ਰਿੰਞਣ ਦੇ ਅੰਤ ਵਿਚ ਉਸ ਕੋਲੋਂ ਵੀ ਰਿਹਾ ਨਾ ਗਿਆ ਅਤੇ ਉਸ ਨੇ ਇਕ ਹੋਰ ਔਰਤ ਨਾਲ ਰਲ ਕੇ ਆਪਣਾ ਮਨ ਭਾਉਂਦਾ 'ਦਿੱਲੀ ਲੁੱਟਣ ਵਾਲਾ ਗੀਤ' ਸੁਣਾਇਆ। ਇਸ ਗੀਤ ਦੇ ਬੋਲ ਇਸ ਪ੍ਰਕਾਰ ਸਨ :

ਕੱਤਦੀ ਕੱਤਦੀ ਭੈਣਾਂ ਨੀ, ਮੇਰੀ ਪੂਣੀ ਹੱਲੀ।
ਮੈਨੂੰ ਦਿਉ ਵਧਾਈਆਂ ਨੀ, ਮਾਹੀ ਨੇ ਦਿੱਲੀ ਮੱਲੀ।
ਕੱਤਦੀ ਕੱਤਦੀ ਭੈਣਾਂ ਨੀ, ਮੇਰੀ ਪੂਣੀ ਛੁੱਟੀ।
ਮੈਨੂੰ ਦਿਉ ਵਧਾਈਆਂ ਨੀ, ਸੋਹਣੇ ਨੇ ਦਿੱਲੀ ਲੁੱਟੀ।
ਕੱਤਦੀ ਕੱਤਦੀ ਭੈਣਾਂ ਨੀ, ਮੇਰਾ ਮੋਢਾ ਫੁੱਲਿਆ।
ਮੈਨੂੰ ਦਿਉ ਵਧਾਈਆਂ ਨੀ, ਜਾਨੀ ਅਟਕੋਂ ਚੱਲਿਆ।

## 3.4 ਸ਼ੈਲੀ

ਗਿਆਨੀ ਗੁਰਦਿੱਤ ਸਿੰਘ ਪੰਜਾਬੀ ਵਾਰਤਕ ਦਾ ਇਕ ਨਿਪੁੰਨ ਸ਼ੈਲੀਕਾਰ ਮੰਨਿਆ ਜਾਂਦਾ ਹੈ। ਉਸ ਦੀ ਸ਼ੈਲੀ ਮੁਹਾਵਰਿਆਂ, ਅਖਾਣਾਂ ਅਤੇ ਲੋਕਗੀਤਾਂ ਨਾਲ ਸਜੀ ਹੁੰਦੀ ਹੈ। ਉਹ ਮਲਵਈ ਉਪਭਾਸ਼ਾ ਦਾ ਬੜਾ ਸੁਚੱਜਾ

ਪ੍ਰਯੋਗ ਕਰਦਾ ਹੈ। ਇਸ ਲੇਖ ਵਿਚ ਆਏ ਉਸਦੇ ਕੁਝ ਮਲਵਈ ਸ਼ਬਦ ਤੇ ਮੁਹਾਵਰੇ ਇਸ ਪ੍ਰਕਾਰ ਹਨ : *ਧਮੱਚੀ ਪੱਟ ਦੇਣਾ*, ਹੁੰਘਾਰਾ ਭਰਨਾ, ਜਿਹੜਾ ਬੋਲੇ ਉਹੀ ਕੁੰਡਾ ਖੋਲ੍ਹੇ, ਸੰਗ ਲੱਗਣਾ, *ਮਰੈਲੁਣ* ਕੁੜੀ, ਇੱਟ ਚੱਕਦੀ ਨੂੰ ਪੱਥਰ ਤਿਆਰ, ਤੋੜਾ ਝਾੜਨਾ, ਘਰ ਦੀ ਛੱਤ ਨੂੰ ਕਾਂਬਾ ਛਿੜ ਜਾਣਾ, ਅੜਿੱਕਾ ਡਾਹੁਣਾ, ਵਾਰਾ-ਸਾਰਾ ਲੈਣਾ, ਡੁੱਬ ਜਾਣਾ ਚੇਤਾ, ਸੁੱਕੇ ਬਰੂਦ ਵਾਂਗ ਭੜਕਣਾ, ਜੁਆਨੀਉਂ ਜਾਣੀ, *ਬਹੇਲ*, ਨੜੌਆ ਕੱਢਣਾ, ਬਾਂਦਰੀ ਵਾਂਗ ਟਪਾਉਣਾ ਆਦਿਕ। ਇਸ ਲੇਖ ਦਾ ਇਕ ਹੋਰ ਗੁਣ ਵਾਰਤਾਲਾਪ ਦੀ *ਪਰਿਪੱਕਤਾ* ਨਾਲ ਸੰਬੰਧਿਤ ਹੈ। ਲੇਖਕ ਨੇ ਆਪਣਾ ਸਾਰਾ ਲੇਖ ਕੁੜੀਆਂ-ਚਿੜੀਆਂ ਦੀ ਆਪਸੀ ਵਾਰਤਾਲਾਪ ਦੁਆਰਾ ਮੁਕੰਮਲ ਕੀਤਾ ਹੈ। ਇਉਂ ਇਸ ਲੇਖ ਦੀ ਸ਼ੈਲੀ ਵਿਚ ਨਾਟਕੀ ਅਤੇ ਗਲਪੀ ਗੁਣ-ਤੱਤ ਵੀ ਸ਼ਾਮਲ ਹੋ ਗਏ ਹਨ। ਪੰਜਾਬੀ ਸਭਿਆਚਾਰ ਦੇ ਪ੍ਰਸਿੱਧ ਅੰਗ 'ਤ੍ਰਿੰਝਣ' ਦੇ ਬਾਰੇ ਵਿਚ ਇਹ ਲੇਖ ਬੜੀ ਪ੍ਰਮਾਣਿਕ ਜਾਣਕਾਰੀ ਮੁਹੱਈਆ ਕਰਦਾ ਹੈ।

**4. ਲੇਖ ਮਲਵਈ ਮਰਦਾਂ ਦਾ ਗਿੱਧਾ ਦਾ ਵਿਸ਼ਾ-ਵਸਤੂ**

ਡਾ. ਨਾਹਰ ਸਿੰਘ ਪੰਜਾਬ ਦਾ ਪ੍ਰਸਿੱਧ ਸਭਿਆਚਾਰ-ਸ਼ਾਸਤਰੀ ਹੈ। ਉਸ ਨੇ ਪੰਜਾਬੀ ਸਭਿਆਚਾਰ ਦੇ ਵਿਭਿੰਨ ਅੰਗਾਂ ਅਤੇ ਵਿਸ਼ੇਸ਼ ਕਰ ਲੋਕਯਾਨ (Folklore) ਬਾਰੇ ਬੜੀ ਸਿਦਕਦਿਲੀ ਨਾਲ *ਫੀਲਡ-ਵਰਕ* ਕੀਤਾ ਹੈ। ਆਪਣੇ ਨਿਰਣਿਆਂ ਦੀ ਪੁਸ਼ਟੀ ਲਈ ਉਸਨੇ ਅੰਗ੍ਰੇਜ਼ੀ, ਹਿੰਦੀ ਅਤੇ ਪੰਜਾਬੀ ਦੇ ਉੱਘੇ ਲੋਕਯਾਨੀਆਂ ਦੇ ਹਵਾਲੇ ਵੀ ਪੇਸ਼ ਕੀਤੇ ਹਨ। ਵਿਚਾਰਾਧੀਨ ਲੇਖ ਵਿਚ ਉਸਨੇ ਮਾਲਵੇ ਦੇ ਪ੍ਰਸਿੱਧ ਲੋਕ ਨਾਚ ਮਰਦਾਂ ਦੇ ਗਿੱਧੇ ਬਾਰੇ ਬੜੀ ਪ੍ਰਮਾਣਿਕ ਜਾਣਕਾਰੀ ਮੁਹੱਈਆ ਕੀਤੀ ਹੈ। ਲੇਖਕ ਅਨੁਸਾਰ ਪੰਜਾਬ ਦੇ ਭੰਗੜੇ ਦੀ ਰਵਾਇਤ ਲਾਹੌਰ ਦੇ ਪਾਰਲੇ ਇਲਾਕੇ ਵਿੱਚੋਂ ਏਧਰਲੇ ਪੰਜਾਬ ਵਿਚ ਆਈ ਹੈ, ਜਦੋਂ ਕਿ ਮਰਦਾਂ ਦਾ ਗਿੱਧਾ ਮਾਲਵੇ ਦੀ ਇਕ ਪੁਰਾਣੀ ਰਵਾਇਤ ਰਹੀ ਹੈ। ਮਾਲਵੇ ਵਿਚ ਵਿਆਹ ਦੇ ਸਮੇਂ ਬੋਲੀਆਂ, ਪੱਤਲਾਂ, ਹੇਅਰਿਆਂ ਅਤੇ ਸਿੱਠਣੀਆਂ ਨਾਲ ਮਰਦ ਅਤੇ ਔਰਤਾਂ ਇਕ ਦੂਜੇ ਨੂੰ ਮੁਖ਼ਾਤਿਬ ਹੁੰਦੇ ਹਨ। ਲੇਖਕ ਅਨੁਸਾਰ ਇਹ ਟਾਕਰਾ ਆਮ ਤੌਰ ਤੇ ਵਿਆਹ ਦੀ 'ਖੱਟੀ ਰੋਟੀ' ਸਮੇਂ ਜੁੜੇ ਜਾਂਞੀਂ ਮਰਦਾਂ ਅਤੇ ਮਾਂਞੀ ਔਰਤਾਂ ਵਿਚਾਲੇ ਹੁੰਦਾ ਹੈ। ਇਸਤ੍ਰੀਆਂ ਪੱਤਲ ਗਾ ਕੇ ਰੋਟੀ ਬੰਨ੍ਹ ਦਿੰਦੀਆਂ ਹਨ। ਜੰਨ ਵਿਚੋਂ ਕੋਈ 'ਕਵੀਸ਼ਰ' ਉੱਠ ਕੇ ਮੋੜਵੀਂ ਪੱਤਲ ਗਾ ਕੇ ਰੋਟੀ ਖੋਲ੍ਹਦਾ ਹੈ। ਇਹਨਾਂ ਪੱਤਲਾਂ ਵਿਚ ਇਕ-ਦੂਜੇ ਨੂੰ ਮਿਹਣੋਂ-ਮਿਹਣੀਂ ਹੋ ਕੇ ਕੁਝ ਕਾਮੁਕ ਜਿਹੇ ਵਾਕ ਬੋਲ ਦੇਣ ਦੀ ਖੁਲ੍ਹ ਵੀ ਲੈ ਲਈ ਜਾਂਦੀ ਹੈ। ਇਹ ਟਾਕਰਾ ਪੱਤਲ ਤੋਂ ਚੱਲ ਕੇ ਕਈ ਵਾਰ ਸਿੱਠਣੀਆਂ, ਹੇਅਰਿਆਂ ਵਿਚ ਵਟ ਜਾਂਦਾ ਹੈ। ਹਰ ਪਿੰਡ ਵਿਚ ਅਜਿਹੀ ਵਿਲੱਖਣ ਕਾਵਿ-ਪ੍ਰਤਿਭਾ ਵਾਲੇ ਬੰਦੇ ਹੁੰਦੇ ਹਨ ਜਿਨ੍ਹਾਂ ਨੂੰ ਜੰਞ ਵਿਚ ਉਚੇਚੇ ਤੌਰ ਤੇ ਸੱਦਿਆ ਜਾਂਦਾ ਹੈ ਤਾਂ ਕਿ ਕੁੜਮਾਂ ਦੇ ਪਿੰਡ, ਜਾਂਞੀਆਂ ਦੀ ਪਿੱਠ ਨਾ ਲੱਗ ਜਾਵੇ। ਮਾਲਵੇ ਦੇ ਪਿੰਡਾਂ ਵਿਚ ਮੁੰਡੇ ਦੀ ਜੰਞ ਵਾਪਸ ਮੁੜਨ ਵਾਲੀ ਸ਼ਾਮ ਜਾਂ ਰਾਤ ਨੂੰ ਵਿਆਹ ਵਾਲੇ ਘਰ ਮੇਲਣਾਂ ਦਾ ਗਿੱਧਾ ਪੈਂਦਾ ਹੈ। ਇਸ ਸਮੇਂ ਕਈ ਗੱਭਰੂ ਵੀ ਗਿੱਧੇ ਵਿਚ ਮੋੜਵੀਆਂ ਬੋਲੀਆਂ ਪਾਉਣ ਲੱਗਦੇ ਹਨ। ਇਸ ਕ੍ਰਿਆ ਨੂੰ 'ਮਲਵਈ ਮਰਦਾਂ ਦਾ ਗਿੱਧਾ' ਆਖਿਆ ਜਾਂਦਾ ਹੈ।

**4.1 ਸਾਰ**

ਡਾ. ਨਾਹਰ ਸਿੰਘ ਨੇ ਆਪਣੇ ਇਸ ਲੇਖ ਵਿਚ ਮਲਵਈ ਮਰਦਾਂ ਦੇ ਗਿੱਧੇ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਹਨ। ਉਸ ਦਾ ਵਿਚਾਰ ਹੈ ਕਿ ਪੂਰਬੀ ਪੰਜਾਬ ਵਿਚ ਲੋਕ-ਨਾਚਾਂ ਦੀ ਕੋਈ ਲੰਮੀ-ਚੌੜੀ ਪਰੰਪਰਾ ਨਹੀਂ ਹੈ। ਮਰਦਾਂ ਦਾ ਗਿੱਧਾ, ਨਾਚ ਨਾਲੋਂ ਗਾਇਕੀ ਦੇ ਵਧੇਰੇ ਨੇੜੇ ਹੈ। ਪੁਆਧ ਵਿਚ ਜਿਹੜੀ ਥਾਂ ਜਲਸੇ ਦੀ ਰਹੀ ਹੈ, ਮਾਲਵੇ ਵਿਚ ਉਹੀ ਸਥਾਨ ਕਿੱਸਾਕਾਰੀ ਜਾਂ ਕਵੀਸ਼ਰੀ ਨੂੰ ਮਿਲਿਆ ਹੈ। ਮਲਵਈ ਮਰਦਾਂ ਦਾ ਗਿੱਧਾ ਸਥਾਨਕ ਕਵੀਸ਼ਰੀ ਤੇ ਸ਼ਾਇਰਾਂ ਦੀਆਂ ਸ਼ੌਕੀਆ ਢਾਣੀਆਂ ਦੀ ਦੇਣ ਹੈ। ਮਰਦਾਂ ਦਾ ਇਹ ਗਿੱਧਾ ਟੋਲੀਆਂ ਬੰਨ੍ਹ ਕੇ ਪੈਂਦਾ ਹੈ। ਲੇਖਕ ਨੇ ਗਿੱਧੇ ਨਾਲ ਸੰਬੰਧਿਤ ਹਰ ਪੱਖ ਦੀ ਭਰਪੂਰ ਜਾਣਕਾਰੀ ਦਿੱਤੀ ਹੈ।

**4.1.1 ਪਿੰਡਾਂ ਦੀ ਕਵੀਸ਼ਰੀ ਪਰੰਪਰਾ** : ਲੇਖਕ ਅਨੁਸਾਰ ਮਾਲਵੇ ਵਿਚ ਵਿਆਹ ਦੇ ਸਮੇਂ ਜਾਂਞੀਂ ਮਰਦ ਅਤੇ ਮਾਂਞੀਂ ਔਰਤਾਂ ਬੋਲੀਆਂ ਅਤੇ ਸਿੱਠਣੀਆਂ ਆਦਿ ਦੁਆਰਾ ਇਕ ਦੂਜੇ ਨੂੰ ਮੁਖ਼ਾਤਿਬ ਹੁੰਦੇ ਹਨ। ਹਰ ਜੰਞ

ਵਿਚ ਕਵੀਸ਼ਰ ਨੂੰ ਵਿਸ਼ੇਸ਼ ਤੌਰ ਤੇ ਲਿਜਾਇਆਂ ਜਾਂਦਾ ਸੀ ਜੋ ਕੁੜੀ ਵਾਲੀ ਧਿਰ ਵੱਲੋਂ ਪਾਈਆਂ ਜਾਣ ਵਾਲੀਆਂ ਬੋਲੀਆਂ ਦਾ ਮੋੜਵਾਂ ਉੱਤਰ ਦਿੰਦਾ ਸੀ। ਖੱਟ ਵੇਲੇ ਜਦੋਂ ਕੁੜੀਆਂ, ਲਾੜੇ ਤੋਂ ਛੰਦ ਸੁਣਨ ਦੀ ਮੰਗ ਕਰਦੀਆਂ ਸਨ, ਉਸ ਸਮੇਂ ਵੀ ਇਹ ਕਵੀਸ਼ਰ ਲਾੜੇ ਨੂੰ ਛੰਦ ਘੜਨ ਅਤੇ ਸੁਣਾਉਣ ਵਿਚ ਮਦਦ ਕਰਦਾ ਸੀ। ਕਈ ਸ਼ਾਇਰ ਬੋਲੀਆਂ ਦੇ ਇਸ ਮੁਕਾਬਲੇ ਵਿਚ ਅਜਿਹੀਆਂ ਕੜਾਕੇਦਾਰ ਬੋਲੀਆਂ ਸੁਣਾਉਂਦੇ ਸਨ ਕਿ ਕੁੜੀ ਵਾਲੀ ਧਿਰ ਦੀਆਂ ਔਰਤਾਂ ਮੂੰਹ ਵਿਚ ਚੁੰਨੀ ਤੁੰਨ ਕੇ ਹਸਦੀਆਂ ਅਤੇ ਸ਼ਰਮ ਨਾਲ ਲਾਲ ਸੂਹੀਆਂ ਹੋ ਜਾਂਦੀਆਂ ਸਨ। ਪਿੰਡਾਂ ਦੇ ਇਹ ਸ਼ਾਇਰ ਲੋਕ ਜੰਨਾਂ ਵਿਚ ਜਾਣ ਤੋਂ ਬਿਨਾਂ ਆਪਣੀਆਂ-ਆਪਣੀਆਂ ਟੋਲੀਆਂ ਬਣਾ ਕੇ ਮੇਲਿਆਂ-ਮੁਸਾਹਬਿਆਂ ਵਿਚ ਵੀ ਜਾਇਆ ਕਰਦੇ ਸਨ ਅਤੇ ਮੇਲਾ ਵੇਖਣ ਆਏ ਲੋਕਾਂ ਨੂੰ ਆਪਣੀ ਕਵੀਸ਼ਰੀ ਦੁਆਰਾ ਨਿਹਾਲ ਕਰਦੇ ਸਨ। ਗਾਇਕਾਂ ਦੀ ਇਸ ਟੋਲੀ ਦਾ ਮੋਹਰੀ ਜਾਂ ਗੁਰੂ ਸ਼ਾਇਰ ਆਪ ਹੁੰਦਾ ਸੀ ਅਤੇ ਉਹ ਆਪਣੀ ਟੋਲੀ ਵਿਚ ਸ਼ਾਮਲ ਹੋਏ ਗੱਭਰੂਆਂ ਨੂੰ ਬੋਲੀ ਜੋੜਨ, ਸਾਜ਼ ਵਜਾਉਣ ਅਤੇ ਗਿੱਧੇ ਦੀ ਤਾੜੀ ਮਾਰਨ ਦੀ ਬਾਕਾਇਦਾ ਸਿਖਲਾਈ ਦਿੰਦਾ ਸੀ।

4.1.2 **ਗੱਭਰੂਆਂ ਦੀ ਨਿਸੰਗਤਾ** : ਆਪਣੇ ਗੁਰੂ ਤੋਂ ਸਿਖਲਾਈ ਹਾਸਲ ਕਰਕੇ ਇਹ ਗੱਭਰੂ ਬਹੁਤ ਨਿਸ਼ੰਗ ਹੋ ਜਾਂਦੇ ਹਨ। ਇਹ ਗਿੱਧਾ ਪਾਉਣ ਵਾਲੀਆਂ ਔਰਤਾਂ ਨਾਲ ਆਢਾ ਲਾਉਣ ਦੇ ਸਮਰੱਥ ਹੁੰਦੇ ਹਨ ਕਿਉਂਕਿ ਇਹ ਮੌਕੇ ਮੁਤਾਬਿਕ ਆਪਣੇ ਵੱਲੋਂ ਨਵੀਂ ਬੋਲੀ ਵੀ ਜੋੜ ਸਕਦੇ ਹਨ। ਇਹ ਗੱਭਰੂ ਆਪਣੀਆਂ ਚਾਚੀਆਂ, ਤਾਈਆਂ ਅਤੇ ਭੈਣਾਂ-ਭਰਜਾਈਆਂ ਵਿਚ ਖਲੋ ਕੇ ਬੋਲੀਆਂ ਪਾਉਂਦੇ ਰਹਿੰਦੇ ਹਨ। ਜਿਵੇਂ :

ਸੁਣ ਨੀ ਮੇਲਣੇ ਨੱਚਣ ਵਾਲੀਏ, ਮੈਂ ਤੇਰਾ ਜੱਸ ਗਾਵਾਂ।
ਮੰਦਾ ਬੋਲ ਨਾ ਬੋਲਾਂ ਗਿੱਧੇ ਵਿਚ, ਵਧ ਕੇ ਬੋਲੀ ਪਾਵਾਂ।
ਪਾਲਾ ਸਿੰਘ ਮੇਰਾ ਨਾਂ ਸੋਹਣੀਏ, ਮੈਂ ਪਿੰਡਾਂ 'ਚ ਖਾੜੇ ਲਾਵਾਂ।
ਪਿੰਡ ਤਾਂ ਸਾਡੇ ਖਾਸ ਢੁੱਡੀਕੇ, ਸਭ ਗੱਲ ਖੋਲ੍ਹ ਸੁਣਾਵਾਂ।
ਬਾਗ਼ 'ਚ ਫੁੱਲ ਖਿੜਿਆ, ਕਹੇਂ ਤਾਂ ਤੋੜ ਲਿਆਵਾਂ।

4.1.3 **ਇਸਤ੍ਰੀਆਂ ਦਾ ਵੇਸ ਬਣਾ ਲੈਣਾ** : ਕਈ ਗੱਭਰੂ ਘੱਘਰਾ ਪਾ ਕੇ ਅਤੇ ਸਿਰ ਉਤੇ ਚੁੰਨੀ ਲੈ ਕੇ ਇਸਤ੍ਰੀਆਂ ਨਾਲ ਬਰਾਬਰ ਨੱਚਣ ਵੀ ਲੱਗ ਪੈਂਦੇ ਹਨ। ਪਰ ਪਿੰਡਾਂ ਵਿਚ ਅਜਿਹੇ ਨਚਾਰਾਂ ਦੀ ਗਿਣਤੀ ਵਿਰਲੀ ਹੀ ਹੁੰਦੀ ਹੈ ਕਿਉਂਕਿ ਅਜਿਹੇ ਗੱਭਰੂ ਆਪਣੇ ਹਾਣੀਆਂ ਵਿਚ ਮਖੌਲ ਦੇ ਪਾਤਰ ਬਣ ਜਾਂਦੇ ਹਨ। ਇਸ ਲਈ ਮਲਵੈਣਾਂ ਦੇ ਬਰਾਬਰ ਨੱਚਣ ਵਾਲੇ ਗੱਭਰੂਆਂ ਦੀਆਂ ਮਿਸਾਲਾਂ ਟਾਵੀਆਂ-ਟਾਵੀਆਂ ਹੀ ਮਿਲਦੀਆਂ ਹਨ। ਪਰ ਇਸਤ੍ਰੀਆਂ ਦੇ ਗਿੱਧੇ ਵਿਚ ਮਰਦਾਂ ਵੱਲੋਂ ਜ਼ਿਦ-ਜ਼ਿਦ ਕੇ ਬੋਲੀਆਂ ਪਾਉਣ ਦੀਆਂ ਮਿਸਾਲਾਂ ਮਾਲਵੇ ਦੇ ਪਿੰਡਾਂ ਵਿਚ ਆਮ ਮਿਲ ਜਾਂਦੀਆਂ ਹਨ। ਮਾਲਵੇ ਦੇ ਬਹੁਤ ਸਾਰੇ ਖੇਤਰਾਂ-ਖਾਸ ਕਰਕੇ ਲੁਧਿਆਣਾ, ਬਠਿੰਡਾ, ਸੰਗਰੂਰ ਅਤੇ ਫ਼ਰੀਦਕੋਟ ਵਿਚ 'ਗਿੱਧੇ ਦੀਆਂ ਢਾਣੀਆਂ' ਬਣੀਆਂ ਹੋਈਆਂ ਹਨ।

4.1.4 **ਮਰਦਾਂ ਦੇ ਗਿੱਧੇ ਦੀਆਂ ਟੀਮਾਂ** : ਗਿੱਧੇ ਦੀ ਇਕ ਟੀਮ ਵਿਚ ਘੱਟ ਤੋਂ ਘੱਟ ਇਕ ਸ਼ਾਇਰ, ਇਕ ਢੋਲਕ ਵਾਲਾ, ਇਕ ਬੁਘਦੂ ਵਾਲਾ, ਤੂੰਬੇ ਵਾਲਾ, ਇਕ-ਦੋ ਚਿਮਟਿਆਂ ਵਾਲੇ, ਦੋ-ਤਿੰਨ ਗਿੜ੍ਹਦਿਆਂ ਵਾਲੇ ਸਾਜੀ ਅਤੇ ਇਕ-ਦੋ ਹੋਰ ਬੋਲੀਆਂ ਚੁੱਕਣ ਵਾਲੇ ਸ਼ਾਮਲ ਹੁੰਦੇ ਹਨ। ਢਾਣੀ ਦੇ ਮੈਂਬਰਾਂ ਦੀ ਗਿਣਤੀ ਅੱਠ-ਦਸ ਤੋਂ ਲੈ ਕੇ ਵੀਹ-ਪੱਚੀ ਤੱਕ ਹੋ ਸਕਦੀ ਹੈ। ਇਹ ਢਾਣੀ ਆਪਣੇ ਪਿੰਡ ਜਾਂ ਮੁਖੀਏ ਦੇ ਨਾਮ ਨਾਲ ਚਲਦੀ ਹੈ, ਜਿਵੇਂ ਮਿੱਠੇਆਲ ਦਾ ਗਿੱਧਾ, ਪਾਲ ਭੁੱਲਰ ਦੀ ਟੋਲੀ ਜਾਂ ਭਗਤੂ ਦੀ ਢਾਣੀ ਆਦਿਕ। ਇਕ ਢਾਣੀ ਵਿਚ ਮੋਢੀ ਸ਼ਾਇਰ ਇੱਕੋ ਹੁੰਦਾ ਹੈ। ਉਹ ਆਗੂ ਗਿਣਿਆ ਜਾਂਦਾ ਹੈ ਅਤੇ ਬਾਕੀ ਦੇ ਪਾਛੂ। ਇਕ ਢਾਣੀ ਵਿਚ ਦੋ ਬਰਾਬਰ ਦੇ ਸ਼ਾਇਰ ਨਹੀਂ ਸਮਾ ਸਕਦੇ।

4.1.5 **ਮੇਲੇ ਵਿਚ ਲੱਗਣ ਵਾਲੇ ਅਖਾੜਿਆਂ ਦੀ ਵਿਉਂਤ** : ਮੇਲੇ ਦੇ ਭਰੇ ਇਕੱਠ ਵਿਚ ਇਕ ਗੋਲ ਅਖਾੜਾ ਜਮਾ ਲਿਆ ਜਾਂਦਾ ਹੈ। ਚਾਰੇ ਪਾਸੇ ਖੜ੍ਹੇ ਲੋਕਾਂ ਦਾ ਇਕੱਠ ਢਾਣੀ ਨੂੰ ਉਤਸਾਹਿਤ ਕਰਦਾ ਹੈ। ਅਖਾੜੇ

ਦੀ ਇਕ ਕੰਨੀ ਉਤੇ ਸਾਜੀ ਖੜੋ ਜਾਂਦੇ ਹਨ। ਬੁਘਦੂ ਵਾਲਾ ਢੋਲਕ ਵਾਲੇ ਦੇ ਨਾਲ ਜੁੜ ਕੇ ਖੜੋਂਦਾ ਹੈ। ਤੂੰਬੇ ਵਾਲਾ ਵੀ ਇਨ੍ਹਾਂ ਦੇ ਨਾਲ ਖੜਦਾ ਹੈ ਕਿਉਂਕਿ ਤੂੰਬੇ ਅਤੇ ਢੋਲਕ ਦੇ ਤਾਲ ਦਾ ਮਿਲਣਾ ਬੇਹੱਦ ਜ਼ਰੂਰੀ ਹੁੰਦਾ ਹੈ। ਇਨ੍ਹਾਂ ਤੋਂ ਅੱਗੇ ਇਕ ਜਾਂ ਦੋ ਚਿਮਟੇ ਵਾਲੇ ਹੁੰਦੇ ਹਨ। ਇਨ੍ਹਾਂ ਦੇ ਨਾਲ ਹੀ ਕਾਟੋਆਂ ਅਤੇ ਕਿਰਲੇ ਵਾਲੇ ਹੁੰਦੇ ਹਨ। ਕਈ ਵਾਰ ਢਾਣੀ ਵਿਚ ਇਕ ਸੀਟੀ ਵਾਲਾ ਵੀ ਹੁੰਦਾ ਹੈ ਜੋ ਗਿੱਧੇ ਦੇ ਸਾਰੇ ਸਾਜ਼ਾਂ ਨੂੰ ਕੰਟਰੋਲ ਕਰਦਾ ਹੈ। ਢੋਲਕ ਦੀ ਥਾਪ ਅਤੇ ਗਿੜ੍ਹਦਿਆਂ ਦੀ ਠਿੱਪ-ਠਿੱਪ ਦੇ ਨਾਲ-ਨਾਲ ਸੀਟੀ ਵੀ ਵਜਦੀ ਰਹਿੰਦੀ ਹੈ। ਬੋਲੀ ਦੇ ਤੋੜੇ ਦੇ ਦੁਹਰਾਉ ਤੋਂ ਲੈ ਕੇ ਬੋਲੀ ਦੇ ਮੁੱਕਣ ਸਮੇਂ ਸੀਟੀ ਵਾਲਾ ਲੰਮੀ ਸੀਟੀ ਮਾਰ ਕੇ ਬੋਲੀ ਦੀ ਸੰਪੂਰਨਤਾ ਦਾ ਸੰਕੇਤ ਦਿੰਦਾ ਹੈ। ਮਲਵਈ ਗੱਭਰੂਆਂ ਦਾ ਗਿੱਧਾ ਲੰਮੀਆਂ ਅਤੇ ਲੜੀਦਾਰ ਬੋਲੀਆਂ ਵਿਚ ਚੱਲਦਾ ਹੈ। ਹਰ ਬੋਲੀਕਾਰ ਅਖਾੜੇ ਵਿਚ ਸਿੱਧੇ ਗੇੜੇ (ਐਂਟੀ ਕਲਾਕ ਵਾਈਜ਼) ਚਲਦਾ ਹੋਇਆ ਬੋਲੀ ਪਾਉਂਦਾ ਹੈ। ਬੋਲੀਕਾਰ ਸੱਜੇ ਹੱਥ ਦੀ ਪਹਿਲੀ ਉਂਗਲ ਕੰਨ ਵਿਚ ਦੇ ਕੇ ਖੱਬੀ ਬਾਂਹ ਮੋਢੇ ਤੋਂ ਉਪਰ ਚੁੱਕ ਕੇ ਹੱਥ ਫੈਲਾ ਕੇ ਬੋਲੀ ਪਾਉਂਦਾ ਹੈ। ਉਹ ਬੋਲੀ ਦਾ ਆਰੰਭ ਉੱਚੀ ਸਾਰੀ 'ਓ' ਨਾਲ ਕਰਦਾ ਹੈ। ਇਸ ਹੇਕ ਨਾਲ ਅਖਾੜੇ ਦਾ ਹੋਰ ਰੌਲਾ-ਰੱਪਾ ਬੰਦ ਹੋ ਜਾਂਦਾ ਹੈ ਅਤੇ ਸਾਜੀ ਚੁਕੰਨੇ ਹੋ ਜਾਂਦੇ ਹਨ। ਬੋਲੀ ਦੀ ਅੰਤਿਮ ਸਤਰ ਤੇ ਤੋੜੇ ਤਕ ਬੋਲੀਕਾਰ ਇਕੱਲਾ ਹੀ ਬੋਲੀ ਪਾਉਂਦਾ ਜਾਂਦਾ ਹੈ। ਜਿਉਂ ਹੀ ਉਹ ਤੋੜੇ ਦਾ ਬੋਲ ਟਿਕਾ ਕੇ ਸੁੱਟਦਾ ਹੈ, ਢੋਲਕ ਵਾਲਾ ਤਿੰਨ ਮੁਢਲੀਆਂ ਥਾਪਾਂ ਮਾਰ ਕੇ ਸਾਜੀਆਂ ਨੂੰ ਆਰੰਭ ਕਰ ਦਿੰਦਾ ਹੈ। ਤੋੜਾ ਟੁੱਟਦਿਆਂ ਹੀ ਸਾਰੀ ਢਾਣੀ ਤੋੜੇ ਦੇ ਬੋਲਾਂ ਨੂੰ ਸਾਂਝੇ ਉਚਾਰ ਵਿਚ ਚੁੱਕ ਲੈਂਦੀ ਹੈ। ਇਸ ਸਤਰ ਨੂੰ ਪੰਜ-ਸੱਤ ਵਾਰ ਤੇਜ਼ ਬੋਲਾਂ ਵਿਚ ਦੁਹਰਾਇਆ ਜਾਂਦਾ ਹੈ। ਤੋੜੇ ਦੇ ਦੁਹਰਾਉ ਸਮੇਂ ਸੱਪ, ਕਾਟੋਆਂ ਅਤੇ ਚਿਮਟੇ ਵਾਲੇ ਨੱਚਣ ਲੱਗ ਪੈਂਦੇ ਹਨ।

**4.1.6 ਮਲਵਈ ਗੱਭਰੂਆਂ ਦੇ ਨੱਚਣ ਦੀ ਸ਼ੈਲੀ** : ਮਰਦਾਂ ਦੇ ਗਿੱਧੇ ਵਿਚ ਬੋਲੀ ਪਾ ਕੇ ਤੋੜੇ ਉੱਤੇ ਨੱਚਣ ਦਾ ਢੰਗ ਔਰਤਾਂ ਦੇ ਗਿੱਧੇ ਨਾਲ ਸਾਂਝਾ ਹੈ ਪਰ ਜਿੱਥੇ ਔਰਤਾਂ ਤੋੜੇ ਦੇ ਬੋਲਾਂ ਉਤੇ ਖੁਲ੍ਹੇ ਪਿੜ ਵਿਚ ਇਕ-ਦੂਜੇ ਦੇ ਪਿੱਛੇ ਗੇੜੇ ਦੇ ਕੇ ਨੱਚਦੀਆਂ ਹਨ, ਉਥੇ ਮਰਦਾਂ ਦੇ ਗਿੱਧੇ ਵਿਚ ਨਾ ਤਾਂ ਗੇੜਾ ਦਿੱਤਾ ਜਾਂਦਾ ਹੈ ਅਤੇ ਨਾ ਅੱਡੀ ਧਮਕਾ ਕੇ ਨੱਚਿਆਂ ਜਾਂਦਾ ਹੈ। ਮਰਦਾਂ ਦੀ ਤਾੜੀ ਦਾ ਢੰਗ ਵੀ ਔਰਤਾਂ ਤੋਂ ਵੱਖਰਾ ਹੈ। ਜਿਥੇ ਔਰਤਾਂ ਦੇ ਗਿੱਧੇ ਵਿਚ ਬੋਲੀ ਦੇ ਭਾਵਾਂ ਨੂੰ ਸਰੀਰਕ ਮੁਦਰਾਵਾਂ ਦੁਆਰਾ ਪਕੜਿਆ ਅਤੇ ਪੇਸ਼ ਕੀਤਾ ਜਾਂਦਾ ਹੈ, ਉਥੇ ਮਰਦਾਂ ਦੇ ਗਿੱਧੇ ਵਿਚ ਨਾਚ-ਮੁਦਰਾਵਾਂ ਦਾ, ਬੋਲੀ ਵਿਚਲੇ ਭਾਵ ਨਾਲ ਕੋਈ ਸਿੱਧਾ ਸੰਬੰਧ ਨਹੀਂ ਹੁੰਦਾ। ਮਲਵਈ ਮਰਦਾਂ ਦੀ ਸਿੱਧੀ ਜਹੀ ਮੁਦਰਾ ਹੈ- ਪੱਬਾਂ ਭਾਰ ਹੋ ਕੇ, ਤਾੜੀ ਮਾਰਦਿਆਂ ਮੋਢੇ ਨੂੰ ਹੁਲਾਰਾ ਦੇਣਾ ਜਾਂ ਹੱਥਾਂ ਵਿਚਲਿਆਂ ਸਾਜ਼ਾਂ ਨੂੰ ਵਜਾਉਂਦਿਆਂ ਮੋਢਿਆਂ ਨੂੰ ਹਰਕਤ ਵਿਚ ਲਿਆਉਣਾ ਤੇ ਨਾਲੋ-ਨਾਲ ਲੱਕ ਤੋਂ ਉਤਲੇ ਸਾਰੇ ਸਰੀਰ ਨੂੰ ਅਦਾ ਵਿਚ ਹਿਲਾਉਂਦਿਆਂ ਪੂਰੇ ਜੋਸ਼ ਨਾਲ ਤੋੜੇ ਦੇ ਬੋਲਾਂ ਨੂੰ ਉਚਾਰਦੇ ਜਾਣਾ। ਮਲਵਈਆਂ ਦਾ ਗਿੱਧਾ ਨਾਚ ਘੱਟ ਹੈ ਅਤੇ ਗੀਤ-ਸੰਗੀਤ ਵਧੇਰੇ ਹੈ।

**4.1.7 ਗਿੱਧੇ ਵਿਚ ਬੋਲੀਆਂ ਦੀ ਪੇਸ਼ਕਾਰੀ** : ਗਿੱਧੇ ਦੀ ਪੇਸ਼ਕਾਰੀ ਸਮੇਂ ਮਰਦਾਂ ਦੀ ਢਾਣੀ ਸਭ ਤੋਂ ਪਹਿਲਾਂ ਪਰਮੇਸ਼ਰ ਦਾ ਨਾਮ ਧਿਆਉਂਦੀ ਹੈ। ਇਸ ਨੂੰ 'ਮੰਗਲਾਚਰਣ' ਕਿਹਾ ਜਾਂਦਾ ਹੈ। ਮੰਗਲਾਚਰਣ ਦੀਆਂ ਬੋਲੀਆਂ ਵਿਚ ਪਰਮਾਤਮਾ, ਦੇਵੀ-ਦੇਵਤਿਆਂ ਅਤੇ ਗੁਰੂਆਂ-ਪੀਰਾਂ ਦੀ ਸਿਫ਼ਤ ਕੀਤੀ ਜਾਂਦੀ ਹੈ। ਜਿਵੇਂ :

ਦੇਵੀ ਮਾਤਾ ਗੌਣ ਬਖ਼ਸ਼ਦੀ ਨਾਮ ਲਏ ਜੱਗ ਤਰਦਾ।
ਬੋਲੀਆਂ ਪਾਉਣ ਦੀ ਹੋਗੀ ਮਨਸ਼ਾ ਆਕੇ ਗਿੱਧੇ ਵਿਚ ਵੜਦਾ।
ਨਾਲ ਸ਼ੌਕ ਦੇ ਪਾਮਾਂ ਬੋਲੀਆਂ ਮੈਂ ਨੀ ਕਿਸੇ ਤੋਂ ਡਰਦਾ।
ਦੇਵੀ ਦੇ ਚਰਨਾਂ ਤੇ ਸੀਸ ਮੈਂ ਆਪਣਾ ਧਰਦਾ।
ਨਾਓਂ ਪਰਮੇਸ਼ਰ ਦਾ ਲੈ ਕੇ ਗਿੱਧੇ ਵਿਚ ਵੜਦਾ।....

**4.1.8 ਪਟੜੀ ਦੀਆਂ ਬੋਲੀਆਂ** : ਪਟੜੀ ਦੀਆਂ ਬੋਲੀਆਂ ਵਿਚ ਵੱਖੋ-ਵੱਖਰੇ ਪਿੰਡਾਂ ਦੇ ਨਾਂ ਲੈ ਕੇ ਬੋਲੀਆਂ ਪਾਈਆਂ ਜਾਂਦੀਆਂ ਹਨ। ਬੋਲੀਕਾਰ ਜਿੰਨੇ ਵੱਧ ਪਿੰਡਾਂ ਦੇ ਨਾਮ ਲਵੇ, ਉਨ੍ਹਾਂ ਦੇ ਲੱਛਣ ਗਿਣਾਵੇ, ਉਨ੍ਹਾਂ

ਹੀ ਸਫ਼ਲ ਸਮਝਿਆ ਜਾਂਦਾ ਹੈ। ਦੇਖੋ :

ਖੁਰਦ ਮਾਣਕੀ ਕੋਲੋਂ ਕੋਲੀ ਦੀਨੇ ਕੋਲ ਸੁਹਾਣੇ।
ਉਰਲੇ ਪਾਸੇ ਪਿੰਡ ਸਠਾਲਾ ਬੈਠੇ ਨੇ ਲੋਕ ਸਿਆਣੇ।
ਵਡੀ ਬਦੇਸ਼ਾਂ ਪੈਂਦੀ ਨੇੜੇ ਡੁੱਬਗੇ ਉਨ੍ਹਾਂ ਦੇ ਨਿਆਣੇ।
ਢਾਡੇਆਲ ਪਿੰਡ ਸਰਦਾਰਾਂ ਦਾ ਜੀਨੂੰ ਆਮ ਖਾਸ ਵੀ ਜਾਣੇ।
ਟਿੱਬਾ ਪਿੰਡ ਵੈਲੀਆਂ ਦਾ ਜਿਥੇ ਬੁੜ੍ਹੀਆਂ ਰਹਿੰਦੀਆਂ ਠਾਣੇ।
ਪੱਟ ਤੇ ਠੇਕੇ ਨੇ ਧਰਮ ਰਾਜ ਨਾ ਜਾਣੇ।......

**4.1.9 ਕਰਾਰੀਆਂ ਬੋਲੀਆਂ** : ਇਸ ਤੋਂ ਪਿਛੋਂ ਮੁਟਿਆਰਾਂ ਅਤੇ ਰੰਨਾਂ ਦੇ ਜ਼ਿਕਰ ਵਾਲੀਆਂ 'ਕਰਾਰੀਆਂ ਬੋਲੀਆਂ' ਦਾ ਦੌਰ ਸ਼ੁਰੂ ਹੋ ਜਾਂਦਾ ਹੈ। ਜਿਵੇਂ :

ਮੱਥਾ ਨਾਰ ਦਾ ਬਾਲੇ ਚੰਦ ਜੀ ਤੇੜ ਸੀ ਨਵਾਂ ਗਰਾਰਾ।
ਸੱਪ ਵਾਂਗੂੰ ਰੰਨ ਤੁਰਦੀ ਮੇਲ੍ਹਕੇ ਜਿਉਂ ਬੋਤਲ ਵਿਚ ਪਾਰਾ।
ਭੀੜੀ ਵੀਣੀ ਤੇ ਸਜਣ ਚੂੜੀਆਂ ਰਸ ਲੈ ਜੂ ਵਣਜਾਰਾ।
ਭਤੂ ਸਿੰਘ ਜਿਦ੍ਹੇ ਲਿਖ ਤੀ ਕਰਮਾਂ 'ਚ ਸੋਈ ਲਊ ਨਜ਼ਾਰਾ।
ਜਾਂ ਰੱਬ ਮੇਲ ਕਰੇ ਜਾਂ ਕਰਦੇ ਛੁਟਕਾਰਾ।...

**4.1.10 ਸਿੱਟਾ** : ਮਲਵਈ ਬੋਲੀਕਾਰਾਂ ਵਿਚ ਬੋਲੀਆਂ ਪਾਉਣ ਦੀ ਮਾਲੀ (ਸ਼ੀਲਡ) ਉਸ ਢਾਣੀ ਕੋਲ ਸਮਝੀ ਜਾਂਦੀ ਹੈ, ਜਿਹੜਾ ਵੱਧ ਤੋਂ ਵੱਧ ਬੋਲੀਆਂ ਦਾ ਜਾਣਕਾਰ ਹੋਵੇ, ਨਵੀਂ ਬੋਲੀ ਨੂੰ ਵਿਉਂਤ ਨਾਲ ਜੋੜਨ ਦੀ ਕਲਾ ਦਾ ਮਾਹਰ ਹੋਵੇ। ਬੋਲੀ ਨੂੰ ਵੱਧ ਤੋਂ ਵੱਧ ਲੰਮੀ ਬਣਾ ਸਕਦਾ ਹੋਵੇ ਅਤੇ ਤੋੜੇ ਨੂੰ 'ਕੜਾਕਾ' ਬਣਾ ਕੇ ਸੁੱਟੇ। ਉਸ ਕੋਲੋਂ ਆਸ ਕੀਤੀ ਜਾਂਦੀ ਹੈ ਕਿ ਢਾਣੀਆਂ ਵਿਚ ਹੋਣ ਵਾਲੇ ਮੁਕਾਬਲੇ ਵਿਚ ਉਹ ਤੁਰਤ-ਫੁਰਤ ਬੋਲੀ ਜੋੜ ਸਕਦਾ ਹੋਵੇ ਅਤੇ ਦੂਜੀ ਧਿਰ ਦਾ ਕਰਾਰਾ ਉੱਤਰ ਦੇਵੇ। ਗਿੱਧੇ ਦਾ ਰੰਗ ਉਸ ਸਮੇਂ ਬੱਝਦਾ ਹੈ ਜਦੋਂ ਕਰਾਰੀਆਂ ਅਤੇ ਤੱਤੀਆਂ ਬੋਲੀਆਂ ਦੇ ਨਾਲ-ਨਾਲ ਸਾਜ਼ਾਂ ਦੀ ਤਿੱਖੀ ਖੜਕਾਰ ਸਹੀ ਸਾਥ ਦੇਵੇ।

### 4.2 ਸ਼ੈਲੀ

ਡਾ. ਨਾਹਰ ਸਿੰਘ ਸਭਿਆਚਾਰਕ ਲੇਖਾਂ ਦੀ ਸ਼ੈਲੀ ਨੂੰ ਖ਼ੂਬ ਪਹਿਚਾਣਦਾ ਹੈ। ਇਹੀ ਕਾਰਨ ਹੈ ਕਿ ਉਸ ਦੀ ਸ਼ੈਲੀ ਵਿਚ ਆਂਚਲਿਕ ਅਥਵਾ ਮਲਵਈ ਸ਼ਬਦਾਂ ਦਾ ਭਰਪੂਰ ਪ੍ਰਯੋਗ ਕੀਤਾ ਜਾਂਦਾ ਹੈ। ਸਿਧਾਂਤਿਕ ਵੇਰਵੇ ਪੇਸ਼ ਕਰਨ ਸਮੇਂ ਵੀ ਉਹ ਪੰਡਿਤਾਊ ਸ਼ੈਲੀ ਦਾ ਪ੍ਰਯੋਗ ਨਹੀਂ ਕਰਦਾ ਬਲਕਿ ਜੀਵਨ ਦੇ ਠੋਸ ਯਥਾਰਥ ਦੇ ਨੇੜੇ ਰਹਿਣ ਦੀ ਕੋਸ਼ਿਸ਼ ਕਰਦਾ ਹੈ। ਲੋਕਗੀਤਾਂ ਦੀਆਂ ਪੰਕਤੀਆਂ ਦੁਆਰਾ ਉਹ ਸਭਿਆਚਾਰ ਦੇ ਸਿਧਾਂਤਿਕ ਅਤੇ ਵਿਹਾਰਕ ਪੱਖਾਂ ਨੂੰ ਇਕ-ਦੂਜੇ ਦੇ ਨਾਲ-ਨਾਲ ਸਮੇਟੀ ਜਾਂਦਾ ਹੈ। ਉਹ ਇਕ ਅਨੁਭਵੀ ਲੇਖਕ ਹੋਣ ਦੇ ਨਾਲ ਸੁਚੱਜਾ ਸ਼ੈਲੀਕਾਰ ਵੀ ਹੈ।

## 5. ਲੇਖ ਪੰਜਾਬੀਆਂ ਦਾ ਖੇਡ ਸਭਿਆਚਾਰ ਦਾ ਵਿਸ਼ਾ ਵਸਤੂ

ਪ੍ਰੋ. ਸਰਵਣ ਸਿੰਘ ਖੇਡ-ਸਮੀਖਿਅਕ ਵਜੋਂ ਪੰਜਾਬੀ ਸਾਹਿੱਤ ਵਿਚ ਬਹੁਤ ਪ੍ਰਸਿੱਧ ਰਿਹਾ ਹੈ। ਉਸ ਨੇ ਪੰਜਾਬ ਦੇ ਪ੍ਰਸਿੱਧ ਖਿਡਾਰੀਆਂ ਦੇ ਵਿਅਕਤੀ-ਚਿਤਰ ਵੀ ਲਿਖੇ ਹਨ, ਜੋ ਉਸਦੀਆਂ ਵੱਖ-ਵੱਖ ਪੁਸਤਕਾਂ ਦਾ ਸ਼ਿੰਗਾਰ ਬਣ ਚੁਕੇ ਹਨ। ਵਿਚਾਰ ਅਧੀਨ ਲੇਖ ਵਿਚ ਉਸਨੇ ਪੰਜਾਬ ਦੇ ਪ੍ਰਸਿੱਧ ਪਹਿਲਵਾਨਾਂ, ਹਾਕੀ ਖਿਡਾਰੀਆਂ ਅਤੇ ਕ੍ਰਿਕਟ ਆਦਿਕ ਖੇਡਣ ਵਾਲੇ ਕੁਝ ਹੋਰ ਪ੍ਰਮੁੱਖ ਖਿਡਾਰੀਆਂ ਨਾਲ ਜਾਣ-ਪਹਿਚਾਣ ਕਰਵਾਈ ਹੈ। ਉਸ ਦਾ ਵਿਚਾਰ ਹੈ ਕਿ ਅਜੋਕੀਆਂ ਖੇਡਾਂ ਦਾ ਸਰੂਪ ਅਤੇ ਵਿਧੀ-ਵਿਧਾਨ ਬਦਲ ਰਿਹਾ ਹੈ। ਹੁਣ ਖੇਡਾਂ ਦਾ ਸਾਜ਼ੋ-ਸਾਮਾਨ ਅਤੇ ਖੇਡ-ਮੈਦਾਨ ਬਹੁਤ ਮਹਿੰਗੇ ਹੋ ਗਏ ਹਨ। ਇਹੀ ਕਾਰਨ ਹੈ ਕਿ ਭਾਰਤ ਵਰਗੇ ਗ਼ਰੀਬ ਦੇਸ਼ ਖੇਡਾਂ ਦੇ ਖੇਤਰ ਵਿਚ ਪਛੜਦੇ ਜਾ ਰਹੇ ਹਨ। ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਖੇਡ-ਬਜਟਾਂ ਵਿਚ ਵਾਧਾ ਕਰਨ, ਖਿਡਾਰੀਆਂ

ਦੀ ਆਰਥਿਕ ਸਹਾਇਤਾ ਕਰਨ ਤਾਂ ਹੀ ਅਸੀਂ ਖੇਡਾਂ ਦੇ ਖੇਤਰ ਵਿਚ ਵਿਕਸਿਤ ਦੇਸ਼ਾਂ ਦਾ ਮੁਕਾਬਲਾ ਕਰ ਸਕਦੇ ਹਾਂ।

**5.1. ਸਾਰ**

ਇਸ ਲੇਖ ਵਿਚ ਪ੍ਰੋ. ਸਰਵਣ ਸਿੰਘ ਨੇ ਘੋਲ, ਕੁਸ਼ਤੀਆਂ ਅਤੇ ਕਬੱਡੀ ਆਦਿਕ ਰਵਾਇਤੀ ਖੇਡਾਂ ਦੇ ਨਾਲ-ਨਾਲ ਕੁਝ ਇਕ ਆਧੁਨਿਕ ਖੇਡਾਂ ਅਤੇ ਭਾਰਤੀ ਖਿਡਾਰੀਆਂ ਦੇ ਨਾਲ ਜਾਣ-ਪਹਿਚਾਣ ਕਰਵਾਈ ਹੈ। ਲੇਖਕ ਅਨੁਸਾਰ ਕੁਸ਼ਤੀਆਂ ਅਤੇ ਕਬੱਡੀ ਵਰਗੀਆਂ ਖੇਡਾਂ ਪੰਜਾਬੀ ਸਭਿਆਚਾਰ ਦਾ ਇਕ ਅਭਿੰਨ ਅੰਗ ਰਹੀਆਂ ਹਨ ਪਰ ਆਧੁਨਿਕ ਯੁਗ ਵਿਚ ਇਨ੍ਹਾਂ ਖੇਡਾਂ ਦੀ ਮਾਨ-ਮਰਯਾਦਾ ਧੁੰਦਲੀ ਪੈਂਦੀ ਜਾ ਰਹੀ ਹੈ। ਉਸ ਦੀ ਇੱਛਾ ਹੈ ਕਿ ਪੰਜਾਬ ਦੇ ਨੌਜਵਾਨ ਨਸ਼ਿਆਂ ਵਿਚ ਗਰਕ ਹੋ ਕੇ ਆਪਣੀ ਜਵਾਨੀ ਬਰਬਾਦ ਕਰਨ ਦੀ ਬਜਾਇ ਰਿਸ਼ਟ-ਪੁਸ਼ਟ ਹੋ ਕੇ ਖੇਡਾਂ ਵਿਚ ਭਾਗ ਲੈਣ ਅਤੇ ਨਵੇਂ ਕੀਰਤੀਮਾਨ ਸਥਾਪਿਤ ਕਰਨ।

5.1.1 **ਨਹੀਂ ਲੱਭਦੇ ਮੱਲ ਅਖਾੜਿਆਂ ਦੇ** : ਕੋਈ ਸਮਾਂ ਸੀ ਜਦੋਂ ਹਰ ਪਿੰਡ ਵਿਚ ਕੁਸ਼ਤੀਆਂ ਲੜਨ ਵਾਲੇ ਪਹਿਲਵਾਨ ਅਤੇ ਕਬੱਡੀ ਦੇ ਖਿਡਾਰੀ ਮੌਜੂਦ ਹੁੰਦੇ ਸਨ। ਡੰਡ-ਬੈਠਕਾਂ ਮਾਰਨੀਆਂ, ਮੂੰਗਲੀਆਂ ਫੇਰਨਾ, ਮੁਗਧਰ ਚੁੱਕਣੇ, ਰੱਸੇ ਖਿੱਚਣੇ ਅਤੇ ਖੂਹ ਗੇੜਨੇ ਪੰਜਾਬੀ ਨੌਜਵਾਨਾਂ ਦੀਆਂ ਮੁਖ ਕਸਰਤਾਂ ਹੋਇਆ ਕਰਦੀਆਂ ਸਨ ਪਰ *ਪੂੰਜੀਵਾਦੀ ਜੀਵਨ-ਸ਼ੈਲੀ* ਨੇ ਇਨ੍ਹਾਂ ਸਭ ਖੇਡਾਂ ਉਪਰ ਕਾਟਾ ਫੇਰ ਦਿੱਤਾ ਹੈ। ਹੁਣ ਨਰੋਈਆਂ ਖੁਰਾਕਾਂ-ਦੁੱਧ, ਘਿਉ, ਕੜਾਹ, ਪੰਜੀਰੀ, ਬਦਾਮ, ਛੁਹਾਰੇ ਅਧਰਿੜਕੇ, ਮਲਾਈਆਂ ਅਤੇ ਗੁੜ-ਸ਼ੱਕਰ ਗੱਭਰੂਆਂ ਨੂੰ ਪਚਦੇ ਹੀ ਨਹੀਂ। ਇਸ ਸਥਿਤੀ ਵਿਚ ਕਿਕਰ ਸਿੰਘ, ਕੱਲੂ, ਗੁਲਾਮ ਅਤੇ ਗਾਮੇ ਵਰਗੇ ਮੱਲ (ਪਹਿਲਵਾਨ) ਕਿੱਥੋਂ ਲੱਭਣੇ ਹੋਏ। ਇਸ ਪ੍ਰਸੰਗ ਵਿਚ ਪ੍ਰੋ. ਕਰਮ ਸਿੰਘ ਨੇ ਠੀਕ ਹੀ ਲਿਖਿਆ ਹੈ :

ਕਿੱਕਰ, ਕੱਲੂ, ਗੁਲਾਮ, ਇਮਾਮ, ਗਾਮਾ, ਛੱਡ ਗਏ ਜਹਾਨ ਨਿਸ਼ਾਨੀਆਂ ਨੇ।
ਜ਼ਰਾ ਗ਼ੌਰ ਕਰਨਾ ਸਿਆਣੇ ਆਖਦੇ ਨੇ, ਬਹੁਤ ਔਖੀਆਂ ਇਹ ਭਲਵਾਨੀਆਂ ਨੇ।

5.1.2 **ਪੰਜਾਬ ਦੀ ਪਹਿਲਵਾਨੀ ਪਰੰਪਰਾ** : ਗੁਰੂ ਅੰਗਦ ਦੇਵ ਜੀ ਨੇ ਪੰਜਾਬ ਵਿਚ ਕੁਸ਼ਤੀ ਪਰੰਪਰਾ ਨੂੰ ਬਲਵਾਨ ਕਰਨ ਲਈ ਇਕ ਮੱਲ-ਅਖਾੜਾ ਬਣਾਇਆ ਸੀ। ਭਾਰਤ ਵਿਚ ਵਰਤਮਾਨ ਕੁਸ਼ਤੀ ਦਾ ਮੋਢੀ ਉਸਤਾਦ ਨੂਰਉਦੀਨ ਨੂੰ ਮੰਨਿਆ ਜਾਂਦਾ ਹੈ। ਉਹ ਹਰ ਰੋਜ ਦਸ ਹਜ਼ਾਰ ਡੰਡ-ਬੈਠਕਾਂ ਮਾਰਦਾ ਸੀ। ਚਰਾਗ਼ੁੱਦੀਨ ਸਾਢੇ ਸੱਤ ਫੁੱਟ ਲੰਮਾ ਪਹਿਲਵਾਨ ਸੀ। ਬਾਬਾ ਫਤਹਿ ਸਿੰਘ ਏਨਾ ਤਕੜਾ ਪਹਿਲਵਾਨ ਸੀ ਕਿ ਉਸ ਨੇ ਇਕ ਖੂਹ ਵਿਚ ਡਿੱਗੇ ਊਠ ਨੂੰ ਇਕੱਲਿਆਂ ਹੀ ਰੱਸਾ ਪਾ ਕੇ ਬਾਹਰ ਖਿੱਚ ਲਿਆ ਸੀ। ਸਦੀਕਾ ਪਹਿਲਵਾਨ ਇਕ ਝੋਟੇ ਨੂੰ ਆਪਣੇ ਮੋਢਿਆਂ ਉਪਰ ਚੁਕ ਕੇ ਇਕ ਮੀਲ ਤੁਰ ਸਕਦਾ ਸੀ। ਲਾਹੌਰ ਦੇ ਬੂਟੇ ਪਹਿਲਵਾਨ ਵਿਚ ਇਕ ਹਾਥੀ ਜਿੰਨਾ ਜ਼ੋਰ ਸੀ। ਕਿੱਕਰ ਸਿੰਘ ਦਾ ਕੱਦ ਸੱਤ ਫੁਟ ਅਤੇ ਭਾਰ ਸਾਢੇ ਸੱਤ ਮਣ ਸੀ। ਗੁਲਾਮ ਅਤੇ ਕੱਲੂ ਦੋ ਭਰਾ ਸਨ ਅਤੇ ਦੋਵੇਂ ਬੜੇ ਤਕੜੇ ਪਹਿਲਵਾਨ ਸਨ। ਗਾਮਾ ਪੰਜਾਬ ਦਾ ਬੜਾ ਪ੍ਰਸਿੱਧ ਪਹਿਲਵਾਨ ਹੁੰਦਾ ਸੀ। ਉਹ 1910 ਈ. ਵਿਚ ਇੰਗਲੈਂਡ ਗਿਆ ਅਤੇ ਵਿਸ਼ਵ-ਵਿਜੇਤਾ ਬਣਿਆ। ਉਸ ਨੇ 1928 ਵਿਚ ਵਿਸ਼ਵ-ਚੈਂਪੀਅਨ ਜ਼ਬਿਸਕੋ ਅਤੇ 1929 ਵਿਚ ਪੀਟਰਸਨ ਨੂੰ ਹਰਾ ਕੇ ਆਪਣੀ ਤਾਕਤ ਦਾ ਲੋਹ ਮੰਨਵਾਇਆ ਸੀ। ਦਾਰਾ ਦੁਲਚੀਪੁਰੀਏ ਵਾਲਾ ਫ਼ਿਲਮਾਂ ਵਿਚ ਕਿੰਗ ਕਾਂਗ ਨਾਲ ਕੁਸ਼ਤੀਆਂ ਲੜਿਆ ਕਰਦਾ ਸੀ। ਦੂਜਾ ਦਾਰਾ ਸਿੰਘ ਫਰੀ ਸਟਾਈਲ ਕੁਸ਼ਤੀਆਂ ਦਾ ਵਿਸ਼ਵ-ਚੈਂਪੀਅਨ ਰਹਿ ਚੁਕਾ ਹੈ। ਸੁਰ ਸਿੰਘ ਦਾ ਪਹਿਲਵਾਨ ਕਰਤਾਰ ਸਿੰਘ ਕਾਮਨਵੈਲਥ ਖੇਡਾਂ ਅਤੇ ਏਸ਼ਿਆਈ ਖੇਡਾਂ ਦਾ ਚੈਂਪੀਅਨ ਬਣਿਆ ਇਉਂ ਪੰਜਾਬ ਦੇ ਪਹਿਲਵਾਨ ਜਗਤ ਪ੍ਰਸਿੱਧ ਹਨ।

5.1.3 **ਪਹਿਲਵਾਨਾਂ ਦੇ ਅਖਾੜੇ** : ਪੁਰਾਣੇ ਸਮੇਂ ਵਿਚ ਪਿੰਡਾਂ ਦੇ ਲੋਕ ਆਪਣੇ-ਆਪਣੇ ਪਹਿਲਵਾਨਾਂ ਨੂੰ ਪਾਲਦੇ ਸਨ। ਪਹਿਲਵਾਨਾਂ ਦੇ ਨਾਲ ਪਿੰਡਾਂ ਦੀਆਂ ਟੋਲੀਆਂ ਛਿੰਝਾਂ ਤੇ ਜਾਂਦੀਆਂ। ਉਨ੍ਹਾਂ ਦਿਨਾਂ ਵਿਚ ਪਹਿਲਵਾਨ, ਦਰਸ਼ਕਾਂ ਦੇ ਸਾਹਮਣੇ ਹੀ ਚਾਦਰਿਆਂ ਦੀਆਂ ਬੁਕਲਾਂ ਦੀ ਓਟ ਵਿਚ ਜਾਂਘੀਏ ਬੰਨ੍ਹਦੇ ਅਤੇ ਲੰਗੋਟ ਲਾ ਲੈਂਦੇ ਸਨ। ਉਹ ਅਲੀ-ਅਲੀ ਕਰਦੇ ਹੋਏ ਅਖਾੜੇ ਵੱਲ ਵਧਦੇ ਸਨ। ਗੁੱਡੀ ਹੋਈ ਅਖਾੜੇ ਦੀ ਮਿੱਟੀ ਵਿਚ ਘੋਲ ਹੁੰਦੇ

ਸਨ ਅਤੇ ਜਿੰਨਾ ਚਿਰ ਕਿਸੇ ਦੀ ਕੰਡ ਨਾ ਲਗਦੀ, ਕੁਸ਼ਤੀ ਹੁੰਦੀ ਰਹਿੰਦੀ ਸੀ। ਕਈ ਕੁਸ਼ਤੀਆਂ ਘੰਟਿਆਂ ਬੱਧੀ ਚਲਦੀਆਂ ਰਹਿੰਦੀਆਂ। ਆਖਰ ਮੱਲ ਬਰਾਬਰੀ ਤੇ ਛੁਡਾਉਣੇ ਪੈਂਦੇ। ਇਕ ਸਮਾਂ ਸੀ ਜਦੋਂ ਇਕੱਲੇ ਲਾਹੌਰ ਸ਼ਹਿਰ ਵਿਚ ਹੀ ਪੰਜਾਹ ਤੋਂ ਵੱਧ ਕੁਸ਼ਤੀ ਦੇ ਅਖਾੜੇ ਸਨ। ਅੰਮ੍ਰਿਤਸਰ ਵੀ ਅਖਾੜਿਆਂ ਨਾਲ ਭਰਿਆ ਪਿਆ ਸੀ। ਅੰਮ੍ਰਿਤਸਰ ਸ਼ਹਿਰ ਵਿਚ ਅਜੇ ਵੀ 24 ਅਖਾੜੇ ਚਲਦੇ ਹਨ। ਪੰਜਾਬ ਦੇ ਪ੍ਰਸਿੱਧ ਅਖਾੜਿਆਂ ਵਿਚ ਆਲਮਗੀਰ, ਸੇਰੋਂ, ਗੋਲ ਬਾਗ਼ ਅੰਮ੍ਰਿਤਸਰ, ਸੁਰ ਸਿੰਘ,ਹੀਰੋ ਝਾੜਾਂ, ਨਾਂਥਾਂ ਦੀ ਬਗੀਚੀ ਜਲੰਧਰ, ਢਿੱਲਵਾਂ, ਘੁੰਗਰਾਣਾ, ਡੂਮਛੇੜੀ, ਪਟਿਆਲਾ, ਰੌਣੀ, ਸ਼ਾਹਕੋਟ, ਸੈਦੋ ਕੇ, ਫਗਵਾੜਾ, ਬਰਨਾਲਾ, ਫ਼ਰੀਦਕੋਟ, ਬਟਾਲਾ, ਬਠਿੰਡਾ, ਭੱਟੀਆਂ ਅਤੇ ਮਲੇਰਕੋਟਲਾ ਆਦਿ ਹਨ। ਮੰਨਣਹਾਣਾ, ਸ਼ੰਕਰ, ਬੱਬੇਹਾਲੀ, ਦਿਆਲਪੁਰ, ਜਗਰਾਉਂ ਅਤੇ ਪੁਰੇਵਾਲ ਦੀਆਂ ਛਿੰਝਾਂ ਮਸ਼ਹੂਰ ਹਨ।

5.1.4 **ਦਾਅ ਮਾਰਨੇ ਅਤੇ ਰੋਕਣੇ** : ਘੋਲਾਂ ਵਿਚ ਦਾਅ ਮਾਰਨ ਦਾ ਬਹੁਤ ਮਹੱਤਵ ਹੈ। ਅਸਲ ਵਿਚ ਘੋਲ ਹੈ ਹੀ ਦਾਅ ਮਾਰਨ ਤੇ ਰੋਕਣ ਦੀ ਖੇਡ। ਕਲਾਜੰਗ ਮਾਰਨਾ, ਰੇਲਾ ਕਰਨਾ, ਢਾਕ ਚਾੜ੍ਹਨਾ, ਪਟੀਂ ਪੈਣਾ, ਮੁਲਤਾਨੀ ਮਾਰਨੀ, ਅੰਦਰ ਟੰਗੀ, ਬਾਹਰ ਟੰਗੀ, ਧੋਬੀ ਪਟੜਾ, ਮੋੜਾ, ਸੂਤਨੇ ਹੱਥ ਪਾਉਣਾ, ਅੰਦਰਲੀ ਤੇ ਬਾਹਰਲੀ ਮਾਰਨੀ, ਸੁੱਟ ਕਰਨੀ, ਠਿੱਬੀ ਲਾਉਣੀ, ਕਰਚੀ ਮਾਰਨੀ, ਸਫਾਲ ਸੁੱਟਣਾ, ਬਾਹਾਂ ਬੰਨ੍ਹਣੀਆਂ, ਭੰਨ ਕੇ ਢਾਹੁਣਾ, ਝੋਲੀ ਕਰਨੀ, ਗਫੂਆ ਮਾਰਨਾ, ਨਕਾਲੋਂ ਪੁੱਟਣਾ, ਘੋੜੀ ਪਾਉਣੀ, ਮੱਛੀ ਗੋਤਾ ਮਾਰਨਾ, ਗੋਡਾ ਠੋਕਣਾ ਤੇ ਬੜ੍ਹਕਾ ਕੱਢਣਾ ਆਦਿਕ ਅਨੇਕਾਂ ਦਾਅ ਹਨ ਜਿਹੜੇ ਪੰਜਾਬੀਆਂ ਦੀ ਦੇਸ਼ੀ ਕੁਸ਼ਤੀ ਦੇ ਮੁੱਖ ਦਾਅ ਹਨ।

5.1.5 **ਪੰਜਾਬੀਆਂ ਦੀਆਂ ਲੋਕ-ਖੇਡਾਂ** : ਪ੍ਰੋ. ਸਰਵਣ ਸਿੰਘ ਨੇ ਆਪਣੇ ਇਸ ਲੇਖ ਵਿਚ ਪੰਜਾਬੀਆਂ ਦੀਆਂ 100 ਤੋਂ ਵੱਧ ਲੋਕ-ਖੇਡਾਂ ਵੱਲ ਸੰਕੇਤ ਕੀਤਾ ਹੈ। ਇਨ੍ਹਾਂ ਵਿਚੋਂ ਬਹੁਤ ਸਾਰੀਆਂ ਖੇਡਾਂ ਹੁਣ ਲੋਪ ਹੋ ਗਈਆਂ ਹਨ ਅਤੇ ਬਾਕੀ ਦੀਆਂ ਲੋਪ ਹੋਣ ਦੇ ਕਿਨਾਰੇ ਤੇ ਹਨ। ਕੁਝ ਖੇਡਾਂ ਨੇ ਆਧੁਨਿਕ ਰੂਪ ਧਾਰਨ ਕਰ ਲਿਆ ਹੈ। ਪੰਜਾਬ ਦੀਆਂ ਪ੍ਰਸਿੱਧ ਲੋਕ-ਖੇਡਾਂ ਇਹ ਹਨ; ਕੁਸ਼ਤੀ, ਕਬੱਡੀ, ਬਾਜ਼ੀ, ਸੌਂਚੀ, ਗੱਤਕਾ, ਨੇਜ਼ਾਬਾਜ਼ੀ, ਖਿਦੋ ਖੂੰਡੀ, ਗੁੱਲੀ ਡੰਡਾ, ਰੱਖੜਾ, ਸ਼ਕਰ ਭਿੱਜੀ, ਡੰਡਾ ਡੁੱਕ, ਬਾਰਾਂ ਗੀਟੀ, ਖੱਡਾ, ਕਲੀ-ਜੋਟਾ, ਤਾਸ਼ ਆਦਿਕ। ਗੀਟੇ, ਅੱਡੀ-ਛੜੱਪਾ, ਬੁੱਢੀ ਮਾਈ, ਥਾਲ ਜਾਂ ਖਿੱਦੋ, ਛਟਾਪੂ, ਭੰਡਾ ਭੰਡਾਰੀਆ, ਦਾਈ-ਦੁੱਕੜੇ, ਕਿੱਲਾ, ਪਿੱਠੂ, ਅੰਨ੍ਹਾ ਝੋਟਾ, ਪਤੰਗਬਾਜ਼ੀ, ਊਚ-ਨੀਚ, ਰਾਜਾ ਮੰਗੇ ਬੱਕਰੀ, ਕਿਣ ਮਿਣ ਕਾਣੀ ਕੌਣ ਕਿਣਿਆਂ ਆਦਿਕ ਬਾਲ-ਖੇਡਾਂ ਹਨ। ਇਸ ਤੋਂ ਬਿਨਾਂ ਪਸ਼ੂਆਂ ਅਤੇ ਟਰੈਕਟਰਾਂ ਆਦਿ ਦੀਆਂ ਦੌੜਾਂ ਵੀ ਲੋਕ-ਖੇਡਾਂ ਦਾ ਅੰਗ ਬਣ ਚੁਕੀਆਂ ਹਨ।

5.1.6 **ਹਾਕੀ ਅਤੇ ਹੋਰ ਖੇਡਾਂ** : ਹਾਕੀ ਦੀ ਖੇਡ ਪੰਜਾਬੀਆਂ ਦੀ ਹਰਮਨ ਪਿਆਰੀ ਖੇਡ ਹੈ। 1928 ਦੀਆਂ ਓਲਿੰਪਿਕ ਖੇਡਾਂ ਵਿਚ ਪੰਜਾਬ ਦੇ ਪੰਜ ਖਿਡਾਰੀ ਸਨ। ਇਸ ਟੀਮ ਨੇ ਗੋਲਡ ਮੈਡਲ ਜਿੱਤਿਆ ਸੀ। ਇਸ ਤੋਂ ਪਿਛੋਂ ਵੀ ਭਾਰਤੀ ਟੀਮ ਲਗਾਤਾਰ ਗੋਲਡ ਮੈਡਲ ਹਾਸਲ ਕਰਦੀ ਰਹੀ। 1947 ਵਿਚ ਦੇਸ਼-ਵੰਡ ਤੋਂ ਪਿਛੋਂ ਕਈ ਵਰ੍ਹੇ ਭਾਰਤ ਜਾਂ ਪਾਕਿਸਤਾਨ ਵਿਚੋਂ ਹੀ ਕੋਈ ਇਕ ਦੇਸ਼ ਗੋਲਡ ਮੈਡਲ ਜਿੱਤਦਾ ਰਿਹਾ ਪਰੰਤੂ ਪਿਛਲੇ ਦੋ-ਤਿੰਨ ਦਹਾਕਿਆਂ ਤੋਂ ਯੂਰਪੀਅਨ ਦੇਸ਼ ਵੀ ਚੰਗੀ ਕਾਰ-ਗੁਜ਼ਾਰੀ ਦਿਖਾਉਣ ਲੱਗ ਪਏ ਹਨ। ਪੰਜਾਬ ਦੇ ਹਾਕੀ ਖਿਡਾਰੀਆਂ ਵਿਚ ਬਲਬੀਰ ਸਿੰਘ (ਤਿੰਨ ਖਿਡਾਰੀ), ਊਧਮ ਸਿੰਘ, ਪ੍ਰਿਥੀਪਾਲ ਸਿੰਘ, ਅਜੀਤ ਪਾਲ ਸਿੰਘ ਅਤੇ ਪ੍ਰਗਟ ਸਿੰਘ ਪ੍ਰਸਿੱਧ ਰਹੇ ਹਨ। ਮਿਲਖਾ ਸਿੰਘ, ਗੁਰਬਚਨ ਸਿੰਘ, ਦਲੀਪ ਸਿੰਘ, ਕਮਲਜੀਤ ਕੌਰ ਸੰਧੂ, ਮਨਜੀਤ ਕੌਰ ਅਤੇ ਪ੍ਰਦੁਮਣ ਸਿੰਘ ਪੰਜਾਬ ਦੇ ਸ਼ਿਰੋਮਣੀ ਅਥਲੀਟ ਰਹਿ ਚੁਕੇ ਹਨ। ਅਭਿਨਵ ਬਿੰਦਰਾ ਨੇ ਸ਼ੂਟਿੰਗ ਵਿਚ ਗੋਲਡ ਮੈਡਲ ਜਿੱਤ ਕੇ ਪੰਜਾਬ ਦਾ ਨਾਮ ਰੌਸ਼ਨ ਕੀਤਾ ਹੈ। ਫੁਟਬਾਲ ਦੀ ਖੇਡ ਵਿਚ ਜਰਨੈਲ ਸਿੰਘ ਅਤੇ ਇੰਦਰ ਸਿੰਘ ਨੂੰ ਵਿਸ਼ੇਸ਼ ਨਾਮਣਾ ਖੱਟਿਆ ਹੈ। ਨਵੀਂ ਪੀੜ੍ਹੀ ਕ੍ਰਿਕਟ, ਟੈਨਿਸ ਅਤੇ ਗੋਲਫ਼ ਵਰਗੀਆਂ ਮਹਿੰਗੀਆਂ ਖੇਡਾਂ ਵੱਲ ਰੁਚਿਤ ਹੋ ਰਹੀ ਹੈ।

## 5.2 ਸ਼ੈਲੀ

ਪ੍ਰੋ. ਸਰਵਣ ਸਿੰਘ ਦੀ ਗਿਣਤੀ ਪੰਜਾਬੀ ਦੇ ਪ੍ਰਮੁੱਖ ਸ਼ੈਲੀਕਾਰਾਂ ਵਿਚ ਹੁੰਦੀ ਹੈ। ਉਹ ਮਲਵਈ ਭਾਸ਼ਾ

ਦੇ ਨਿੱਗਰ ਅਤੇ ਆਮ ਬੋਲ-ਚਾਲ ਦੇ ਸ਼ਬਦਾਂ ਦੁਆਰਾ ਆਪਣੀ ਸ਼ੈਲੀ ਨੂੰ ਨਾਟਕੀ ਅਤੇ ਸਹਿਜ ਸੁਭਾਵਿਕ ਬਣਾ ਲੈਂਦਾ ਹੈ। ਉਹ ਪੰਜਾਬੀ ਮੁਹਾਵਰਿਆਂ ਅਤੇ ਅਖੌਤਾਂ ਦਾ ਵੀ ਭਰਪੂਰ ਪ੍ਰਯੋਗ ਕਰਦਾ ਹੈ। ਇਹੀ ਕਾਰਨ ਹੈ ਕਿ ਉਸ ਨੂੰ ਸ਼ੈਲੀ ਦਾ ਜਾਦੂਗਰ ਕਿਹਾ ਜਾਂਦਾ ਹੈ। 'ਸ਼ੈਲੀ ਹੀ ਸ਼ਖਸੀਅਤ ਹੈ' (Style is the man) ਦਾ ਕਥਨ ਉਸਦੀ ਗੱਦ-ਸ਼ੈਲੀ ਉਪਰ ਪੂਰਨ ਭਾਂਤ ਢੁਕਦਾ ਹੈ।

**6. ਸਾਰ**

ਇਸ ਪਾਠ ਰਾਹੀਂ ਅਸੀਂ ਪਾਠ-ਪੁਸਤਕ ਦੇ ਤਿੰਨ ਲੇਖਾਂ – ਤ੍ਰਿੰਞਣ, ਮਲਵਈ ਮਰਦਾਂ ਦਾ ਗਿੱਧਾ ਅਤੇ ਪੰਜਾਬੀਆਂ ਦਾ ਖੇਡ ਸਭਿਆਚਾਰ – ਦੇ ਵਿਸ਼ਾ-ਵਸਤੂ, ਸਾਰ ਅਤੇ ਸ਼ੈਲੀ ਬਾਰੇ ਵਿਸਥਾਰ ਵਿਚ ਚਰਚਾ ਕੀਤੀ ਹੈ। ਤੁਸੀਂ ਇਹ ਪੜ੍ਹਕੇ ਆਪਣੇ ਇਮਤਿਹਾਨਾਂ ਲਈ ਵਧੀਆ ਤਿਆਰੀ ਕਰ ਸਕਦੇ ਹੋ।

**7. ਔਖੇ ਸ਼ਬਦਾਂ ਦੇ ਅਰਥ**

- *ਧਮੱਚੀ ਪੱਟ ਦੇਣਾ* : ਪੂਰੇ ਜ਼ੋਰ-ਸ਼ੋਰ ਨਾਲ ਕੰਮ ਕਰਨਾ
- *ਮੁਰ੍ਹੈਲਣ ਕੁੜੀ* : ਅਗਵਾਈ ਕਰਨ ਵਾਲੀ ਮੁਟਿਆਰ
- *ਬਹੇਲ* : ਵਿਗੜੀ ਹੋਈ
- *ਪਰਿਪੱਕਤਾ* : ਪੱਕੀ ਹੋਈ, ਮਾਂਜੀ-ਸੰਵਾਰੀ ਸ਼ੈਲੀ
- *ਫੀਲਡ ਵਰਕ* : ਲੋਕ-ਸਾਹਿਤ ਇਕੱਤਰ ਕਰਨ ਲਈ ਪਿੰਡਾਂ ਵਿਚ ਜਾ ਕੇ ਉਦਮ ਕਰਨਾ
- *ਤੋੜੇ* : ਬੋਲੀ ਦਾ ਅੰਤਲਾ ਵਾਕ
- *ਪੂੰਜੀਵਾਦੀ ਜੀਵਨ-ਸ਼ੈਲੀ* : ਪੈਸੇ ਅਤੇ ਮੁਨਾਫ਼ੇ ਨੂੰ ਮੁੱਖ ਰੱਖ ਕੇ ਕੋਈ ਕੰਮ ਕਰਨ ਵਾਲਾ ਵਿਹਾਰ

**8. ਮਹੱਤਵਪੂਰਨ ਪ੍ਰਸ਼ਨ** : ਉਪਰੋਕਤ ਪਾਠ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਉ :

1. 'ਤ੍ਰਿੰਞਣ' ਕਿਸ ਨੂੰ ਕਹਿੰਦੇ ਹਨ?
2. ਤ੍ਰਿੰਞਣ ਦੇ ਸਭਿਆਚਾਰਕ ਮਹੱਤਵ ਬਾਰੇ ਤੁਸੀਂ ਕੀ ਜਾਣਦੇ ਹੋ ?
3. ਮਰਦਾਂ ਦੇ ਗਿੱਧੇ ਅਤੇ ਮੁਟਿਆਰਾਂ ਦੇ ਗਿੱਧੇ ਵਿਚ ਕੀ ਅੰਤਰ ਹੈ ?
4. ਮਰਦਾਂ ਦੇ ਗਿੱਧੇ ਵਿਚ ਵਰਤੇ ਜਾਣ ਵਾਲੇ ਸਾਜ਼ਾਂ ਦੇ ਨਾਮ ਦੱਸੋ।
5. ਪੰਜਾਬ ਦੇ ਪੰਜ ਪ੍ਰਸਿੱਧ ਪਹਿਲਵਾਨਾਂ ਦੇ ਨਾਮ ਦੱਸੋ।
6. ਪੰਜਾਬ ਦੇ ਪੰਜ ਹਾਕੀ ਖਿਡਾਰੀਆਂ ਦੇ ਨਾਮ ਦੱਸੋ।

ਪਾਠ ਨੰ: 2.4 ਪ੍ਰੋ. ਬ੍ਰਹਮਜਗਦੀਸ਼ ਸਿੰਘ

## ਲੇਖਾਂ ਚਾਰ ਚਿਰਾਗ, ਜੰਞ ਘਰ ਬਨਾਮ ਮੈਰਿਜ ਪੈਲੇਸ ਅਤੇ ਸਭਿਆਚਾਰਕ ਅਧਿਐਨ ਤੇ ਵਿਸ਼ਲੇਸ਼ਣ ਦਾ ਵਿਸ਼ਾ-ਵਸਤੂ, ਸਾਰ ਤੇ ਸ਼ੈਲੀ

**1. ਭੂਮਿਕਾ**

ਇਸ ਪਾਠ ਰਾਹੀਂ ਤੁਸੀਂ ਪਾਠ-ਪੁਸਤਕ ਦੇ ਤਿੰਨ ਲੇਖਾਂ — ਚਾਰ-ਚਿਰਾਗ, ਜੰਞ ਘਰ ਬਨਾਮ ਮੈਰਿਜ ਪੈਲੇਸ ਅਤੇ ਸਭਿਆਚਾਰਕ ਅਧਿਐਨ ਤੇ ਵਿਸ਼ਲੇਸ਼ਣ — ਦੇ ਵਿਸ਼ਾ-ਵਸਤੂ, ਸਾਰ ਅਤੇ ਸ਼ੈਲੀ ਬਾਰੇ ਜਾਣਕਾਰੀ ਹਾਸਿਲ ਕਰੋਗੇ।

**2. ਮੰਤਵ**

ਇਸ ਪਾਠ ਦਾ ਮੰਤਵ ਉਪਰ ਦਰਸਾਏ ਗਏ ਤਿੰਨਾਂ ਲੇਖਾਂ ਦੇ ਵੱਖ ਵੱਖ ਪੱਖਾਂ ਬਾਰੇ ਚਰਚਾ ਕਰਕੇ ਤੁਹਾਨੂੰ ਇਮਤਿਹਾਨੀ ਪੱਖ ਤੋਂ ਸਮੱਗਰੀ ਪ੍ਰਾਪਤ ਕਰਾਉਣਾ ਹੈ।

**3. ਪਾਠ ਦੀ ਰੂਪ-ਰੇਖਾ**

3.1 ਮੂਲ ਪਾਠ
3.2 ਲੇਖ ਚਾਰ-ਚਿਰਾਗ ਦਾ ਵਿਸ਼ਾ-ਵਸਤੂ
3.3 ਲੇਖ ਦਾ ਸਾਰ
3.4 ਲੇਖ ਦੀ ਸ਼ੈਲੀ

**4. ਲੇਖ ਜੰਞ ਘਰ ਬਨਾਮ ਮੈਰਿਜ ਪੈਲੇਸ ਦਾ ਵਿਸ਼ਾ-ਵਸਤੂ**

4.1 ਲੇਖ ਦਾ ਸਾਰ
4.2 ਲੇਖ ਦੀ ਸ਼ੈਲੀ

**5. ਲੇਖ ਸਭਿਆਚਾਰ ਅਧਿਐਨ ਤੇ ਵਿਸ਼ਲੇਸ਼ਣ**

5.1 ਲੇਖ ਦਾ ਸਾਰ
5.2 ਲੇਖ ਦੀ ਸ਼ੈਲੀ

**6. ਸਾਰ**

**7. ਔਖੇ ਸ਼ਬਦਾਂ ਦੇ ਅਰਥ**

**8. ਮਹੱਤਵਪੂਰਨ ਪ੍ਰਸ਼ਨ**

**3.1 ਮੂਲ ਪਾਠ**

ਇਸ ਪਾਠ ਰਾਹੀਂ ਹੁਣ ਅਸੀਂ ਉਪਰ ਦੱਸੇ ਤਿੰਨ ਲੇਖਾਂ ਦੇ ਵਿਸ਼ਾ-ਵਸਤੂ, ਸਾਰ ਅਤੇ ਸ਼ੈਲੀ ਵਾਲੇ ਪੱਖਾਂ ਬਾਰੇ ਚਰਚਾ ਕਰਦੇ ਹਾਂ।

**3.2 ਲੇਖ ਚਾਰ ਚਿਰਾਗ ਦਾ ਵਿਸ਼ਾ ਵਸਤੂ :**

'ਚਾਰ ਚਿਰਾਗ਼' ਦੂਰਦਰਸ਼ਨ ਦੇ ਪ੍ਰਸਿੱਧ ਅਸਿਸਟੈਂਟ ਡਾਇਰੈਕਟਰ, ਪ੍ਰੋਡਿਊਸਰ ਅਤੇ ਨਾਟਕਕਾਰ ਸ. ਹਰਜੀਤ ਸਿੰਘ ਦਾ ਇਕ ਲਲਿਤ ਨਿਬੰਧ ਹੈ। ਇਸ ਲੇਖ ਵਿਚ ਉਸ ਨੇ ਪੰਜਾਬ ਦੇ ਇਕ ਮਜ਼ਾਰ ਉਪਰ ਲੱਗਣ ਵਾਲੇ ਮੇਲੇ ਦਾ ਵਰਣਨ ਕੀਤਾ ਹੈ। ਅਜੋਕੇ ਪੂੰਜੀਵਾਦੀ ਦੌਰ ਵਿਚ ਰਵਾਇਤੀ ਮੇਲਿਆਂ ਪ੍ਰਤੀ ਲੋਕਾਂ ਦਾ ਬਹੁਤਾ ਉਤਸ਼ਾਹ ਨਹੀਂ ਰਿਹਾ। ਸਰਕਸਾਂ ਵਾਲਿਆਂ ਦੇ ਤੰਬੂ ਪਾਟ ਗਏ ਹਨ। ਵਰ੍ਹਦੇ ਮੀਂਹ ਵਿਚ ਕਿੱਸਿਆਂ ਵਾਲਿਆਂ ਦੇ ਕਿੱਸੇ ਅਤੇ ਖਿਡੌਣੇ ਵੇਚਣ ਵਾਲਿਆਂ ਦੇ ਖਿਡੌਣੇ ਭਿੱਜਦੇ ਰਹਿੰਦੇ ਹਨ। ਇਸ ਤਰ੍ਹਾਂ ਮੀਂਹ ਕੋਈ ਕੁਦਰਤੀ ਵਰਤਾਰਾ ਨਾ ਰਹਿ ਕੇ ਆਧੁਨਿਕ

ਪੂੰਜੀਵਾਦੀ ਯੁਗ ਦਾ ਇਕ ਪ੍ਰਤੀਕ ਬਣ ਗਿਆ ਹੈ, ਜਿਥੇ ਪੁਰਾਣੀ ਕਦਰਾਂ-ਕੀਮਤਾਂ ਖ਼ਤਮ ਹੁੰਦੀਆਂ ਜਾ ਰਹੀਆਂ ਹਨ। ਲੇਖਕ ਨੇ ਪੁਰਾਣੇ ਸਭਿਆਚਾਰ ਪ੍ਰਤੀ ਹੇਰਵੇ ਦੇ ਭਾਵ ਆਪਣੇ ਇਸ ਲੇਖ ਵਿਚ ਬਿਆਨ ਕੀਤੇ ਹਨ।

**3.3 ਸਾਰ**

ਇਸ ਲੇਖ ਵਿਚ ਹਰਜੀਤ ਸਿੰਘ ਨੇ ਪੰਜਾਬ ਵਿਚ ਪੀਰਾਂ ਦੇ ਇਕ ਮਜ਼ਾਰ ਉਪਰ ਲੱਗਣ ਵਾਲੇ ਮੇਲੇ ਦੇ ਦੋ-ਦ੍ਰਿਸ਼ ਇਕ ਦੂਜੇ ਉਪਰ *ਸੁਪਰ-ਇੰਪੋਜ਼* ਕੀਤੇ ਹਨ। ਜਦੋਂ ਲੇਖਕ ਇਸ ਮੇਲੇ ਦਾ ਫਿਲਮਾਂਕਣ ਕਰਨ ਲਈ ਨਿਸ਼ਚਿਤ ਸਥਾਨ ਉਪਰ ਪਹੁੰਚਦਾ ਹੈ ਤਾਂ ਉਸਦੀ ਚੇਤਨਾ ਵਿਚ ਬਚਪਨ ਵਿਚ ਦੇਖੇ ਹੋਏ ਮੇਲੇ ਦੇ ਦ੍ਰਿਸ਼ ਘੁੰਮਣ ਲੱਗਦੇ ਹਨ। ਲੇਖਕ *ਫਲੈਸ਼-ਬੈਕ ਦੀ ਵਿਧੀ* ਦੁਆਰਾ ਇਨ੍ਹਾਂ ਦੋਹਾਂ ਦ੍ਰਿਸ਼ਾਂ ਨੂੰ ਇਕ-ਦੂਜੇ ਦੇ *ਸਮਵਿੱਥ* ਅਤੇ *ਸਮਾਨਾਂਤਰ* ਰੱਖ ਕੇ ਰੂਪਮਾਨ ਕਰ ਦਿੰਦਾ ਹੈ। ਇਹੀ ਵਿਧੀ ਇਸ ਲੇਖ ਦੀ ਮੁਖ ਵਿਸ਼ੇਸ਼ਤਾ ਹੈ।

3.3.1 **ਸ਼ੂਟਿੰਗ ਤੇ ਜਾਣਾ** : ਇਸ ਲੇਖ ਵਿਚ ਹਰਜੀਤ ਸਿੰਘ ਨੇ ਆਪਣੇ ਯੂਨਿਟ ਵੱਲੋਂ ਇਕ ਧਾਰਮਿਕ ਮੇਲੇ ਦੀ ਸ਼ੂਟਿੰਗ ਤੇ ਜਾਣ ਬਾਰੇ ਵਿਚਾਰ ਅੰਕਿਤ ਕੀਤੇ ਹਨ। ਜਾਂਦਿਆਂ-ਜਾਂਦਿਆਂ ਰਾਹ ਵਿਚ ਭੂਤਾਂ-ਪ੍ਰੇਤਾਂ ਬਾਰੇ ਚਰਚਾ ਹੋਣ ਲੱਗੀ ਤਾਂ ਲੇਖਕ ਦੀਆਂ ਨਜ਼ਰਾਂ ਦੇ ਸਾਹਮਣੇ 'ਮਟੀਆਂ ਵਾਲਾ ਬਾਵਾ' ਘੁੰਮਣ ਲੱਗ ਪਿਆ ਜੋ ਅੱਧੀ ਰਾਤ ਨੂੰ ਆਪਣੇ ਇਕ ਹੱਥ ਵਿਚ ਦੀਵਿਆਂ ਦਾ ਥਾਲ ਅਤੇ ਦੂਜੇ ਵਿਚ ਸੰਗਲ ਫੜ੍ਹ ਕੇ ਆਪਣੇ ਲੰਬੇ ਕਾਲੇ ਵਾਲਾਂ ਵਾਲਾ ਸਿਰ ਜ਼ੋਰ-ਜ਼ੋਰ ਦੀ ਇਉਂ ਘੁਮਾਉਂਦਾ ਸੀ ਜਿਵੇਂ ਉਸਦਾ ਸਿਰ, ਧੜ ਨਾਲ ਵੱਖ ਹੋ ਗਿਆ ਹੋਵੇ। ਇਹ ਦ੍ਰਿਸ਼ ਬਹੁਤ ਰਹੱਸਮਈ ਅਤੇ ਡਰਾਉਣਾ ਹੁੰਦਾ ਸੀ।

3.3.2 **ਮੇਲੇ ਦੀ ਲੋਕੇਸ਼ਨ** : ਅਜਿਹੀਆਂ ਗੱਲਾਂ-ਬਾਤਾਂ ਕਰਦਿਆਂ ਪੂਰਾ ਯੂਨਿਟ ਮੇਲੇ ਦੀ *ਲੋਕੇਸ਼ਨ* ਤੇ ਪਹੁੰਚ ਗਿਆ। ਬੱਦਲਵਾਈ ਦਾ ਮੌਸਮ ਹੋਣ ਕਰਕੇ ਧੁੱਪ ਬੜੀ ਮੱਧਮ ਸੀ। ਕੈਮਰੇ ਨੂੰ ਇਕ ਉੱਚੀ ਛੱਤ ਤੇ ਟਿਕਾ ਕੇ ਪੂਰਾ ਯੂਨਿਟ ਮੇਲਾ ਵੇਖਣ ਵਿਚ ਰੁੱਝ ਗਿਆ। ਲੇਖਕ ਇਕ ਲੈਂਜ਼ ਰਾਹੀਂ ਮੇਲੇ ਦੀ ਭੀੜ ਨੂੰ ਦੇਖਣ ਲੱਗ ਪਿਆ। ਅਚਾਨਕ ਉਸਦੀ ਨਜ਼ਰ ਇਕ ਬੱਚੇ ਉਪਰ ਪਈ ਜੋ ਆਪਣੇ ਨਿੱਕੇ-ਨਿੱਕੇ ਹੱਥਾਂ ਨਾਲ ਭੀੜ ਨੂੰ ਚੀਰਦਾ ਹੋਇਆ ਅੱਗੇ ਵਧ ਰਿਹਾ ਸੀ। ਉਸ ਦੇ ਹਫ਼ੇ ਹੋਏ ਮਾਸੂਮ ਚਿਹਰੇ ਨੂੰ ਵੇਖ ਕੇ ਲੇਖਕ ਨੂੰ ਆਪਣਾ ਬਚਪਨ ਯਾਦ ਆ ਗਿਆ। ਛੋਟਾ ਹੁੰਦਾ ਉਹ ਵੀ ਮੇਲਾ ਦੇਖਣ ਜਾਇਆ ਕਰਦਾ ਸੀ।

3.3.3 **ਲੇਖਕ ਦਾ ਬਚਪਨ ਅਤੇ ਮੇਲੇ ਦਾ ਦ੍ਰਿਸ਼** : ਬਚਪਨ ਵਿਚ ਲੇਖਕ ਮੇਲਾ ਦੇਖਣ ਜਾਇਆ ਕਰਦਾ ਸੀ। ਮੇਲੇ ਵਿਚ ਰੰਗ ਬਰੰਗੇ ਗੁਬਾਰੇ, ਸੀਟੀਆਂ, ਹਰੀਆਂ ਪੀਲੀਆਂ ਐਨਕਾਂ ਅਤੇ ਤੂਤੀਆਂ ਵੇਚਣ ਵਾਲੇ ਲੋਕ, ਲੇਖਕ ਨੂੰ ਬਹੁਤ ਪਸੰਦ ਸਨ। ਕਿਸੇ ਪਾਸੇ ਥਮਲੇ ਨਾਲ ਢੋਅ ਲਗਾ ਕੇ ਕਵੀਸ਼ਰ ਲੋਕ ਕਿੱਸੇ ਗਾ ਰਹੇ ਹੁੰਦੇ ਸਨ। ਪਰਲੇ ਪਾਸੇ ਘੁੱਕਰ, ਦਹੂਦ ਬਾਦਸ਼ਾਹ, ਕਰਤਾਰੋ ਜਮੀਤਾ, ਜੈ ਕੁਰ, ਬਿਸ਼ਨ ਸਿੰਘ, ਜਾਨੀ ਚੋਰ, ਕੇਹਰ ਸਿੰਘ ਦੀ ਮੌਤ, ਸੁੱਚਾ ਸਿੰਘ ਸੂਰਮਾ, ਮੱਲ ਸਿੰਘ ਡਾਕੂ, ਬੰਤੋ ਕੰਧ ਟੱਪਣੀ ਅਤੇ ਨਰੈਣੀ ਨਾਰ ਦੇ ਕਿੱਸੇ ਪਏ ਹੁੰਦੇ ਸਨ। ਕਿਧਰੇ ਅਲਗੋਜ਼ੇ ਅਤੇ ਬੰਸਰੀਆਂ ਵੇਚਣ ਵਾਲੇ ਰੌਣਕ ਲਾਈ ਬੈਠੇ ਹੁੰਦੇ ਸਨ। ਮੇਲੇ ਵਿਚ ਫੋਟੋ ਖਿੱਚਣ ਵਾਲੇ, ਸਰਕਸਾਂ ਵਾਲੇ, ਹੱਥਾਂ-ਬਾਹਾਂ ਉਪਰ ਨਾਮ ਛਾਪਣ ਵਾਲੇ ਦੁਕਾਨਦਾਰਾਂ ਦੀ ਵੱਖਰੀ ਟੌਅਰ ਹੁੰਦੀ ਸੀ। ਸਰਕਸਾਂ ਵਾਲੇ ਵੀ ਖ਼ੂਬ ਰੌਲਾ-ਰੱਪਾ ਪਾ ਕੇ ਦਰਸ਼ਕਾਂ ਨੂੰ ਆਪਣੇ ਵੱਲ ਆਕ੍ਰਸ਼ਿਤ ਕਰ ਰਹੇ ਹੁੰਦੇ ਸਨ।

3.3.4 **ਪਹਿਲਵਾਨਾਂ ਦੇ ਘੋਲ** : ਮੇਲਾ ਵੇਖਣ ਆਏ ਲੋਕ ਪਹਿਲਵਾਨਾਂ ਦੇ ਘੋਲਾਂ ਨੂੰ ਬੜੇ ਚਾਅ ਨਾਲ ਵੇਖਦੇ ਸਨ। ਅਖਾੜੇ ਵਿਚ ਢੋਲ ਨਿਰੰਤਰ ਵਜਦਾ ਰਹਿੰਦਾ ਸੀ। ਬਿੱਕਰ ਅਤੇ ਚੰਦ ਨਾਮ ਦੇ ਪਹਿਲਵਾਨ ਕਾਫ਼ੀ ਪ੍ਰਸਿੱਧ ਸਨ। ਕੁਸ਼ਤੀਆਂ ਲੜਨ ਸਮੇਂ ਦੋਵੇਂ ਪਹਿਲਵਾਨ ਅਜਿਹੇ ਦਾਅ ਮਾਰਦੇ ਕਿ ਲੋਕ ਦੰਗ ਰਹਿ ਜਾਂਦੇ। ਸਾਰੇ ਲੋਕ ਆਪਣੇ-ਆਪਣੇ ਪਹਿਲਵਾਨਾਂ ਦਾ ਵਧ-ਚੜ੍ਹ ਕੇ ਹੌਸਲਾ ਵਧਾਉਂਦੇ ਸਨ। ਬਿੱਕਰ ਨੇ ਬੜੀ ਫੁਰਤੀ ਨਾਲ ਕੈਂਚੀ ਦਾ ਦਾਅ ਲਾਇਆ ਅਤੇ ਚੰਦ ਨੂੰ ਢਾਹ ਲਿਆ। ਇਹ ਘੋਲ ਇਨ੍ਹਾਂ ਮੇਲਿਆਂ ਦੀ ਆਖਰੀ ਝਾਕੀ ਹੁੰਦੇ ਸਨ। ਘੋਲਾਂ ਤੋਂ ਬਾਅਦ ਭੀੜ ਖਿੰਡ-ਪੁੰਡ ਜਾਂਦੀ ਅਤੇ ਮੇਲਾ ਖ਼ਤਮ ਹੋ ਜਾਂਦਾ ਸੀ।

3.3.5 **ਖਾਨਗਾਹ ਵਿਚ ਚਿਰਾਗ਼ਾਂ ਦਾ ਬਲਣਾ** : ਰਾਤ ਨੂੰ ਖ਼ਾਨਗਾਹ ਵਿਚ ਚਿਰਾਗ਼ ਬਲਣ ਲਗਦੇ ਸਨ।

ਹਰੇ ਚੋਗੇ ਵਾਲਾ ਜਟਾਧਾਰੀ ਫ਼ਕੀਰ ਇਕ ਹੱਥ ਵਿਚ ਮੋਰ-ਖੰਭ ਅਤੇ ਦੂਜੇ ਹੱਥ ਵਿਚ ਕਾਸਾ ਲੈ ਕੇ ਉੱਚੀ-ਉੱਚੀ ਕੂਕਣ ਲੱਗਦਾ ਸੀ। ਜਿਵੇਂ ਹੀ ਢੋਲੀ ਆਪਣੇ ਢੋਲਾਂ ਦੀ ਤਾਲ ਨੂੰ ਤਿੱਖੀ ਕਰਦੇ ਤਾਂ ਉਹ ਆਪਣਾ ਸਿਰ ਜ਼ੋਰ-ਜ਼ੋਰ ਦੀ ਘੁਮਾਉਣ ਲਗਦਾ ਸੀ। ਪ੍ਰੇਤ-ਰੂਹਾਂ ਨਾਲ ਭਰਮਾਏ ਲੋਕ 'ਖੇਡਣਾ' ਸ਼ੁਰੂ ਕਰ ਦਿੰਦੇ ਸਨ। ਇਹ ਸਾਰਾ ਨਜ਼ਾਰਾ ਬੜਾ ਰੋਮਾਂਚਿਕ ਹੁੰਦਾ ਸੀ ਅਤੇ ਲੋਕਾਂ ਦੇ ਲੂੰ-ਕੰਡੇ ਖੜ੍ਹੇ ਹੋ ਜਾਂਦੇ ਸਨ। ਰਾਤ ਨੂੰ ਕੱਵਾਲ ਲੋਕ ਕਵਾਲੀਆਂ ਦਾ ਗਾਇਨ ਵੀ ਕਰਦੇ ਸਨ। ਇਸ ਤਰ੍ਹਾਂ ਪੀਰਾਂ ਦੇ ਮਜ਼ਾਰ ਉਪਰ ਲੱਗਣ ਵਾਲਾ ਮੇਲਾ ਕਈ ਤਰ੍ਹਾਂ ਦੇ ਅਦਭੁਤ ਅਤੇ ਵਿਸਮਾਦੀ ਰੰਗ ਬਖੇਰ ਕੇ ਖ਼ਤਮ ਹੋ ਜਾਂਦਾ ਸੀ।

3.3.6 **ਫਿਲਮਾਂਕਣ ਸ਼ੁਰੂ ਕਰਨਾ** : ਲੇਖਕ ਅਜੇ ਆਪਣੇ ਬਚਪਨ ਦੀਆਂ ਯਾਦਾਂ ਵਿਚ ਹੀ ਖੋਇਆ ਹੋਇਆ ਸੀ ਕਿ ਕੈਮਰਾਮੈਨ ਨੇ ਉਸ ਨੂੰ ਝੰਜੋੜ ਕੇ ਧੁੱਪ ਨਿਕਲਣ ਬਾਰੇ ਦੱਸਿਆ। ਲੇਖਕ ਆਪਣੇ ਵਰਤਮਾਨ ਵਿਚ ਵਾਪਸ ਮੁੜ ਆਇਆ। ਉਸ ਨੂੰ ਮੇਲੇ ਦਾ ਦ੍ਰਿਸ਼ ਬੜਾ ਉਦਾਸ ਅਤੇ ਬੇਜਾਨ ਜਿਹਾ ਲੱਗਾ। ਖ਼ਾਨਗਾਹ ਦੇ ਚਿਰਾਗ਼ ਮੱਧਮ ਰੋਸ਼ਨੀ ਦੇ ਰਹੇ ਸਨ। ਕਵਾਲੀਆਂ ਗਾਉਣ ਵਾਲੇ ਬੁੱਢੇ ਅਤੇ ਬੇਸੁਰੇ ਹੋ ਗਏ ਸਨ। ਪਰ ਸਿਨੇਮਾ, ਕਾਨਫਰੰਸਾਂ, ਟਰੈਕਟਰਾਂ ਅਤੇ ਕੀੜੇਮਾਰ ਦਵਾਈਆਂ ਵੇਚਣ ਵਾਲਿਆਂ ਦੇ ਸਪੀਕਰ ਕੰਨ ਪਾੜ ਰਹੇ ਸਨ। ਸਰਕਸ ਦਾ ਤੰਬੂ ਪੁਰਾਣਾ ਹੋ ਗਿਆ ਸੀ ਅਤੇ ਕਈ ਥਾਵਾਂ ਤੋਂ ਫਟ ਚੁਕਾ ਸੀ। ਏਨੇ ਨੂੰ ਫੇਰ ਬੱਦਲਵਾਈ ਹੋ ਗਈ। ਕੋਈ-ਕੋਈ ਕਣੀ ਵੀ ਡਿੱਗਣ ਲੱਗ ਪਈ। ਸਰਕਸ ਦੇ ਮੈਨੇਜਰ ਨੇ ਬੱਦਲਾਂ ਨੂੰ ਵੇਖ ਕੇ ਕਿਹਾ ਕਿ ਅਸੀਂ ਤਾਂ ਭੁੱਖੇ ਵੀ ਸੌਂ ਰਹਾਂਗੇ ਪਰ ਸਰਕਸ ਦੇ ਜਾਨਵਰਾਂ ਨੂੰ ਤਾਂ ਭੁੱਖਿਆਂ ਨਹੀਂ ਰੱਖਿਆ ਜਾ ਸਕਦਾ। ਏਨੇ ਚਿਰ ਨੂੰ ਜ਼ੋਰ ਦੀ ਮੀਂਹ ਵਸਣ ਲੱਗ ਪਿਆ ਅਤੇ ਮੇਲੇ ਵਿਚ ਆਪਣਾ ਸਮਾਨ ਵੇਚਣ ਆਏ ਦੁਕਾਨਦਾਰਾਂ ਦੇ ਚਿਹਰੇ ਉਪਰ ਉਦਾਸੀ ਦੀ ਗਹਿਰੀ ਪਰਤ ਛਾ ਗਈ।

3.3.7 **ਬਦਲੀਆਂ ਪਰਿਸਥਿਤੀਆਂ** : *ਪੂੰਜੀਵਾਦੀ ਸੰਸਕ੍ਰਿਤੀ* ਨੇ ਇਨ੍ਹਾਂ ਮੇਲਿਆਂ ਦਾ ਪੁਰਾਤਨ ਗੌਰਵ ਖੋਹ ਲਿਆ ਹੈ। ਕਿੱਸੇ ਵੇਚਣ ਵਾਲਾ ਘੁੱਕਰ ਕਵੀਸ਼ਰ ਹੁਣ ਬੁੱਢਾ ਹੋ ਗਿਆ ਸੀ। ਉਸ ਦੀ ਮੈਲੀ ਚਾਦਰ ਉਤੇ ਪਏ ਕਿੱਸਿਆਂ ਨੂੰ ਖਰੀਦਣ ਅਤੇ ਪੜ੍ਹਨ ਵਾਲੇ ਲੋਕ ਲੋਪ ਹੋ ਗਏ ਸਨ। ਜਲੇਬੀਆਂ ਵਾਲਿਆਂ ਨੇ ਮੀਂਹ ਪੈਂਦਾ ਦੇਖ ਕੇ ਜਲੇਬੀ ਦੇ ਥਾਲਾਂ ਨੂੰ ਮੋਮਜਾਮਿਆਂ ਨਾਲ ਢਕ ਲਿਆ। ਤੋਤਿਆਂ ਅਤੇ ਭੰਬੀਰੀਆਂ ਦਾ ਰੰਗ ਚੋਅ-ਚੋਅ ਕੇ ਧਰਤੀ ਉਤੇ ਵਗਣ ਲੱਗ ਪਿਆ। ਗਰਜਦੇ ਹੋਏ ਕਾਲੇ ਸ਼ਾਹ ਬੱਦਲਾਂ ਨੂੰ ਵੇਖ ਕੇ ਕੈਮਰਾਮੈਨ ਨੇ ਲੇਖਕ ਨੂੰ *ਪੈਕਅੱਪ* ਕਰਨ ਲਈ ਬੇਨਤੀ ਕੀਤੀ ਅਤੇ ਇਉਂ ਸਾਰਾ ਯੂਨਿਟ ਕਾਰ ਵਿਚ ਬੈਠ ਕੇ ਵਾਪਸ ਦੂਰਦਰਸ਼ਨ ਕੇਂਦਰ ਵੱਲ ਰਵਾਨਾ ਹੋ ਗਿਆ।

### 3.4 ਸ਼ੈਲੀ :

ਲੇਖਕ ਨੇ ਬੜੀ ਭਾਵੁਕ ਅਤੇ ਅਲੰਕਾਰਕ ਸ਼ੈਲੀ ਵਿਚ ਇਸ ਲੇਖ ਦੀ ਰਚਨਾ ਕੀਤੀ ਹੈ। ਇਹੀ ਕਾਰਨ ਹੈ ਕਿ ਇਸ ਲੇਖ ਦੀ ਪ੍ਰਕ੍ਰਿਤੀ 'ਸਭਿਆਚਾਰ ਤੇ ਵਿਚਾਰ' ਪੁਸਤਕ ਵਿਚ ਸੰਕਲਿਤ ਹੋਰ ਸਾਰੇ ਲੇਖਾਂ ਤੋਂ ਭਿੰਨ ਹੈ। ਲੇਖਕ ਦੀ ਦ੍ਰਿਸ਼-ਚਿਤ੍ਰਣ ਪ੍ਰਤਿਭਾ ਅਦੁਤੀ ਹੈ। ਦੇਖੋ :

> ਮੂੰਗ-ਮੋਤੀਏ ਤੇ ਜ਼ਹਿਰਮੋਰੀਏ ਸਾਫ਼ਿਆਂ ਵਾਲੇ ਗੱਭਰੂ ਉੱਲਰ-ਉੱਲਰ ਕੇ ਇਉਂ ਕਿੱਸੇ ਬੋਚ ਰਹੇ ਸਨ ਜਿਵੇਂ ਰੰਗਦਾਰ ਚਿਤਕਬਰੇ ਬਲੌਰੀ ਕਬੂਤਰ ਫੜ੍ਹ ਰਹੇ ਹੋਣ। ਇਕ ਟੋਕਰੀ ਵਾਲਾ ਅਲਗੋਜ਼ਿਆਂ ਦਾ ਟੋਕਰਾ ਚੁੱਕੀ ਭੀੜ ਵਿਚ ਸੁਰਾਂ ਖਿਲਾਰਦਾ ਲੰਘ ਰਿਹਾ ਸੀ। (ਚਾਰ ਚਿਰਾਗ਼, ਪੰਨਾ 98)

ਲੇਖਕ ਨੇ ਪਹਿਲਵਾਨਾਂ ਦੇ ਘੋਲਾਂ ਨਾਲ ਸੰਬੰਧਿਤ ਦ੍ਰਿਸ਼ ਨੂੰ ਏਨੀ *ਕੁਸ਼ਲਤਾ* ਨਾਲ ਪਕੜਿਆ ਅਤੇ ਪੇਸ਼ ਕੀਤਾ ਹੈ ਕਿ ਇਹ ਵੇਰਵੇ ਪੜ੍ਹਨ ਸਮੇਂ ਪੂਰੇ-ਦਾ-ਪੂਰਾ ਦ੍ਰਿਸ਼, *ਸਜੀਵ ਰੂਪ ਵਿਚ* ਸਾਕਾਰ ਹੋ ਉੱਠਦਾ ਹੈ। ਦੇਖੋ :

> ਹੱਥ ਮਿਲਾ ਉਹ ਸਾਨ੍ਹਾਂ ਵਾਂਗ ਭਿੜ ਪਏ। 'ਚੱਕ ਦੇ ਸ਼ੇਰਾ' ਦੀ ਵਾਜ ਨਾਲ ਹੀ ਬਿੱਕਰ ਨੇ ਚੰਦ ਨੂੰ ਲੱਤੋਂ ਫੜ੍ਹ ਕੇ ਹੇਠਾਂ ਸੁੱਟ ਲਿਆ। ਕੋਈ ਭੀੜ 'ਚੋਂ ਚੀਕਿਆ- 'ਓਏ ਬਿੱਕਰਾ ਦੇ ਦੇ ਸਾਲੇ ਦੀ ਧੌਣ 'ਚ ਗੋਡਾ।' ਪਰ ਚੰਦ ਨੇ ਐਸੀ ਪਟੜੀ ਖਾਧੀ ਕਿ ਬਿੱਕਰ ਦੀ ਕੰਡ ਲੱਗਣੋਂ ਮਸਾਂ ਬਚੀ। ਵੇਖਣ ਵਾਲਿਆਂ ਦੇ ਸਾਹ ਸੂਤੇ ਗਏ। ਡੌਲਿਆਂ ਦੀਆਂ ਮੱਛੀਆਂ ਇਉਂ ਫਰਕ ਰਹੀਆਂ ਸਨ

ਜਿਵੇਂ ਮਾਸ ਚੀਰ ਬਾਹਰ ਆਉਣ ਲੱਗੀਆਂ ਹੋਣ। ਆਖਰ ਬਿੱਕਰ ਨੇ ਕੈਂਚੀ ਕਰਤਬ ਕਰਦਿਆਂ ਚੰਦ ਨੂੰ ਢਾਹ ਹੀ ਲਿਆ। (ਚਾਰ ਚਿਰਾਗ਼, ਪੰਨਾ 99)

ਇਸ ਤਰ੍ਹਾਂ ਹਰਜੀਤ ਸਿੰਘ ਨੇ ਆਪਣੇ ਇਸ ਲੇਖ ਵਿਚ ਦ੍ਰਿਸ਼-ਵਰਣਨ, *ਰਸ-ਨਿਰੂਪਣ* ਅਤੇ *ਅਲੰਕਾਰ-ਸਿਰਜਣ* ਦੀ ਦ੍ਰਿਸ਼ਟੀ ਤੋਂ ਬਹੁਤ *ਕਲਾ-ਕੁਸ਼ਲਤਾ* ਦਾ ਪ੍ਰਗਟਾਵਾ ਕੀਤਾ ਹੈ। ਸ਼ੈਲੀ ਅਤੇ ਸ਼ਬਦਾਵਲੀ ਦੀ ਦ੍ਰਿਸ਼ਟੀ ਤੋਂ ਇਹ ਇਕ ਉੱਤਮ ਅਤੇ ਮਿਆਰੀ ਰਚਨਾ ਹੈ।

**4. ਲੇਖ ਜੰਝ ਘਰ ਬਨਾਮ ਮੈਰਿਜ ਪੈਲੇਸ ਦਾ ਵਿਸ਼ਾ ਵਸਤੂ**

ਇਸ ਲੇਖ ਵਿਚ ਸੁਰਿੰਦਰ ਅਤੈ ਸਿੰਘ ਨੇ ਅਜੋਕੇ ਯੁਗ ਵਿਚ ਮੈਰਿਜ ਪੈਲੇਸਿਜ਼ ਦੇ ਵਧ ਰਹੇ ਮਹੱਤਵ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਲੇਖਕਾ ਅਨੁਸਾਰ ਨਾ ਸਿਰਫ਼ ਸ਼ਹਿਰਾਂ ਵਿਚ ਰਹਿਣ ਵਾਲੇ ਲੋਕ ਬਲਕਿ ਪਿੰਡਾਂ ਵਿਚ ਰਹਿਣ ਵਾਲੇ ਸਰਦੇ-ਪੁਜਦੇ ਲੋਕ ਵੀ ਮੈਰਿਜ ਪੈਲੇਸ ਵਿਚ ਵਿਆਹ ਕਰਨ ਲੱਗੇ ਹਨ। ਇਸ ਤਬਦੀਲੀ ਦੇ ਕਈ ਕਾਰਨ ਹਨ। ਪਹਿਲਾ ਕਾਰਨ ਵਿਆਹ ਸਮੇਂ ਲੋੜੀਂਦਾ ਸਾਮਾਨ ਇਕੱਠਾ ਕਰਨ ਦੀ ਖੇਚਲ ਤੋਂ ਬਚਣ ਨਾਲ ਸੰਬੰਧਿਤ ਹੈ। ਪਹਿਲਾਂ ਸਾਰੇ ਭਾਈਚਾਰੇ ਦੇ ਲੋਕ ਕਿਸੇ ਘਰ ਵਿਚ ਹੋਣ ਵਾਲੇ ਵਿਆਹ ਨੂੰ ਆਪਣੀ ਸਾਂਝੀ ਜ਼ਿੰਮੇਵਾਰੀ ਸਮਝਦੇ ਸਨ ਪਰ ਅਜ-ਕਲ੍ਹ ਅਜਿਹੀ ਭਾਵਨਾ ਖ਼ਤਮ ਹੋ ਰਹੀ ਹੈ। ਹੁਣ ਹਰ ਵਿਅਕਤੀ ਨੂੰ ਵਿਆਹ ਕਰਨ ਦੀ ਸਾਰੀ ਜ਼ਿੰਮੇਵਾਰੀ ਖ਼ੁਦ ਉਠਾਉਣੀ ਪੈਂਦੀ ਹੈ। ਇਸ ਲਈ ਲੋਕ ਸੋਚਣ ਲਗੇ ਕਿ ਮੈਰਿਜ ਪੈਲੇਸ ਵਾਲਿਆਂ ਕੋਲ ਸਾਰਾ ਇਤਜ਼ਾਮ ਹੁੰਦਾ ਹੈ। ਇਸ ਕਾਰਨ ਖ਼ੁਦ ਕਿਉਂ ਪਰੇਸ਼ਾਨ ਹੋਇਆ ਜਾਵੇ ! ਇਸ ਕਾਰਨ ਹਰ ਕੋਈ ਮੈਰਿਜ ਪੈਲੇਸ ਵਿਚ ਵਿਆਹ ਕਰਨ ਨੂੰ ਤਰਜੀਹ ਦੇ ਰਿਹਾ ਹੈ। ਅਜਿਹੇ ਵਿਆਹਾਂ ਨੇ ਸਾਡੇ ਰਵਾਇਤੀ ਸਭਿਆਚਾਰ ਨੂੰ ਕਾਫ਼ੀ ਖੋਰਾ ਵੀ ਲਾਇਆ ਹੈ ਪਰੰਤੂ ਇਸ ਦੇ ਬਾਵਜੂਦ ਅਜਿਹੇ ਵਿਆਹ ਦਿਨੋ-ਦਿਨ ਹਰ ਵਿਅਕਤੀ ਦੀ ਮਜ਼ਬੂਰੀ ਬਣਦੇ ਜਾ ਰਹੇ ਹਨ।

**4.1 ਸਾਰ**

ਲੇਖਕਾ ਮੈਰਿਜ ਪੈਲੇਸ ਵਿਚ ਹੋਣ ਵਾਲੇ ਵਿਆਹਾਂ ਬਾਰੇ ਚਰਚਾ ਕਰਦੀ ਹੋਈ ਲਿਖਦੀ ਹੈ ਕਿ ਅਜਿਹੇ ਵਿਆਹਾਂ ਦਾ ਇਤਿਹਾਸ ਵੱਧ ਤੋਂ ਵੱਧ ਤੀਹ ਕੁ ਵਰ੍ਹੇ ਪੁਰਾਣਾ ਹੈ। 1980 ਈ. ਤੋਂ ਪਹਿਲਾਂ ਪੰਜਾਬ ਵਿਚ ਮੈਰਿਜ ਪੈਲੇਸ ਬਾਰੇ ਕੋਈ ਜਾਣਦਾ ਵੀ ਨਹੀਂ ਸੀ। ਪੰਜਾਬ ਦੇ ਪਿੰਡਾਂ ਵਿਚ ਜੰਞਾਂ ਦਾ ਉਤਾਰਾ ਧਰਮਸ਼ਾਲਾ ਜਾਂ ਗੁਰਦੁਆਰਿਆਂ ਵਿਚ ਹੁੰਦਾ ਸੀ। ਪਰ ਅੱਜ ਕਲ੍ਹ ਛੋਟੇ-ਛੋਟੇ ਪਿੰਡਾਂ ਦੇ ਆਸ-ਪਾਸ ਵੀ ਮੈਰਿਜ ਪੈਲੇਸ ਬਣ ਗਏ ਹਨ। ਇਸ ਕਾਰਨ ਵਿਆਹਾਂ ਦਾ ਰਵਾਇਤੀ ਸਰੂਪ ਵੀ ਕਾਫ਼ੀ ਹੱਦ ਤਕ ਬਦਲ ਗਿਆ ਹੈ।

4.1.1 **ਮੈਰਿਜ ਪੈਲੇਸ ਵਿਚ ਵਿਆਹਾਂ ਦੇ ਕਾਰਨ** : ਮੈਰਿਜ ਪੈਲੇਸ ਵਿਚ ਵਿਆਹ ਕਰਨ ਦੇ ਬਹੁਤ ਸਾਰੇ ਕਾਰਨ ਹਨ। ਸਭ ਤੋਂ ਵੱਡੀ ਗੱਲ ਤਾਂ ਇਹ ਹੈ ਕਿ ਸ਼ਹਿਰਾਂ ਵਿਚ ਖੁਲ੍ਹੀਆਂ ਥਾਵਾਂ ਬਹੁਤ ਘੱਟ ਰਹਿ ਗਈਆਂ ਹਨ। ਹੁਣ ਲੋਕਾਂ ਵਾਸਤੇ ਭੀੜੀਆਂ ਗਲੀਆਂ ਜਾਂ ਟਰੈਫਿਕ ਵਾਲੀਆਂ ਸੜਕਾਂ ਉਪਰ ਟੈਂਟ ਲਗਾ ਕੇ ਵਿਆਹ ਕਰਨੇ ਸੰਭਵ ਨਹੀਂ ਰਹੇ। ਘਰਾਂ ਦਾ ਸਰੂਪ ਬਦਲ ਗਿਆ ਹੈ। ਕੋਠੀਆਂ ਵਿਚ ਖੁਲ੍ਹੇ ਵਿਹੜੇ ਨਹੀਂ ਰਹੇ, ਜਿਥੇ ਆਉਣ-ਜਾਣ ਵਾਲਿਆਂ ਨੂੰ ਬਿਠਾ ਕੇ ਉਨ੍ਹਾਂ ਦੀ ਆਉਭਗਤ ਕੀਤੀ ਜਾ ਸਕੇ। ਇਸ ਲਈ ਮਜ਼ਬੂਰੀ ਵੱਸ ਲੋਕਾਂ ਨੂੰ ਮੈਰਿਜ ਪੈਲੇਸਾਂ ਦਾ ਸਹਾਰਾ ਲੈਣਾ ਪੈ ਰਿਹਾ ਹੈ।

4.1.2 **ਵਿਆਹ ਵਾਸਤੇ ਲੋੜੀਂਦੀ ਸਾਮਗਰੀ ਇਕੱਠੀ ਕਰਨ ਦੀ ਖੇਚਲ** : ਕਿਸੇ ਵੀ ਵਿਆਹ ਵਿਚ ਸ਼ਾਮਲ ਹੋਣ ਵਾਲੇ ਪੰਜ-ਸੱਤ ਸੌ ਬੰਦਿਆਂ ਦਾ ਖਾਣ-ਪੀਣ ਤਿਆਰ ਕਰਨ ਲਈ ਬਰਤਨਾਂ ਦੀ ਜ਼ਰੂਰਤ ਪੈਂਦੀ ਹੈ। ਪੰਜ-ਸੱਤ ਆਦਮੀ ਤਾਂ ਅਜਿਹੇ ਬਰਤਨ ਇਕੱਠੇ ਕਰਨ ਵਾਸਤੇ ਚਾਹੀਦੇ ਸਨ। ਇਨ੍ਹਾਂ ਲੋਕਾਂ ਨੇ ਵੱਖ-ਵੱਖ ਘਰਾਂ ਜਾਂ ਟੈਂਟ ਹਾਊਸ ਤੋਂ ਬਰਤਨ ਇਕੱਠੇ ਕਰਨੇ, ਉਨ੍ਹਾਂ ਨੂੰ ਮਾਂਜਣਾ ਧੋਣਾ ਅਤੇ ਫਿਰ ਵਰਤੋਂ ਲਈ ਅੱਡ-ਅੱਡ ਥਾਵਾਂ ਤੇ ਟਿਕਾਉਣਾ। ਖਾਣ-ਪੀਣ ਦੇ *ਵਿਅੰਜਨ* ਤਿਆਰ ਕਰਨ ਲਈ ਕੱਚੀ ਸਾਮਗਰੀ ਦਾ ਪ੍ਰਬੰਧ ਕਰਨਾ ਅਤੇ ਇਸ ਨੂੰ ਪਕਾਉਣ ਲਈ ਭੱਠੀਆਂ ਤੇ ਬਾਲਣ ਦਾ ਪ੍ਰਬੰਧ ਕਰਨਾ। ਵਿਆਹ ਦੇ ਦਿਨ ਖਾਣਾ ਪਰੋਸਣ ਅਤੇ ਵਰਤਾਉਣ ਲਈ ਦਸ-ਪੰਦਰਾਂ ਵਰਤਾਵਿਆਂ ਦੀ ਵਿਵਸਥਾ ਕਰਨੀ। ਵਿਆਹ ਤੋਂ ਪਿਛੋਂ ਕੁਰਸੀਆਂ, ਮੇਜ਼ਾਂ ਅਤੇ ਕਰਾਕਰੀ ਸਮੇਤ ਸਾਰੇ ਸਮਾਨ ਦੀ ਗਿਣਤੀ

ਕਰਨੀ ਅਤੇ ਵੱਖ-ਵੱਖ ਥਾਵਾਂ ਤੇ ਮੋੜਨਾ। ਇਹ ਸਾਰੇ ਕੰਮ ਏਨੇ ਮੁਸ਼ਕਿਲ ਹੁੰਦੇ ਸਨ ਕਿ ਘਰ ਵਾਲੇ ਅਤੇ ਉਨ੍ਹਾਂ ਦੇ ਸ਼ੁਭਚਿੰਤਕ ਲੋਕ ਤਾਂ ਵਿਆਹ ਦੀ ਖੁਸ਼ੀ ਨੂੰ ਮਾਣ ਹੀ ਨਹੀਂ ਸਨ ਸਕਦੇ। ਉਹ ਵਿਆਹ ਦੇ ਸ਼ੁਰੂ ਹੋਣ ਤੋਂ ਲੈ ਕੇ ਖ਼ਤਮ ਹੋਣ ਤਕ ਅਜੀਬ ਪ੍ਰਕਾਰ ਦੇ ਤਣਾਉ ਵਿਚ ਫਸੇ ਰਹਿੰਦੇ ਸਨ। ਵਿਆਹ ਵਾਲੇ ਘਰਾਂ ਵਿਚ ਲੜਾਈ-ਝਗੜੇ ਅਤੇ ਬੋਲ-ਬੁਲਾਰੇ ਦੀਆਂ ਘਟਨਾਵਾਂ ਬੜੀ ਆਮ ਗੱਲ ਸਨ। ਪਰ ਮੈਰਿਜ ਪੈਲੇਸ ਵਾਲਿਆਂ ਨੂੰ ਨਿਸ਼ਚਿਤ ਰਕਮ ਤਾਰਨ ਨਾਲ ਹਰ ਪ੍ਰਕਾਰ ਦੇ ਫਿਕਰਾਂ ਤੋਂ ਮੁਕਤ ਹੋਇਆ ਜਾ ਸਕਦਾ ਹੈ। ਇਹੀ ਕਾਰਨ ਹੈ ਕਿ ਹਰ ਵਿਅਕਤੀ ਮੈਰਿਜ ਪੈਲੇਸ ਵਿਚ ਵਿਆਹ ਕਰਨ ਨੂੰ ਤਰਜੀਹ ਦਿੰਦਾ ਹੈ, ਭਾਵੇਂ ਇਸ ਮੰਤਵ ਲਈ ਉਸਨੂੰ ਪੈਸੇ ਕਿਧਰੋਂ ਉਧਾਰ ਵੀ ਕਿਉਂ ਨਾ ਫੜ੍ਹਨੇ ਪੈਣ।

**4.1.3 ਦ੍ਰਿਸ਼ਟੀਕੋਣ ਵਿਚ ਤਬਦੀਲੀ** : ਆਧੁਨਿਕ ਪੂੰਜੀਵਾਦੀ ਵਿਵਸਥਾ ਨੇ ਲੋਕਾਂ ਦੀ ਸੋਚ-ਪ੍ਰਣਾਲੀ ਵਿਚ ਵੀ ਭਾਰੀ ਤਬਦੀਲੀ ਲੈ ਆਂਦੀ ਹੈ। ਹੁਣ ਹਰ ਕੋਈ ਵਿਖਾਵਾ ਕਰਨਾ ਲੋਚਦਾ ਹੈ। ਪਹਿਲੇ ਸਮੇਂ ਵਿਚ ਤਾਂ ਵਿਆਹ ਤੋਂ ਕਈ-ਕਈ ਦਿਨ ਪਹਿਲਾਂ ਘਰ ਵਾਲਿਆਂ ਦੀ ਭੁੱਖ-ਤੇਹ ਹਰਾਮ ਹੋ ਜਾਂਦੀ ਸੀ। ਲੜਕੀ ਦਾ ਪਿਉ, ਭਰਾ, ਚਾਚੇ, ਤਾਏ ਸਭ ਭੁੱਖੇ-ਭਾਣੇ ਹੀ ਤੁਰੇ ਫਿਰਦੇ ਸਨ ਪਰ ਅਜ ਕਲ੍ਹ ਹਰ ਕੋਈ ਸੂਟ-ਬੂਟ ਪਾ ਕੇ ਕੱਛਾਂ ਵਿਚ ਬੈਗ ਲਈ ਇਧਰ-ਉਧਰ ਤੁਰਿਆ ਫਿਰਦਾ ਹੈ। ਜੇ ਮੈਰਿਜ ਪੈਲੇਸ ਵਾਲਿਆਂ ਦਾ ਬਿੱਲ ਹੀ ਚੁਕਾਉਣਾ ਹੈ ਤਾਂ ਕਿਉਂ ਨਾ ਰੱਜ ਕੇ ਆਈਸ ਕਰੀਮ ਅਤੇ ਹੋਰ ਵਿਅੰਜਨ ਖਾਧੇ ਜਾਣ। ਹੁਣ ਪਿਤਾ ਤੇ ਹੋਰ ਵਡੇਰੇ ਰੱਜ ਕੇ ਰੋਟੀ ਹੀ ਨਹੀਂ ਖਾਂਦੇ ਬਲਕਿ ਜੰਞ ਦੇ ਬਰਾਬਰ ਬੈਠ ਕੇ ਸ਼ਰਾਬ ਪੀਂਦੇ ਅਤੇ ਲਲਕਾਰੇ ਮਾਰਦੇ ਹਨ।

**4.1.4 ਸਮੇਂ ਦੀ ਬੱਚਤ** : ਮੈਰਿਜ ਪੈਲੇਸ ਵਿਚ ਵਿਆਹ ਕੀਤਿਆਂ ਸਮਾਂ ਵੀ ਬਚ ਜਾਂਦਾ ਹੈ ਅਤੇ ਅੱਜ ਕਲ੍ਹ ਸਮਾਂ ਹੀ ਦੌਲਤ ਹੈ। ਬੇਲੋੜੀ ਭੱਜੋਨੱਸੀ ਨਹੀਂ ਕਰਨੀ ਪੈਂਦੀ। ਬੱਸ ਬਿਲ ਚੁਕਾਉਣਾ ਹੁੰਦਾ ਹੈ, ਫਿਰ ਜੋ ਮਰਜ਼ੀ ਸਹੂਲਤ ਲਉ। ਕਈ ਲੋਕਾਂ ਦਾ ਤਜਰਬਾ ਹੈ ਕਿ ਮੈਰਿਜ ਪੈਲੇਸ ਵਿਚ ਪੈਸਿਆਂ ਪੱਖੋਂ ਵੀ ਕੁਝ ਬੱਚਤ ਹੋ ਜਾਂਦੀ ਹੈ। ਪਿੰਡਾਂ ਵਿਚ ਜਦ ਕੋਈ ਸਮਾਗਮ ਹੁੰਦਾ ਹੈ ਤਾਂ ਬਹੁਤ ਸਾਰੇ ਲੋਕ ਬਿਨਾਂ ਬੁਲਾਇਆ ਵੀ ਪਹੁੰਚ ਜਾਂਦੇ ਹਨ ਪਰ ਮੈਰਿਜ ਪੈਲੇਸ ਵਿਚ ਗਿਣੇ-ਚੁਣੇ ਲੋਕਾਂ ਨੂੰ ਹੀ ਬੁਲਾਇਆ ਜਾਂਦਾ ਹੈ। ਪੈਲੇਸ ਵਿਚ ਜਾਣ ਵਾਲਾ ਹਰ ਮਹਿਮਾਨ ਜੇਬ ਵਿਚ ਸ਼ਗਨ ਵਾਲਾ ਲਿਫ਼ਾਫ਼ਾ ਜ਼ਰੂਰ ਪਾ ਕੇ ਜਾਂਦਾ ਹੈ। ਇਸ ਤਰ੍ਹਾਂ ਕੁੜੀ ਵਾਲਿਆਂ ਦਾ ਰੋਟੀ ਉਪਰ ਕੀਤਾ ਗਿਆ ਖਰਚ ਕਾਫ਼ੀ ਹੱਦ ਤਕ ਪੂਰਾ ਹੋ ਜਾਂਦਾ ਹੈ।

**4.1.5 ਸਭਿਆਚਾਰਕ ਕਦਰਾਂ ਕੀਮਤਾਂ ਨੂੰ ਖੋਰਾ** : ਮੈਰਿਜ ਪੈਲੇਸ ਵਿਚ ਕੀਤੇ ਜਾਣ ਵਾਲੇ ਵਿਆਹਾਂ ਵਿਚ ਦਿਖਾਵਾ ਬਹੁਤਾ ਹੁੰਦਾ ਹੈ, ਦਿਲੀ ਪਿਆਰ-ਸਤਿਕਾਰ ਨਹੀਂ ਲੱਭਦੇ। ਵਿਆਹ ਮੰਡਪ ਵਿਚ ਕੁੜੀ-ਮੁੰਡੇ ਨੂੰ ਸ਼ਗਨ ਪਾਉਣ ਸਮੇਂ ਮਹਿਮਾਨ ਲੋਕ ਕੁੜੀ-ਮੁੰਡੇ ਨੂੰ ਪਿਆਰ ਦੇਣ ਦੀ ਬਜਾਇ ਮੂਵੀ ਕੈਮਰੇ ਵੱਲ ਬਿਟਰ-ਬਿਟਰ ਝਾਕੀ ਜਾਂਦੇ ਹਨ ਤਾਂ ਕਿ ਉਨ੍ਹਾਂ ਦੇ ਫੋਟੋ ਚੰਗੀ ਆ ਜਾਵੇ। ਪੇਂਡੂ ਸਭਿਆਚਾਰ ਵਿਚ ਜੰਞ ਦੇ ਢੁਕਾਉ ਨੂੰ ਕੋਠੇ ਤੇ ਚੜ੍ਹ ਕੇ ਵੇਖਣ ਨਾਲ ਸੰਬੰਧਿਤ ਨਾਟਕੀ-ਦ੍ਰਿਸ਼ ਵੀ ਹੁਣ ਦਿਖਾਈ ਨਹੀਂ ਦਿੰਦੇ। ਬਰਾਤੀਆਂ ਨੂੰ ਸਿੱਠਣੀਆਂ ਦੇਣ, ਜੰਞ ਬੰਨ੍ਹਣ ਅਤੇ ਛੰਦ ਸੁਣਾਉਣ ਆਦਿਕ ਰਸਮਾਂ ਵੀ ਖ਼ਤਮ ਹੋ ਗਈਆਂ ਹਨ। ਪੇਂਡੂ ਸ਼ੈਲੀ ਦੇ ਵਿਆਹਾਂ ਸਮੇਂ ਕੁੜੀ ਨੂੰ ਵਿਦਾ ਕਰਨ ਲਈ ਸਾਰਾ ਪਿੰਡ, ਬਾਹਰਵਾਰ ਫਿਰਨੀ ਤਕ ਜਾਂਦਾ ਸੀ। ਵਿਆਹੀ ਲੜਕੀ ਦਾ ਆਪਣੀਆਂ ਸਹੇਲੀਆਂ ਅਤੇ ਰਿਸ਼ਤੇਦਾਰਾਂ ਤੋਂ ਵਿੱਛੜਣ ਦਾ ਦ੍ਰਿਸ਼ ਹਰ ਇਕ ਦੇ ਹਿਰਦੇ ਵਲੂੰਧਰ ਜਾਂਦਾ ਸੀ ਪਰ ਮੂਵੀ ਕੈਮਰਿਆਂ ਨੇ ਵਿਆਹੀਆਂ ਕੁੜੀਆਂ ਨੂੰ ਸਜੀਆਂ-ਸਜਾਈਆਂ ਕਠਪੁਤਲੀਆਂ ਬਣਾ ਕੇ ਬੈਠਣ ਲਈ ਮਜ਼ਬੂਰ ਕਰ ਦਿੱਤਾ ਹੈ। ਮੇਕ-ਅੱਪ ਖਰਾਬ ਹੋਣ ਦੇ ਡਰੋਂ ਹੁਣ ਕੋਈ ਵੀ ਲਾੜੀ ਆਪਣੇ ਹਾਵਾਂ-ਭਾਵਾਂ ਦਾ ਖੁੱਲ੍ਹ ਕੇ ਪ੍ਰਗਟਾਵਾ ਨਹੀਂ ਕਰ ਸਕਦੀ। ਉਸ ਨੂੰ ਆਪਣੀ ਸ਼ਾਦੀ ਦੀ ਐਲਬਮ ਦੇ ਖਰਾਬ ਹੋਣ ਦਾ ਡਰ, ਬਣਾਉਟੀ ਆਚਾਰ-ਵਿਹਾਰ ਅਪਣਾਉਣ ਲਈ ਮਜ਼ਬੂਰ ਕਰੀ ਰੱਖਦਾ ਹੈ। ਇਉਂ ਮੈਰਿਜ ਪੈਲੇਸ ਵਿਚ ਕੀਤੇ ਜਾਣ ਵਾਲੇ ਵਿਆਹ, ਸਭਿਆਚਾਰਕ ਕਦਰਾਂ-ਕੀਮਤਾਂ ਨੂੰ ਖੋਰਾ ਲਾ ਰਹੇ ਹਨ।

### 4.2 ਸ਼ੈਲੀ

ਸੁਰਿੰਦਰ ਅਤੈ ਸਿੰਘ ਨੇ ਮੈਰਿਜ ਪੈਲੇਸ ਵਿਚ ਕੀਤੇ ਜਾਣ ਵਾਲੇ ਵਿਆਹਾਂ ਬਾਰੇ ਆਪਣੇ ਵਿਚਾਰਾਂ ਨੂੰ ਬੜੇ

ਸੰਤੁਲਿਤ ਢੰਗ ਨਾਲ ਪੇਸ਼ ਕੀਤਾ ਹੈ। ਉਸ ਨੇ ਅਜਿਹੇ ਵਿਆਹਾਂ ਪਿੱਛੇ ਕੰਮ ਕਰ ਰਹੀ ਮਜ਼ਬੂਰੀ ਦਾ ਗੰਭੀਰ ਨੋਟਿਸ ਲਿਆ ਹੈ। ਇਨ੍ਹਾਂ ਵਿਆਹਾਂ ਨਾਲ ਜੁੜੇ ਹਰ ਵੇਰਵੇ ਨੂੰ ਉਸਨੇ ਬੜੇ ਸੂਤਰਬੱਧ ਅਤੇ *ਸਮਾਜ-ਸ਼ਾਸਤਰੀ* ਢੰਗ ਨਾਲ ਬਿਆਨ ਕੀਤਾ ਹੈ। ਉਸ ਦੀ ਦ੍ਰਿਸ਼-ਵਰਣਨ ਕਲਾ ਬੜੀ ਰੌਚਿਕ ਅਤੇ ਕਰੁਣਾਭਰਪੂਰ ਹੈ। ਦੇਖੋ :

> ਪਿੰਡਾਂ ਵਿਚ ਅਜੇ ਵੀ ਲੜਕੀ ਨੂੰ ਵਿਦਾ ਕਰਨ ਲਈ ਸਾਰੇ ਪਿੰਡ ਦੀਆਂ ਔਰਤਾਂ ਪਿੰਡ ਦੇ ਬਾਹਰਵਾਰ ਫਿਰਨੀ ਤਕ ਜਾਂਦੀਆਂ ਹਨ। ਤਕੀਏ ਦੇ ਬੋਹੜਾਂ-ਪਿੱਪਲਾਂ ਦੀ ਛਾਵੇਂ ਸਖੀਆਂ ਸਹੇਲੀਆਂ ਘੁੱਟ-ਘੁੱਟ ਮਿਲਦੀਆਂ, ਚਾਚੀਆਂ, ਤਾਈਆਂ ਦੀਆਂ ਚੁੰਨੀਆਂ ਭਿੱਜ ਜਾਂਦੀਆਂ ਹਨ ਰੋ-ਰੋ ਕੇ। ਲੜਕੀ ਦਾ ਰੋਂਦਿਆਂ-ਰੋਂਦਿਆਂ ਪਿੰਡ ਵਲ ਪੰਛੀ-ਝਾਤ ਪਾ ਕੇ ਵੇਖਣਾ, ਵੇਖਣ ਵਾਲਿਆਂ ਦੇ ਕਲੇਜੇ ਧੂਹ ਪਾਉਂਦਾ ਹੈ। (ਜੰਞ ਘਰ ਬਨਾਮ ਮੈਰਿਜ ਪੈਲੇਸ, ਪੰਨਾ 104)

ਸੰਖੇਪ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ ਸੁਰਿੰਦਰ ਅਤੈ ਸਿੰਘ ਦੁਆਰਾ ਲਿਖਿਆ ਇਹ ਲੇਖ ਵਸਤੂ-ਸਾਮਗਰੀ, ਵਿਉਂਤਬੰਦੀ, ਸ਼ਿਲਪ ਅਤੇ ਸ਼ੈਲੀ ਦੀ ਦ੍ਰਿਸ਼ਟੀ ਤੋਂ ਇਕ ਉੱਤਮ ਰਚਨਾ ਹੈ।

## 5. ਲੇਖ ਸਭਿਅਚਾਰਕ ਅਧਿਐਨ ਅਤੇ ਵਿਸ਼ਲੇਸ਼ਣ ਦਾ ਵਿਸ਼ਾ-ਵਸਤੂ

ਸ. ਅਮਰਜੀਤ ਸਿੰਘ ਗਰੇਵਾਲ ਪੰਜਾਬ ਦਾ ਇਕ ਪ੍ਰਸਿੱਧ ਬੁੱਧੀਜੀਵੀ, ਆਧੁਨਿਕ ਚਿੰਤਕ ਅਤੇ ਸਭਿਆਚਾਰ-ਵਿਗਿਆਨੀ ਹੈ। ਇਸ ਲੇਖ ਵਿਚ ਉਸ ਨੇ ਕਿਸੇ ਜਾਤੀ ਜਾਂ ਕੌਮ ਦੇ ਸਭਿਆਚਾਰਕ ਅਧਿਐਨ ਅਤੇ ਵਿਸ਼ਲੇਸ਼ਣ ਦੀਆਂ *ਬਸਤੀਵਾਦੀ* ਅਤੇ ਆਧੁਨਿਕ ਵਿਧੀਆਂ ਬਾਰੇ ਵਿਚਾਰ ਚਰਚਾ ਕੀਤੀ ਹੈ। ਲੇਖਕ ਦਾ ਮਤਿ ਹੈ ਕਿ ਸੋਲ੍ਹਵੀਂ ਸਦੀ ਤੋਂ ਲੈ ਕੇ ਉਨ੍ਹੀਵੀਂ ਸਦੀ ਤਕ ਕਲਚਰ ਸ਼ਬਦ ਦਾ ਪ੍ਰਯੋਗ 'ਕਲਟੀਵੇਸ਼ਨ' (ਕਾਸ਼ਤਕਾਰੀ) ਦੇ ਅਰਥਾਂ ਵਿਚ ਕੀਤਾ ਜਾਂਦਾ ਰਿਹਾ ਹੈ। ਸਭਿਆਚਾਰ (ਕਲਚਰ) ਦਾ ਅਰਥ ਹੁੰਦਾ ਸੀ- ਮਨੁੱਖਾਂ, ਸਮਾਜਿਕ-ਭਾਈਚਾਰਿਆਂ ਅਤੇ ਕੌਮਾਂ ਅੰਦਰ ਸਭਿਅਕ ਕਦਰਾਂ-ਕੀਮਤਾਂ ਦੀ ਕਾਸ਼ਤਕਾਰੀ (ਕਲਟੀਵੇਸ਼ਨ)। ਸਭਿਆਚਾਰ ਦੀ ਇਸ ਪਰਿਭਾਸ਼ਾ ਦੇ ਪਿੱਛੇ ਯੂਰਪੀ ਬਸਤੀਵਾਦ ਕੰਮ ਕਰਦਾ ਸੀ। ਜਿਸ ਅਨੁਸਾਰ ਗੋਰੀਆਂ ਕੌਮਾਂ ਦਾ ਸਭਿਆਚਾਰ ਉੱਤਮ ਅਤੇ ਉਤਕ੍ਰਿਸ਼ਟ ਹੁੰਦਾ ਹੈ ਜਦੋਂ ਕਿ ਕਾਲੇ, ਭੂਰੇ ਜਾਂ ਪੀਲੇ ਰੰਗ ਵਾਲੇ ਲੋਕਾਂ ਦਾ ਸਭਿਆਚਾਰ ਨਿਮਨ ਜਾਂ ਨਖਿੱਧ ਵੰਨਗੀ ਦਾ ਹੁੰਦਾ ਹੈ। ਪਰੰਤੂ ਵੀਹਵੀਂ ਸਦੀ ਦੇ ਕੁਝ ਸਭਿਆਚਾਰ ਵਿਗਿਆਨੀਆਂ ਥੌਮਸਨ, ਰੇਮੰਡ ਵਿਲੀਅਮਜ਼ ਅਤੇ ਹੋਗਰਟ ਆਦਿਕ ਨੇ ਇਹ ਸਿੱਧ ਕਰ ਦਿੱਤਾ ਕਿ ਹਰ ਸਭਿਆਚਾਰ ਆਪਣੇ-ਆਪਣੇ ਲੋਕਾਂ ਲਈ ਇੱਕੋ ਜਿਹਾ ਉੱਨਤ, *ਉਤਕ੍ਰਿਸ਼ਟ* ਅਤੇ ਅਰਥਪੂਰਨ ਹੁੰਦਾ ਹੈ। ਇਨ੍ਹਾਂ ਲੇਖਕਾਂ ਨੇ ਇਹ ਵੀ ਸਪਸ਼ਟ ਕੀਤਾ ਕਿ ਕਿਸੇ ਭਾਈਚਾਰੇ ਦੀ ਮਾਨਸਿਕਤਾ ਦੇ ਨਿਰਮਾਣ ਵਿਚ ਲਿਖਤੀ ਸਾਹਿੱਤ ਨਾਲੋਂ, ਉਸ ਭਾਈਚਾਰੇ ਦੀਆਂ ਸਭਿਆਚਾਰਕ ਪਰੰਪਰਾਵਾਂ, ਲੋਕ-ਸਾਹਿੱਤ ਕਲਾਵਾਂ ਅਤੇ ਸੰਚਾਰ-ਸਾਧਨਾਂ ਦੀ ਭੂਮਿਕਾ ਵਧੇਰੇ ਜ਼ੋਰਦਾਰ ਅਤੇ ਮਹਤਵਪੂਰਨ ਹੁੰਦੀ ਹੈ। ਸਭਿਆਚਾਰ ਅਧਿਐਨ ਨੇ ਜਿਥੇ ਲੋਕ ਸਾਹਿਤ/ਕਲਾ ਪਰੰਪਰਾਵਾਂ ਦੀ ਅਛੂਤਤਾ ਖ਼ਤਮ ਕੀਤੀ, ਉਥੇ ਉੱਤਮ ਅਤੇ ਪ੍ਰਚਲਿਤ (ਪਾਪੂਲਰ) ਪਰੰਪਰਾਵਾਂ ਵਿਚ ਅੰਤਰ ਮੇਟ ਕੇ ਇਹ ਸਾਬਤ ਕਰ ਦਿੱਤਾ ਕਿ ਹਾਕਮ ਜਮਾਤ ਅਤੇ ਮਜ਼ਦੂਰ ਜਮਾਤ ਦੇ ਸਭਿਆਚਾਰ ਅਲੱਗ-ਅਲੱਗ ਨਹੀਂ ਹੁੰਦੇ।

### 5.1 ਸਾਰ :

ਅਮਰਜੀਤ ਸਿੰਘ ਗਰੇਵਾਲ ਨੇ ਆਪਣੇ ਇਸ ਲੇਖ ਦੇ ਆਰੰਭ ਵਿਚ ਸਭ ਤੋਂ ਪਹਿਲਾਂ ਸਭਿਆਚਾਰ (ਕਲਚਰ) ਸ਼ਬਦ ਨੂੰ ਪਰਿਭਾਸ਼ਿਤ ਕਰਨ ਦਾ ਯਤਨ ਕੀਤਾ ਹੈ। ਉਸ ਅਨੁਸਾਰ 'ਕਲਚਰ' ਸ਼ਬਦ 'ਐਗਰੀਕਲਚਰ' ਤੋਂ ਆਇਆ ਹੈ, ਜਿਸ ਦੇ ਅਰਥ ਹੁੰਦੇ ਹਨ-ਕਾਸ਼ਤਕਾਰੀ। ਪਰ ਹੌਲੀ-ਹੌਲੀ ਇਸ ਸ਼ਬਦ ਦੇ ਅਰਥ ਮਨੁਖੀ ਸਭਿਆਚਾਰ ਵਾਲੇ ਬਣ ਗਏ ਅਰਥਾਤ ਮਨੁਖਾਂ ਵਿਚਲੇ ਅਜਿਹੇ ਗੁਣ ਜਿਨ੍ਹਾਂ ਦੇ ਆਧਾਰ ਤੇ ਉਨ੍ਹਾਂ ਨੂੰ ਸਭਯ ਕਿਹਾ ਜਾ ਸਕੇ। ਲੇਖਕ ਅਨੁਸਾਰ ਇਸ ਪਰਿਭਾਸ਼ਾ ਦੀ ਤਹਿ ਵਿਚ ਅੰਗਰੇਜ਼ ਹਾਕਮਾਂ ਦੀ ਅਜਿਹੀ ਮਾਨਸਿਕਤਾ ਕੰਮ ਕਰਦੀ ਸੀ, ਜੋ ਚਿੱਟੀ ਚਮੜੀ ਵਾਲੇ (ਅੰਗਰੇਜ਼) ਲੋਕਾਂ ਦੀ ਬਜਾਇ ਅਫ਼ਰੀਕਾ ਅਤੇ ਏਸ਼ੀਆ ਦੇ ਕਾਲੇ, ਭੂਰੇ ਜਾਂ ਪੀਲੇ ਲੋਕਾਂ ਨੂੰ ਸਭਯ ਮੰਨਣ ਵਾਸਤੇ ਤਿਆਰ ਹੀ ਨਹੀਂ ਸਨ। ਬਲਕਿ ਉਹ ਇਸ ਗੱਲ ਉਤੇ ਗਰਵ ਕਰਦੇ ਸਨ ਕਿ ਅਸੀਂ ਅਫ਼ਰੀਕਨਾਂ ਅਤੇ ਏਸ਼ਿਆਈ ਲੋਕਾਂ ਨੂੰ ਸਭਿਆਚਾਰ ਸਿਖਾ ਕੇ ਸਭਯ ਬਣਾ ਰਹੇ ਹਾਂ। ਅੰਗਰੇਜ਼ ਲੋਕਾਂ ਦੀ ਇਹ ਧਾਰਨਾ ਉਨ੍ਹਾਂ ਦੀ ਬਸਤੀਵਾਦੀ

ਮਾਨਸਿਕਤਾ ਵਿਚੋਂ ਉਪਜੀ ਸੀ।

5.1.1 **ਸਭਿਆਚਾਰਕ ਅਧਿਐਨ ਦਾ ਵਿਕਾਸ** : *ਬਸਤੀਵਾਦੀ ਸੋਚ* ਨੇ ਮਨੁੱਖ ਜਾਤੀ ਦੇ ਸਮੁਚੇ ਸਭਿਆਚਾਰ ਨੂੰ ਦੋ ਖਾਨਿਆਂ (ਵਰਗਾਂ) ਵਿਚ ਵੰਡ ਦਿੱਤਾ - ਉੱਤਮ ਸਭਿਆਚਾਰ ਅਤੇ ਨਿਮਨ ਸਭਿਆਚਾਰ। ਇਸ ਸੋਚ ਨੇ ਸਾਹਿੱਤ ਅਤੇ ਕਲਾ ਵਿਚ ਵੀ ਲਕੀਰ ਖਿੱਚ ਦਿੱਤੀ। ਹਾਕਮ ਜਮਾਤਾਂ ਦੁਆਰਾ ਸਿਰਜਿਆ ਸਾਹਿਤ ਉੱਤਮ ਮੰਨਿਆ ਗਿਆ ਅਤੇ ਆਮ ਲੋਕਾਂ ਵਲੋਂ ਰਚੇ ਗਏ ਲੋਕ ਕਲਾ-ਰੂਪਾਂ ਨੂੰ ਨਿਮਨ ਸ਼੍ਰੇਣੀ ਦੇ ਕਿਹਾ ਗਿਆ। ਅਕਾਦਮਿਕਤਾ ਉਪਰ ਵੀ ਇਸ ਸੋਚ ਦਾ ਡੂੰਘਾ ਅਸਰ ਪਿਆ। ਯੂਨੀਵਰਸਿਟੀਆਂ ਨੇ ਆਪਣੇ ਅਧਿਐਨ-ਵਿਸ਼ਲੇਸ਼ਣ ਵਿਚ ਕੇਵਲ ਲਿਖਤੀ ਸਾਹਿੱਤ ਨੂੰ ਹੀ ਮਹਤਵ ਦਿੱਤਾ। ਲੋਕ-ਸਾਹਿਤ ਅਤੇ ਲੋਕ ਕਲਾਵਾਂ ਨੂੰ ਅਧਿਐਨ-ਵਿਸ਼ਲੇਸ਼ਣ ਦੇ ਕਾਬਲ ਹੀ ਨਾ ਸਮਝਿਆ ਗਿਆ। ਵੀਹਵੀਂ ਸਦੀ ਦੇ ਛੇਵੇਂ ਦਹਾਕੇ ਵਿਚ ਰੇਮੰਡ ਵਿਲੀਅਮਜ਼ (ਕਰਤਾ **ਕਲਚਰ ਐਂਡ ਸੋਸਾਇਟੀ, ਦ' ਲੌਂਗ ਰੈਵੋਲਿਊਸ਼ਨ**) ਅਤੇ ਰਿਚਰਡ ਹੋਗਰਟ (**ਯੂਜ਼ਿਜ਼ ਆਫ਼ ਲਿਟਰੇਸੀ**) ਨੇ ਲੋਕ-ਸਾਹਿਤ ਅਤੇ ਲੋਕ-ਪਰੰਪਰਾਵਾਂ ਨੂੰ ਵੀ ਮਹੱਤਵ ਦੇਣਾ ਸ਼ੁਰੂ ਕੀਤਾ। ਕਿਰਤੀ ਵਰਗ ਦੀ ਮਾਨਸਿਕਤਾ ਨੂੰ ਸਮਝਣ ਲਈ ਉਨ੍ਹਾਂ ਦੀਆਂ ਸਾਹਿਤਿਕ ਅਤੇ ਲੋਕ-ਪਰੰਪਰਾਵਾਂ ਦਾ ਅਧਿਐਨ ਕੀਤਾ। ਇਨ੍ਹਾਂ ਵਿਦਵਾਨਾਂ ਦੀਆਂ ਪੁਸਤਕਾਂ ਦੁਆਰਾ ਦੁਨੀਆਂ ਨੂੰ ਇਹ ਸਮਝ ਪੈ ਗਈ ਕਿ ਕਿਸੇ ਵੀ ਭਾਈਚਾਰੇ ਦੀ ਮਾਨਸਿਕਤਾ ਦੇ ਨਿਰਮਾਣ ਵਿਚ, ਲਿਖਤੀ ਸਾਹਿਤ ਨਾਲੋਂ ਉਸ ਭਾਈਚਾਰੇ ਦੀਆਂ ਸਮਾਜ-ਸਭਿਆਚਾਰਕ ਪਰੰਪਰਾਵਾਂ, ਲੋਕ-ਸਾਹਿਤ ਕਲਾਵਾਂ ਅਤੇ ਸੰਚਾਰ ਸਾਧਨਾਂ ਦੀ ਵਧੇਰੇ ਮਹੱਤਵਪੂਰਨ ਭੂਮਿਕਾ ਹੁੰਦੀ ਹੈ। ਸਭਿਆਚਾਰਕ ਅਧਿਐਨ ਨੇ ਜਿਥੇ ਲੋਕ-ਸਾਹਿੱਤ ਅਤੇ ਲੋਕ ਕਲਾ ਪਰੰਪਰਾਵਾਂ ਨੂੰ ਮੁਖ ਧਾਰਾ ਵਿਚ ਸ਼ਾਮਲ ਕਰਨ ਉਤੇ ਜ਼ੋਰ ਦਿੱਤਾ, ਉਥੇ ਉੱਤਮ ਅਤੇ ਪਾਪੂਲਰ (ਪ੍ਰਚਲਿਤ) ਸਾਹਿੱਤ ਵਿਚ ਅੰਤਰ ਮਿਟਾਂ ਕੇ ਇਹ ਸਿੱਧ ਕਰ ਦਿੱਤਾ ਕਿ ਹਾਕਮ ਜਮਾਤ ਅਤੇ ਮਜ਼ਦੂਰ ਜਮਾਤ ਦੇ ਸਭਿਆਚਾਰ ਵੱਖ-ਵੱਖ ਨਹੀਂ ਹੁੰਦੇ।

5.1.2 **ਸਭਿਆਚਾਰ ਦੀ ਨਵੀਂ ਪਰਿਭਾਸ਼ਾ** : ਪ੍ਰਸਿੱਧ ਚਿੰਤਕਾਂ ਮਾਰਕਸ ਅਤੇ ਐਂਗਲਜ਼ ਨੇ ਇਹ ਗੱਲ 1848 ਈ. ਵਿਚ ਹੀ ਲਿਖ ਦਿੱਤੀ ਸੀ ਕਿ ਹਾਕਮਾਂ ਦੀ ਵਿਚਾਰਧਾਰਾ ਹੀ ਮਜ਼ਦੂਰ ਜਮਾਤ ਦੀ ਵਿਚਾਰਧਾਰਾ ਹੁੰਦੀ ਹੈ ਪਰ ਦੁਨੀਆਂ ਦੇ ਹੋਰ ਵਿਦਵਾਨਾਂ ਨੂੰ ਇਸ ਗੱਲ ਦੀ ਤਹਿ ਤੱਕ ਜਾਂਦਿਆਂ-ਜਾਂਦਿਆਂ ਲਗਪਗ ਇਕ ਸਦੀ ਲੱਗ ਗਈ। ਇਸ ਗੱਲ ਨੂੰ ਸਮਝਣ ਤੋਂ ਬਾਅਦ ਸਭਿਆਚਾਰ ਦੀ ਨਵੀਂ ਪਰਿਭਾਸ਼ਾ ਸਾਹਮਣੇ ਆਈ। ਇਸ ਪਰਿਭਾਸ਼ਾ ਨੇ ਸਭਿਆਚਾਰ ਨੂੰ ਇਕ ਅਜਿਹੇ ਸਮੁੱਚ ਦੇ ਰੂਪ ਵਿਚ ਪੇਸ਼ ਕੀਤਾ, ਜਿਸ ਵਿਚ ਗਿਆਨ-ਵਿਗਿਆਨ, ਸਾਹਿਤ, ਕਲਾ, ਧਰਮ, ਨੈਤਿਕਤਾ, ਵਿਸ਼ਵਾਸ, ਰਸਮ-ਰਿਵਾਜ ਅਤੇ ਰਿਸ਼ਤੇ-ਨਾਤੇ ਆਦਿਕ ਉਹ ਸਭ ਕੁਝ ਸ਼ਾਮਲ ਹੈ, ਜਿਨ੍ਹਾਂ ਵਿਚੋਂ ਲੰਘ ਕੇ ਮਨੁੱਖ ਆਪਣੀ *ਜੈਵਿਕਤਾ* ਤੋਂ ਪਾਰ ਮਨੁੱਖੀ ਪਾਸਾਰ ਅਖ਼ਤਿਆਰ ਕਰਦਾ ਹੈ। ਸਭਿਆਚਾਰ ਵਿੱਚ, ਮਨੁੱਖ ਨਾਲ ਜੁੜਿਆ ਉਹ ਸਭ ਕੁਝ ਸ਼ਾਮਲ ਹੁੰਦਾ ਹੈ ਜੋ ਜੀਵ ਵਿਗਿਆਨਕ (ਬਾਇਆਲੋਜੀਕਲ) ਅਤੇ ਵੰਸ਼ਿਕ (ਜੈਨੇਟਿਕ) ਨਹੀਂ ਹੁੰਦਾ। ਪਰੰਤੂ ਇਸ ਪਰਿਭਾਸ਼ਾ ਦੀ ਸਮੱਸਿਆ ਇਹ ਹੈ ਕਿ ਇਸ ਵਿਚ ਸਭਿਆਚਾਰ ਏਨਾ ਵਿਸਤ੍ਰਿਤ ਹੋ ਜਾਂਦਾ ਹੈ ਕਿ ਸਭਿਆਚਾਰ (ਕਲਚਰ) ਅਤੇ ਸਮਾਜਿਕ ਸੰਗਠਨ (ਸੋਸ਼ਲ ਸਟਰਕਚਰ) ਵਿਚ ਕੋਈ ਅੰਤਰ ਹੀ ਨਹੀਂ ਰਹਿ ਜਾਂਦਾ। ਇਸ ਸਮੱਸਿਆ ਨਾਲ ਜੂਝਦਿਆਂ ਹੀ, ਸਭਿਆਚਾਰ ਬਾਰੇ ਨਵੀਂ *ਅੰਤਰਦ੍ਰਿਸ਼ਟੀ* ਪ੍ਰਾਪਤ ਹੋਈ। ਇਸ ਅੰਤਰਦ੍ਰਿਸ਼ਟੀ ਅਨੁਸਾਰ ਸਭਿਆਚਾਰ, ਅਰਥਾਂ ਦਾ ਉਤਪਾਦਨ ਕਰਨ ਵਾਲਾ ਪ੍ਰਬੰਧ ਹੁੰਦਾ ਹੈ। ਇਸ ਤਰ੍ਹਾਂ ਸਭਿਆਚਾਰ ਦੀ ਨਵੀਂ ਪਰਿਭਾਸ਼ਾ ਇਹ ਬਣੀ ਕਿ ਸਭਿਆਚਾਰ, ਸਮਾਜਕ ਸੰਗਠਨ ਦਾ ਉਹ ਪੱਖ ਹੈ ਜੋ ਅਰਥਾਂ ਦੇ ਉਤਪਾਦਨ, ਸੰਚਾਰ ਅਤੇ ਵਟਾਂਦਰੇ ਨਾਲ ਸੰਬੰਧਿਤ ਹੈ।

5.1.3 **ਸਮਾਜਿਕ ਸੰਗਠਨ ਦੇ ਕੁਝ ਹੋਰ ਪੱਖ** : ਸਭਿਆਚਾਰਕ ਪੱਖਾਂ ਤੋਂ ਬਿਨਾਂ ਸਮਾਜਿਕ ਸੰਗਠਨ ਦੇ ਕੁਝ ਹੋਰ ਪੱਖ ਵੀ ਹੁੰਦੇ ਹਨ ਜਿਵੇਂ ਆਰਥਿਕ ਅਤੇ ਰਾਜਨੀਤਕ ਪੱਖ। ਜਿਵੇਂ ਕਿਸੇ ਸਮਾਜਿਕ *ਸੰਗਠਨ* ਦਾ ਸਭਿਆਚਾਰ ਪੱਖ, ਅਰਥਾਂ ਦੀ ਪੈਦਾਵਾਰ ਅਤੇ ਖਪਤ ਬਾਰੇ ਵਿਚਾਰ-ਚਰਚਾ ਕਰਦਾ ਰਹਿੰਦਾ ਹੈ, ਇਸੇ ਤਰ੍ਹਾਂ ਆਰਥਿਕ ਅਤੇ ਰਾਜਨੀਤਕ ਪੱਖ ਕ੍ਰਮਵਾਰ ਦੌਲਤ ਅਤੇ ਸੱਤਾ ਦੀ ਪੈਦਾਵਾਰ ਨਾਲ ਸੰਬੰਧਿਤ ਹੁੰਦੇ ਹਨ। ਪਰੰਤੂ ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਸਮਾਜਿਕ ਸੰਗਠਨ ਦੇ ਇਹ ਸਾਰੇ ਪੱਖ, ਸਭਿਆਚਾਰ, ਅਰਥ-ਸ਼ਾਸਤਰ ਅਤੇ ਰਾਜਨੀਤੀ ਆਦਿਕ ਇਕ-ਦੂਜੇ ਤੋਂ ਕੱਟੇ ਹੋਏ

ਜਾਂ ਪੂਰਨ ਭਾਂਤ ਵੱਖ-ਵੱਖ ਨਹੀਂ ਹੁੰਦੇ ਬਲਕਿ ਇਹ ਸਾਰੇ ਇਕ-ਦੂਸਰੇ ਨਾਲ *ਅੰਤਰਸੰਬੰਧਿਤ* ਹੁੰਦੇ ਹਨ। ਸਭਿਆਚਾਰ ਕੋਈ ਸਥਿਰ ਰੂਪ ਨਹੀਂ ਹੁੰਦਾ। ਹਰ ਸਮਾਜਿਕ ਪ੍ਰਬੰਧ ਵਿਚ ਅਰਥਾਂ ਦਾ ਆਦਾਨ-ਪ੍ਰਦਾਨ ਹੁੰਦਾ ਰਹਿੰਦਾ ਹੈ, ਇਸ ਲਈ ਸਭਿਆਚਾਰ ਨੂੰ ਸਮਾਜਿਕ ਤਬਦੀਲੀ ਨਾਲੋਂ ਅਲੱਗ ਕਰਕੇ ਨਹੀਂ ਵੇਖਿਆ ਜਾ ਸਕਦਾ। ਆਰਥਿਕਤਾ ਅਤੇ ਰਾਜਨੀਤੀ ਵਾਂਗ ਹੀ ਹਰ ਇਕ ਸਮਾਜਕ ਘਟਨਾ ਅਤੇ ਤਬਦੀਲੀ ਦਾ ਸਭਿਆਚਾਰਕ *ਪਾਸਾਰ* ਵੀ ਹੁੰਦਾ ਹੈ। ਉਦਾਹਰਣ ਲਈ ਬਿਹਾਰ ਤੋਂ ਪੰਜਾਬ ਆ ਕੇ ਵੱਸਿਆ ਇਕ ਪਰਵਾਸੀ ਮਜ਼ਦੂਰ ਜਦੋਂ ਅੰਮ੍ਰਿਤ ਛਕ ਕੇ ਸਿੰਘ ਸਜ ਜਾਂਦਾ ਹੈ ਤਾਂ ਇਹ ਘਟਨਾ ਸਭਿਆਚਾਰਕ, ਆਰਥਿਕ ਅਤੇ ਰਾਜਨੀਤਕ ਹਰ ਪੱਖ ਤੋਂ ਮਹੱਤਵ ਰੱਖਦੀ ਹੈ।

5.1.4 **ਸਭਿਆਚਾਰ ਕੋਈ ਸਥਿਰ ਅਤੇ ਸੁਨਿਸ਼ਚਿਤ ਢਾਂਚਾ ਨਹੀਂ ਹੁੰਦਾ** : ਕਿਸੇ ਵੀ ਸਭਿਆਚਾਰ ਦੇ ਵੱਖ-ਵੱਖ ਪਾਸਾਰ ਸਦਾ ਗਤੀਸ਼ੀਲ ਰਹਿੰਦੇ ਹਨ। ਇਸ ਤਰ੍ਹਾਂ ਸਭਿਆਚਾਰ ਸਦਾ ਤਬਦੀਲੀ ਦੀ ਪ੍ਰਕਿਰਿਆ ਵਿਚੋਂ ਗੁਜ਼ਰਦਾ ਰਹਿੰਦਾ ਹੈ। ਕਿਸੇ ਭਾਈਚਾਰੇ ਦਾ ਆਰਥਿਕ ਆਧਾਰ, ਉਸ ਭਾਈਚਾਰੇ ਵਿਚ ਵਸਤੂਆਂ, ਸੇਵਾਵਾਂ ਅਤੇ ਦੌਲਤ ਦੀ ਪੈਦਾਵਾਰ ਅਤੇ ਵੰਡ ਨਾਲ ਸੰਬੰਧ ਰੱਖਦਾ ਹੈ; ਰਾਜਨੀਤਕ ਪਾਸਾਰ, ਇਸ ਪੈਦਾਵਾਰ ਦੇ ਕੰਟਰੋਲ ਦਾ ਕੰਮ ਕਰਦਾ ਹੈ ਅਤੇ ਸਭਿਆਚਾਰਕ ਪਾਸਾਰ ਉਸ ਮਾਨਸਿਕਤਾ ਦੇ ਵਿਸ਼ਲੇਸ਼ਣ ਵਿਚ ਰੁਚੀ ਰਖਦਾ ਹੈ, ਜਿਹੜੀ ਕਿਸੇ ਪ੍ਰਬੰਧ ਵਿਚ ਪੈਦਾਵਾਰ, ਖਪਤ ਅਤੇ ਕੰਟਰੋਲ ਨਾਲ ਸੰਬੰਧ ਰੱਖਦੀ ਹੈ। ਇਸ ਤਰ੍ਹਾਂ ਜਦੋਂ ਅਸੀਂ ਪੰਜਾਬੀ ਸਭਿਆਚਾਰ ਦੇ ਅਧਿਐਨ ਦੀ ਗੱਲ ਕਰਦੇ ਹਾਂ, ਤਾਂ ਵਾਸਤਵ ਵਿਚ ਪੰਜਾਬੀ ਸਮਾਜ ਦੇ ਸਭਿਆਚਾਰਕ ਅਧਿਐਨ ਦੀ ਗੱਲ ਕਰ ਰਹੇ ਹੁੰਦੇ ਹਾਂ। ਰਾਜਨੀਤਕ ਅਤੇ ਆਰਥਿਕ ਅਧਿਐਨ ਉਪਰ ਵੀ ਇਹੀ ਧਾਰਨਾ ਲਾਗੂ ਹੁੰਦੀ ਹੈ। ਸਭਿਆਚਾਰ ਵਾਂਗ ਹੀ ਅਸੀਂ ਕਿਸੇ ਭਾਈਚਾਰੇ ਦੇ ਅਰਥਚਾਰੇ ਅਤੇ ਰਾਜਨੀਤੀ ਦਾ ਅਧਿਐਨ ਨਹੀਂ ਬਲਕਿ ਉਸ ਭਾਈਚਾਰੇ ਨਾਲ ਸੰਬੰਧਿਤ ਸਮਾਜ ਦਾ ਆਰਥਿਕ ਅਤੇ ਰਾਜਨੀਤਕ ਅਧਿਐਨ-ਵਿਸ਼ਲੇਸ਼ਣ ਕਰ ਰਹੇ ਹੁੰਦੇ ਹਾਂ।

5.1.5 **ਪੰਜਾਬੀ ਸਭਿਆਚਾਰ ਅਤੇ ਕਿਸਾਨਾਂ ਦੀਆਂ ਆਤਮ-ਹੱਤਿਆਵਾਂ** : ਅਮਰਜੀਤ ਸਿੰਘ ਗਰੇਵਾਲ ਪੰਜਾਬੀ ਕਿਸਾਨਾਂ ਵੱਲੋਂ ਕੀਤੀਆਂ ਜਾ ਰਹੀਆਂ ਆਤਮ-ਹੱਤਿਆਵਾਂ ਨੂੰ ਸਭਿਆਚਾਰਕ *ਸੰਦਰਭ* ਵਿਚ ਰੱਖ ਕੇ ਵੇਖਦਾ ਹੈ। ਉਸ ਅਨੁਸਾਰ ਇਹ ਕਿਹਾ ਜਾਂਦਾ ਹੈ ਕਿ ਕਿਸਾਨ ਲੋਕ ਕਰਜ਼ਾ ਨਾ ਮੋੜ ਸਕਣ ਕਾਰਨ ਅਰਥਾਤ ਆਰਥਿਕ ਦਬਾਵਾਂ ਦੇ ਕਾਰਨ ਆਤਮ-ਹੱਤਿਆਵਾਂ ਕਰਦੇ ਹਨ ਪਰ ਇਹ ਗੱਲ ਪੂਰਨ ਭਾਂਤ ਠੀਕ ਨਹੀਂ ਹੈ। ਕਿਸਾਨਾਂ ਦੇ ਕਰਜ਼ਈ ਹੋਣ ਦੀ ਗੱਲ ਤਾਂ ਵੀਹਵੀਂ ਸਦੀ ਦੇ ਮੁਢਲੇ ਦਹਾਕਿਆਂ ਤੋਂ ਹੀ ਸ਼ੁਰੂ ਹੋ ਜਾਂਦੀ ਹੈ, ਜਦੋਂ ਕਿਸਾਨ ਆਪਣੀਆਂ ਘਰੇਲੂ ਲੋੜਾਂ ਵਾਸਤੇ ਜਾਂ ਬਰਤਾਨਵੀ ਸਰਕਾਰ ਵਲੋਂ ਵਧਾਏ ਗਏ ਮਾਲੀਏ ਨੂੰ ਤਾਰਨ ਵਾਸਤੇ ਸ਼ਾਹੂਕਾਰਾਂ ਤੋਂ ਕਰਜ਼ਾ ਲੈਂਦੇ ਸਨ। ਹਰੇ ਇਨਕਲਾਬ ਦੇ ਸ਼ੁਰੂ ਹੋਣ ਤਕ ਕਿਸਾਨ, ਸ਼ਾਹੂਕਾਰਾਂ ਜਾਂ ਆੜ੍ਹਤੀਆਂ ਤੋਂ ਕਰਜ਼ੇ ਲੈਂਦੇ ਤਾਂ ਰਹੇ ਹਨ ਪਰ ਕਰਜ਼ੇ ਦੀ ਵਜ੍ਹਾ ਦੇ ਕਾਰਨ ਕੋਈ ਕਿਸਾਨ ਆਤਮ-ਹੱਤਿਆ ਕਰਦਾ ਨਹੀਂ ਵੇਖਿਆ ਗਿਆ। ਬਲਕਿ ਕਰਜ਼ੇ ਦਾ ਬੋਝ ਕਿਸਾਨਾਂ ਨੂੰ ਸੰਘਰਸ਼ ਅਤੇ ਹੋਰ ਮਿਹਨਤ ਕਰਨ ਵਾਸਤੇ ਪ੍ਰੇਰਿਤ ਕਰਦਾ ਸੀ। ਉਦਾਹਰਣ ਲਈ ਲੇਖਕ ਪ੍ਰਸਿੱਧ ਹਿੰਦੀ ਫਿਲਮਾਂ- 'ਦੋ ਬੀਘਾ ਜ਼ਮੀਨ' ਅਤੇ 'ਮਦਰ ਇੰਡੀਆ' ਵੱਲ ਸੰਕੇਤ ਕਰਦਾ ਹੈ। 'ਦੋ ਬੀਘਾ ਜ਼ਮੀਨ' ਵਿਚ ਬਲਰਾਜ ਸਾਹਨੀ ਅਤੇ 'ਮਦਰ ਇੰਡੀਆ' ਵਿਚ ਨਰਗਿਸ ਕਰਜ਼ੇ ਦੇ ਕਾਰਨ ਪੀੜਿਤ ਤਾਂ ਪੁੱਜ ਕੇ ਹਨ ਪਰ ਉਹ ਆਤਮ-ਹੱਤਿਆ ਕਰਨ ਬਾਰੇ ਕਦੇ ਨਹੀਂ ਸੋਚਦੇ ਬਲਕਿ ਸੰਘਰਸ਼ ਦਾ ਮਾਰਗ ਅਪਣਾਉਂਦੇ ਹਨ ਜਦੋਂ ਕਿ ਅਜੋਕਾ ਕਿਸਾਨ ਆਤਮ-ਹੱਤਿਆ ਕਰਨ ਲੱਗਾ ਹੈ। ਲੇਖਕ ਅਨੁਸਾਰ ਇਸ ਉਲਾਰ ਦੇ ਪਿਛੇ ਸਭਿਆਚਾਰਕ ਸੰਕਟ ਕੰਮ ਕਰ ਰਿਹਾ ਹੈ। ਅਸੀਂ ਇਹੋ ਜਿਹੀਆਂ ਸਭਿਆਚਾਰਕ ਸੰਸਥਾਵਾਂ ਨੂੰ ਜੀਵਿਤ ਰੱਖਣ ਜਾਂ ਵਿਕਸਿਤ ਕਰਨ ਵਿਚ ਅਸਫ਼ਲ ਸਿੱਧ ਹੋਏ ਹਾਂ ਜੋ ਇਕ ਕਿਰਤੀ ਅਤੇ ਮਿਹਨਤਕਸ਼ ਕਿਸਾਨ ਨੂੰ ਆਤਮ-ਹੱਤਿਆ ਕਰਨ ਦੀ ਬਜਾਇ ਸੰਘਰਸ਼ ਦੇ ਮਾਰਗ ਉਪਰ ਤੋਰ ਸਕਣ। ਸਾਡਾ ਸਭਿਆਚਾਰ *ਪਲਾਇਣਵਾਦੀ* ਬਣਦਾ ਜਾ ਰਿਹਾ ਹੈ। ਅਸੀਂ ਆਪਣੇ ਆਸ-ਪਾਸ ਫੈਲੀਆਂ ਸਮੱਸਿਆਵਾਂ ਨੂੰ ਨਜਿੱਠਣ ਦੀ ਬਜਾਇ ਇਨ੍ਹਾਂ ਤੋਂ ਦੌੜ ਜਾਣ ਦੀ ਕੋਸ਼ਿਸ਼ ਕਰ ਰਹੇ ਹਾਂ। ਪੰਜਾਬ ਦੇ ਲੋਕ ਵੱਡੀ ਗਿਣਤੀ ਵਿਚ, ਬਾਹਰਲੇ ਵਿਕਸਿਤ ਦੇਸ਼ਾਂ ਵੱਲ *ਹਿਜਰਤ* ਇਸੇ ਕਾਰਨ ਕਰ ਰਹੇ ਹਨ ਕਿਉਂਕਿ ਉਹ ਪੰਜਾਬੀ ਸਮਾਜ ਵਿਚ ਉਤਪੰਨ ਹੋ ਚੁਕੇ *ਉਲਾਰਾਂ-ਵਿਕਾਰਾਂ* ਨੂੰ ਨਜਿੱਠਣ ਦੀ ਬਜਾਇ ਪਲਾਇਣ ਕਰ ਜਾਣ ਵਿਚ ਹੀ ਭਲਾਈ ਸਮਝਦੇ ਹਨ। ਸਾਡੇ ਸਾਹਿਤਕਾਰਾਂ, ਕਲਾਕਾਰਾਂ, ਵਿਦਵਾਨਾ

ਅਤੇ ਬੁੱਧੀਜੀਵੀਆਂ ਨੂੰ ਇਸ ਖੇਤਰ ਵਿਚ ਭਰਪੂਰ ਦਖਲਅੰਦਾਜ਼ੀ ਕਰਨ ਦੀ ਜ਼ਰੂਰਤ ਹੈ ਕਿਉਂਕਿ ਸਦੀਆਂ ਤੋਂ ਚੱਲਿਆ ਆ ਰਿਹਾ ਸਾਡਾ ਜੁਝਾਰੂ ਅਤੇ ਸੰਘਰਸ਼ਸ਼ੀਲ ਵਿਰਸਾ ਗੰਭੀਰ ਖ਼ਤਰੇ ਵਿਚ ਘਿਰ ਚੁਕਾ ਹੈ।

**5.2 ਸ਼ੈਲੀ**

ਅਮਰਜੀਤ ਸਿੰਘ ਗਰੇਵਾਲ ਦੀ ਸ਼ੈਲੀ ਇਕ ਸਮਾਜ ਵਿਗਿਆਨੀ ਵਾਲੀ ਦਲੀਲਮਈ ਅਤੇ ਤੱਥ-ਆਧਾਰਿਤ ਸ਼ੈਲੀ ਹੈ। ਉਹ ਆਪਣੀ ਹਰ ਗੱਲ ਤਰਕ ਦੀ ਕਸਵੱਟੀ ਉਪਰ ਨਿਰਖ-ਪਰਖ ਕੇ ਕਰਦਾ ਹੈ। ਇਹੀ ਕਾਰਨ ਹੈ ਕਿ ਉਸ ਨੇ *ਸਿਰਜਣਾਤਮਕ* ਲੇਖਕਾਂ ਵਰਗੀ ਜਜ਼ਬਾਤੀ ਅਤੇ *ਕਲਪਨਾਤਮਕ* ਗੱਦ-ਸ਼ੈਲੀ ਦਾ ਪ੍ਰਯੋਗ ਨਹੀਂ ਕੀਤਾ। ਆਪਣੇ ਅਧਿਐਨ ਨੂੰ ਪ੍ਰਮਾਣਿਕ ਬਣਾਉਣ ਲਈ ਉਸ ਨੇ ਪੱਛਮ ਦੇ ਕੁਝ ਪ੍ਰਸਿੱਧ ਚਿੰਤਕਾਂ, ਜਿਵੇਂ ਮਾਰਕਸ, ਐਂਗਲਜ਼ ਅਤੇ ਅਲਥਿਊਜ਼ਰ ਆਦਿ ਦੀਆਂ ਲਿਖਤਾਂ ਦੇ ਹਵਾਲੇ ਦਿਤੇ ਹਨ। ਇਸੇ ਤਰ੍ਹਾਂ ਇਸ ਲੇਖ ਵਿਚ ਰੇਮੰਡ ਵਿਲੀਅਮਜ਼, ਥੌਪਸਨ ਅਤੇ ਰਿਚਰਡ ਹੌਗਰਟ ਵਰਗੇ ਸਭਿਆਚਾਰ-ਸ਼ਾਸਤਰੀਆਂ ਦੀਆਂ ਪ੍ਰਸਿੱਧ ਲਿਖਤਾਂ ਵੱਲ ਵੀ ਸੰਕੇਤ ਕੀਤੇ ਗਏ ਹਨ। ਅਮਰਜੀਤ ਸਿੰਘ ਗਰੇਵਾਲ ਆਪਣੇ ਅਧਿਐਨ ਨੂੰ ਸਾਮਾਨਯ (ਜਨਰਲ) ਤੋਂ ਸ਼ੁਰੂ ਕਰਕੇ ਵਿਸ਼ੇਸ਼ ਅਤੇ ਠੋਸ ਤਕ ਲੈ ਜਾਂਦਾ ਹੈ ਤਾਂ ਜੋ ਉਸਦੇ ਲੇਖ ਪੰਜਾਬੀ ਸਭਿਆਚਾਰ ਦੇ ਸਮਕਾਲੀ ਸੰਕਟ ਉਪਰ ਵੀ ਟਿੱਪਣੀ ਕਰ ਸਕਣ। ਇਸ ਕਾਰਨ ਉਸਦੀ ਇਹ ਰਚਨਾ ਅਜੋਕੇ ਪੰਜਾਬੀ ਸਭਿਆਚਾਰ ਦੇ ਮੁਹਾਂਦਰੇ ਨੂੰ ਸਮਝਣ ਵਾਸਤੇ ਬੜੀਆਂ ਸਾਰਥਿਕ ਅੰਤਰਦ੍ਰਿਸ਼ਟੀਆਂ ਮੁਹਈਆ ਕਰਦੀ ਹੈ। *ਅਨੁਭਵ-ਸੰਚਾਰ,* ਸ਼ਿਲਪ ਅਤੇ ਸ਼ੈਲੀ ਦੀ ਦ੍ਰਿਸ਼ਟੀ ਤੋਂ ਇਹ ਇਕ ਮਹਤਵਪੂਰਨ ਰਚਨਾ ਹੈ।

**6. ਸਾਰ**

ਇਸ ਪਾਠ ਰਾਹੀਂ ਅਸੀਂ ਤਿੰਨ ਲੇਖਾਂ ਚਾਰ ਚਿਰਾਗ, ਜੰਞ ਘਰ ਬਨਾਮ ਮੈਰਿਜ਼ ਪੈਲੇਸ ਅਤੇ ਸਭਿਆਚਾਰਕ ਅਧਿਐਨ ਤੇ ਵਿਸ਼ਲੇਸ਼ਣ ਦੇ ਵਿਸ਼ਾ-ਵਸਤੂ, ਸਾਰ ਅਤੇ ਸ਼ੈਲੀ ਬਾਰੇ ਵਿਸਥਾਰਪੂਰਵਕ ਢੰਗ ਨਾਲ ਚਰਚਾ ਕੀਤਾ ਹੈ। ਇਮਤਿਹਾਨ ਵਿਚ ਤੁਹਾਡੇ ਤੋਂ ਲੇਖਾਂ ਦੇ ਇਨ੍ਹਾਂ ਪੱਖਾਂ ਬਾਰੇ ਹੀ ਪ੍ਰਸ਼ਨ ਪੁੱਛੇ ਜਾਣੇ ਹਨ।

**7. ਔਖੇ ਸ਼ਬਦਾਂ ਦੇ ਅਰਥ**

- *ਸੁਪਰ-ਇੰਪੋਜ* : ਇਕ ਦੂਜੇ ਵਿਚ ਰਲਾ ਦੇਣਾ
- *ਫਲੈਸ਼-ਬੈਕ ਦੀ ਵਿਧੀ* : ਸੋਚਦੇ ਸੋਚਦੇ ਵਰਤਮਾਨ ਤੋਂ ਅਤੀਤ ਵੱਲ ਚਲੇ ਜਾਣਾ
- *ਸਮਵਿੱਥ* : ਬਰਾਬਰ
- *ਸਮਾਨੰਤਰ* : ਨਾਲੋ ਨਾਲ
- *ਲੋਕੇਸ਼ਨ* : ਘਟਨਾ ਵਾਪਰਨ ਦੀ ਥਾਂ
- *ਪੂੰਜੀਵਾਦੀ ਸੰਸਕ੍ਰਿਤੀ* : ਪੈਸਾਮੁੱਖ ਕਦਰਾਂ-ਕੀਮਤਾਂ ਵਾਲਾ ਸਮਾਜ
- *ਪੈਕ-ਅੱਪ* : ਕੰਮ ਮੁਕਾ ਕੇ ਚੀਜ-ਵਸਤ ਸਾਂਭਣਾ
- *ਕੁਸ਼ਲਤਾ* : ਕਲਾਮਈ ਮੁਹਾਰਤ
- *ਸਜੀਵ ਰੂਪ ਵਿਚ ਸਾਕਾਰ* : ਜਿਉਂਦੇ-ਜਾਗਦੇ ਰੂਪ 'ਚ ਨਜ਼ਰ ਆਉਣਾ ਹੋਣਾ
- *ਰਸ-ਨਿਰੂਪਣ* : ਰਚਨਾ ਪੜ੍ਹ ਕੇ ਪ੍ਰਾਪਤ ਹੋਣ ਵਾਲਾ ਰਸ ਜਾਂ ਆਨੰਦ
- *ਅਲੰਕਾਰ-ਸਿਰਜਣ* : ਸ਼ਬਦਾਂ ਅਤੇ ਅਰਥਾਂ ਨਾਲ ਲਿਖਤ ਨੂੰ ਸਜਾਉਣਾ
- *ਕਲਾ-ਕੁਸ਼ਲਤਾ* : ਸੁਹਣੀ ਸ਼ੈਲੀ ਦਾ ਕਮਾਲ
- *ਵਿਅੰਜਨ* : ਖਾਣ-ਪੀਣ ਦੀਆਂ ਸੁਆਦੀ ਵਸਤਾਂ
- *ਸਮਾਜ-ਸ਼ਾਸਤਰੀ* : ਸਮਾਜ ਨੂੰ ਸਮਝਣ ਵਾਲਾ ਵਿਦਵਾਨ
- *ਉਤਕ੍ਰਿਸ਼ਟ* : ਉਤਮ, ਵਧੀਆ, ਸਰਬਉਤਮ
- *ਅੰਤਰ-ਦ੍ਰਿਸ਼ਟੀ* : ਸੂਝ, ਗਿਆਨ
- *ਸੰਗਠਨ* : ਵੱਖ ਵੱਖ ਸਮੂਹਾਂ ਦਾ ਇਕੱਠ

- *ਅੰਤਰ-ਸਬੰਧਤ* : ਇਕ-ਦੂਜੇ ਨਾਲ ਜੁੜੇ ਹੋਏ
- *ਪਾਸਾਰ* : ਵੱਖ ਵੱਖ ਪੱਖ
- *ਸੰਦਰਭ* : ਕਿਸੇ ਚੀਜ ਦਾ ਚੌਗਿਰਦਾ
- *ਪਲਾਇਣਵਾਦੀ* : ਮੈਦਾਨ ਵਿਚੋਂ ਭੱਜ ਜਾਣ ਵਾਲਾ
- *ਹਿਜ਼ਰਤ* : ਆਪਣੀ ਮਾਤ-ਭੂਮੀ ਤੋਂ ਹੋਰ ਥਾਂ ਜਾ ਵੱਸਣਾ
- *ਉਲਾਰ-ਵਿਕਾਰ* : ਭੈੜੇ ਲੱਛਣ
- *ਸਿਰਜਣਾਤਮਕ* : ਕਲਪਨਾ ਦੇ ਸਿਰ ਤੇ ਨਵਾਂ ਸੋਚਣ/ਲਿਖਣ ਵਾਲਾ
- *ਕਲਪਨਾਤਮਕ* : ਨਵੇਂ ਫੁਰਨੇ
- *ਅਨੁਭਵ ਸੰਚਾਰ* : ਆਪਣੇ ਵਿਚਾਰਾਂ ਨੂੰ ਦੂਜਿਆਂ ਤੱਕ ਪਹੁੰਚਾਉਣਾ
- *ਜੈਵਿਕਤਾ* : ਮਨੁੱਖ ਦੇ ਸਰੀਰ ਦੀ ਬੁਨਿਆਦ
- *ਬਸਤੀਵਾਦੀ ਸੋਚ* : ਭਾਰਤ ਉਤੇ ਹਕੂਮਤ ਕਰਦੇ ਰਹੇ ਅੰਗਰੇਜ਼ਾਂ ਦੀ ਅੱਖ ਜਾਂ ਦ੍ਰਿਸ਼ਟੀ ਨਾਲ ਵੇਖਣਾ

8. **ਮਹੱਤਵਪੂਰਨ ਪ੍ਰਸ਼ਨ** : ਉਕਤ ਪਾਠ ਵਿਚ ਦਿੱਤੀ ਗਈ ਸਾਮਗਰੀ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਉ।

1. 'ਚਾਰ ਚਿਰਾਗ਼' ਲੇਖ ਵਿਚ ਹਰਜੀਤ ਸਿੰਘ, ਸਰਕਸ ਵਾਲਿਆਂ ਦੀ ਸਥਿਤੀ ਬਾਰੇ ਕੀ ਦੱਸਦਾ ਹੈ ?
2. ਅਜੋਕੇ ਪੰਜਾਬ ਵਿਚ ਕਿੱਸੇ ਰਚਣ ਅਤੇ ਵੇਚਣ ਵਾਲਿਆਂ ਦੀ ਕੀ ਸਥਿਤੀ ਹੈ ?
3. ਲੋਕ ਆਪਣੇ ਘਰਾਂ ਦੇ ਵਿਹੜਿਆਂ ਦੀ ਬਜਾਇ ਮੈਰਿਜ-ਪੈਲੇਸ ਵਿਚ ਕਿਉਂ ਵਿਆਹ ਕਰਨ ਲੱਗੇ ਹਨ ?
4. ਮੈਰਿਜ-ਪੈਲੇਸ ਵਿਚ ਕੀਤੇ ਜਾ ਰਹੇ ਵਿਆਹ ਸਾਡੇ ਸਭਿਆਚਾਰ ਉਪਰ ਕੀ ਪ੍ਰਭਾਵ ਪਾ ਰਹੇ ਹਨ ?
5. 'ਸਭਿਆਚਾਰ' ਦੀ ਪਰਿਭਾਸ਼ਾ ਦੱਸੋ।
6. ਅਜੋਕਾ ਕਿਸਾਨ ਆਤਮ-ਹੱਤਿਆ ਦੇ ਰਾਹ ਉਪਰ ਕਿਉਂ ਚੱਲ ਪਿਆ ਹੈ ?
7. ਬਸਤੀਵਾਦੀ ਚਿੰਤਕ 'ਸਭਿਆਚਾਰ' ਬਾਰੇ ਕਿਵੇਂ ਸੋਚਦੇ ਹਨ ?

ਪਾਠ ਨੰ: 2.5 ਪ੍ਰੋ. ਬ੍ਰਹਮਜਗਦੀਸ਼ ਸਿੰਘ

## ਪੁਸਤਕ ਸਭਿਆਚਾਰ ਤੇ ਵਿਚਾਰ ਉਤੇ ਅਧਾਰਿਤ ਸੰਖੇਪ ਪ੍ਰਸ਼ਨ-ਉੱਤਰ

**1. ਭੂਮਿਕਾ**

ਪਿਛਲੇ ਕੁਝ ਸਮੇਂ ਤੋਂ ਵੇਖਣ ਵਿਚ ਆਇਆ ਹੈ ਕਿ ਮਾਰਕਿਟ ਵਿਚ ਮਿਲਣ ਵਾਲੀਆਂ ਸਹਾਇਕ-ਪੁਸਤਕਾਂ ਦੇ ਕਾਰਨ ਵਿਦਿਆਰਥੀ ਪਾਠ-ਪੁਸਤਕਾਂ ਨੂੰ ਪੜ੍ਹਨ ਵਿਚ ਰੁਚੀ ਨਹੀਂ ਦਿਖਾਉਂਦੇ। ਸਿੱਟੇ ਵਜੋਂ ਉਨ੍ਹਾਂ ਦਾ ਗਿਆਨ ਅਧੂਰਾ ਰਹਿ ਜਾਂਦਾ ਹੈ। ਸਹੀ ਗਿਆਨ ਦੀ ਪ੍ਰਾਪਤੀ ਕਰਨ ਲਈ ਪਾਠ-ਪੁਸਤਕਾਂ ਦਾ ਗੰਭੀਰ ਅਤੇ *ਸਰਬਾਂਗੀ* ਅਧਿਐਨ ਬਹੁਤ ਜ਼ਰੂਰੀ ਹੈ। ਇਸ ਮੰਤਵ ਲਈ ਪ੍ਰਸ਼ਨ-ਪੱਤਰ ਵਿਚ ਸੰਖੇਪ ਪ੍ਰਸ਼ਨ-ਉੱਤਰਾਂ ਵਾਲਾ ਇਕ ਪ੍ਰਸ਼ਨ ਜ਼ਰੂਰੀ ਕਰ ਦਿੱਤਾ ਗਿਆ ਹੈ। ਪੁੱਛੇ ਜਾ ਸਕਣ ਵਾਲੇ ਪ੍ਰਸ਼ਨਾਂ ਦੀ ਰੂਪ-ਰੇਖਾ ਤੋਂ ਜਾਣੂੰ ਕਰਵਾਉਣ ਲਈ ਇਸ ਪਾਠ ਵਿਚ ਕੁਝ ਪ੍ਰਸ਼ਨ ਅਤੇ ਉਨ੍ਹਾਂ ਦੇ ਉੱਤਰ ਦਿੱਤੇ ਜਾ ਰਹੇ ਹਨ। ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ 'ਸਭਿਆਚਾਰ ਤੇ ਵਿਚਾਰ' ਪੁਸਤਕ ਨੂੰ ਪੜ੍ਹਨ ਤੋਂ ਬਾਅਦ ਹੀ ਇਨ੍ਹਾਂ ਪਾਠਾਂ ਵਿਚ ਦਿੱਤੀ ਗਈ ਸਮੱਗਰੀ ਦਾ ਅਧਿਐਨ ਕਰਨ। ਇਸ ਵਿਧੀ ਦੁਆਰਾ ਉਹ ਪਾਠ-ਪੁਸਤਕ ਵਿਚ ਦਿੱਤੀ ਗਈ ਸਮੱਗਰੀ ਨੂੰ ਵਧੇਰੇ ਚੰਗੀ ਤਰ੍ਹਾਂ ਸਮਝ ਸਕਣਗੇ।

**2. ਪ੍ਰਯੋਜਨ**

ਇਸ ਪਾਠ ਦਾ ਮਕਸਦ ਵਿਦਿਆਰਥੀਆਂ ਨੂੰ 'ਸਭਿਆਚਾਰ ਤੇ ਵਿਚਾਰ' ਪੁਸਤਕ ਵਿਚ ਸ਼ਾਮਿਲ ਲੇਖਾਂ ਦੀ ਵਸਤੂ-ਸਮੱਗਰੀ ਬਾਰੇ *ਤੱਥਗਤ* ਜਾਣਕਾਰੀ ਪ੍ਰਦਾਨ ਕਰਨਾ ਹੈ। ਇਹ ਦੇਖਿਆ ਗਿਆ ਹੈ ਕਿ ਵਿਦਿਆਰਥੀ ਕਿਸੇ ਵਿਸ਼ੇ ਬਾਰੇ ਨਿਬੰਧਨੁਮਾ ਲੇਖ ਤਾਂ ਬੜੀ ਆਸਾਨੀ ਨਾਲ ਲਿਖ ਲੈਂਦੇ ਹਨ ਪਰੰਤੂ ਪ੍ਰਸ਼ਨਾਂ ਦੇ ਸੰਖੇਪ ਉੱਤਰ ਦੇਣ ਸਮੇਂ ਉਨ੍ਹਾਂ ਦਾ ਆਤਮ-ਵਿਸ਼ਵਾਸ ਥਿੜਕਣ ਲਗਦਾ ਹੈ। ਉਨ੍ਹਾਂ ਨੂੰ ਪਤਾ ਹੀ ਨਹੀਂ ਚੱਲਦਾ ਕਿ ਉਹ ਕੀ ਦੱਸਣ, ਕੀ ਨਾ ਦੱਸਣ। ਸੋ ਵਿਦਿਆਰਥੀਆਂ ਦੀ *ਰਹਿਨੁਮਾਈ* ਲਈ ਇਸ ਪਾਠ ਵਿਚ ਸੰਖੇਪ ਪ੍ਰਸ਼ਨ-ਉੱਤਰ ਦਿੱਤੇ ਜਾ ਰਹੇ ਹਨ। ਇਨ੍ਹਾਂ ਦੀ ਰੌਸ਼ਨੀ ਵਿਚ ਉਹ ਹੋਰ ਪ੍ਰਸ਼ਨਾ ਦਾ ਉੱਤਰ ਦੇਣ ਦੇ ਸਮਰੱਥ ਹੋ ਜਾਣਗੇ।

**3. ਪਾਠ ਦੀ ਰੂਪ-ਰੇਖਾ**

3.1 ਨਮੂਨੇ-ਮਾਤਰ ਪ੍ਰਸ਼ਨ ਅਤੇ ਉਨ੍ਹਾਂ ਦੇ ਸੰਖੇਪ ਉਤਰ (3.1 ਤੋਂ 3.40)

**4. ਅੰਤਿਕਾ**

**5. ਔਖੇ ਸ਼ਬਦਾਂ ਦੇ ਅਰਥ**

**6. ਵਿਸ਼ੇ ਦੇ ਹੋਰ ਅਧਿਐਨ ਲਈ ਸਹਾਇਕ ਸਮੱਗਰੀ**

**3.1 ਪ੍ਰਸ਼ਨ : 'ਸਭਿਆਚਾਰ' ਪਦ ਦੀ ਪਰਿਭਾਸ਼ਾ ਕਰੋ।**

**ਉੱਤਰ** : 'ਸਭਿਆਚਾਰ' ਸ਼ਬਦ ਅੰਗ੍ਰੇਜ਼ੀ ਸ਼ਬਦ 'ਕਲਚਰ' (Culture) ਦੇ ਅਰਥਾਂ ਵਿਚ ਵਰਤਿਆ ਜਾਂਦਾ ਹੈ। ਇਹ ਸ਼ਬਦ 'ਐਗਰੀਕਲਚਰ' ਵਿਚੋਂ ਆਇਆ ਹੈ ਜਿਸ ਦੇ ਅਰਥ 'ਖੇਤੀਬਾੜੀ' ਬਣਦੇ ਹਨ। 'ਖੇਤੀਬਾੜੀ' ਕੁਦਰਤੀ ਰੂਪ ਵਿਚ ਉੱਗੇ ਰੁਖ-ਬੂਟਿਆਂ ਅਤੇ ਝਾੜ-ਜੰਗਲਾਂ ਤੋਂ ਵੱਖਰੀ ਬਨਸਪਤੀ ਵਾਸਤੇ ਵਰਤਿਆ ਜਾਣ ਵਾਲਾ ਸ਼ਬਦ ਹੈ। 'ਕਲਚਰ' ਮਨੁੱਖੀ ਕਿਰਤ ਅਤੇ ਮਿਹਨਤ ਦਾ ਪ੍ਰਤੀਕ ਹੈ। ਇਸ ਤਰ੍ਹਾਂ 'ਸਭਿਆਚਾਰ' ਮਨੁਖ ਦਾ ਆਪਣੀ ਕਿਰਤ ਅਤੇ ਮਿਹਨਤ ਦੁਆਰਾ ਸਿਰਜਿਆ ਚੌਗਿਰਦਾ ਹੈ।

**3.2 ਪ੍ਰਸ਼ਨ : ਅਨੁਕੂਲਣ ਦੀ ਪ੍ਰਕਿਰਿਆ ਕੀ ਹੈ ?**

**ਉੱਤਰ** : ਇਸ ਪ੍ਰਕਿਰਿਆ ਰਾਹੀਂ ਸਮਾਜਕ-ਸਭਿਆਚਾਰਕ ਸੰਸਥਾਵਾਂ ਵਿਕਸਿਤ ਹੁੰਦੀਆਂ ਹਨ। ਮਨੁੱਖੀ ਮਨ ਸੁਤੰਤਰ ਹੁੰਦਾ ਹੈ ਅਤੇ ਇਹ ਛੇਤੀ ਕਿਤੇ ਸਭਿਆਚਾਰਕ ਪਾਬੰਦੀਆਂ ਨੂੰ ਪ੍ਰਵਾਨ ਨਹੀਂ ਕਰਦਾ। ਸਮਾਜ ਆਪਣੀਆਂ

ਵੱਖ-ਵੱਖ ਸੰਸਥਾਵਾ ਰਾਹੀਂ ਮਨੁੱਖੀ ਵਤੀਰੇ ਨੂੰ ਆਪਣੇ ਅਨੁਕੂਲ ਬਣਾਉਂਦਾ ਹੈ। ਹਰ ਸਭਿਆਚਾਰ ਦੀਆਂ ਲੋੜਾਂ ਵੱਖ-ਵੱਖ ਹੁੰਦੀਆਂ ਹਨ। ਇਸ ਕਾਰਨ ਅਨੁਕੂਲਣ ਦੀ ਪ੍ਰਕਿਰਿਆ ਵੀ ਵੱਖ-ਵੱਖ ਹੁੰਦੀ ਹੈ।

3.3 **ਪ੍ਰਸ਼ਨ : ਸਭਿਆਚਾਰ ਦੇ ਪ੍ਰਮੁੱਖ ਲੱਛਣ ਦੱਸੋ?**

**ਉੱਤਰ** : ਸਭਿਆਚਾਰ ਦੇ ਪ੍ਰਮੁੱਖ ਲੱਛਣ ਹੇਠ ਲਿਖੇ ਅਨੁਸਾਰ ਹਨ :

(i) ਸਭਿਆਚਾਰ ਵਿਆਪਕ ਵੀ ਹੈ ਅਤੇ ਵਿਸ਼ੇਸ਼ ਵੀ ਹੈ।

(ii) ਸਭਿਆਚਾਰ ਸਥਿਰ ਵੀ ਹੈ ਅਤੇ ਪਰਿਵਰਤਨਸ਼ੀਲ ਵੀ ਹੈ।

(iii) ਸਭਿਆਚਾਰ ਨੂੰ ਅਭਿਆਸ ਦੁਆਰਾ ਸਿੱਖਿਆ ਜਾਂਦਾ ਹੈ।

(iv) ਸਭਿਆਚਾਰ ਪੈਦਾਵਾਰ ਦੀਆਂ ਸ਼ਕਤੀਆਂ ਅਤੇ ਰਿਸ਼ਤਿਆਂ ਦੇ ਟਕਰਾਉ ਵਿਚੋਂ ਪੈਦਾ ਹੁੰਦਾ ਹੈ।

(v) ਸਭਿਆਚਾਰ *ਚਿੰਨ੍ਹਾਤਮਕ ਵਰਤਾਰਾ* ਹੈ।

3.4 **ਪ੍ਰਸ਼ਨ : ਭੂਗੋਲਿਕ ਸਥਿਤੀ ਨੇ ਪੰਜਾਬੀਆਂ ਦੇ ਸੁਭਾਉ ਉਤੇ ਕੀ ਪ੍ਰਭਾਵ ਪਾਇਆ ?**

**ਉੱਤਰ** : ਭਾਰਤ ਦੇ ਉੱਤਰ-ਪੱਛਮੀ ਦੁਆਰ ਤੇ ਸਥਿਤ ਹੋਣ ਕਾਰਨ ਅਠਾਰ੍ਹਵੀਂ ਸਦੀ ਤਕ ਭਾਰਤ ਉੱਤੇ ਜਿੰਨੇ ਵੀ ਹਮਲਾਵਰ ਆਏ, ਉਹ ਸਾਰੇ ਪੰਜਾਬ ਵਿਚੋਂ ਲੰਘ ਕੇ ਹੀ ਅੱਗੇ ਗਏ। ਈਰਾਨੀ, ਯੂਨਾਨੀ, ਸਿਥੀਅਨ, ਪਾਰਥੀਅਨ, ਹੂਣਾਂ, ਤੁਰਕਾਂ ਅਤੇ ਮੰਗੋਲਾਂ ਨਾਲ ਸਭ ਤੋਂ ਪਹਿਲਾਂ ਪੰਜਾਬੀਆਂ ਦੀ ਟੱਕਰ ਹੋਈ। ਇਸ ਕਾਰਨ ਪੰਜਾਬ ਦੇ ਲੋਕ ਬਹਾਦਰ, ਹਠੀਲੇ, ਸਾਹਸੀ ਅਤੇ ਆਤਮ-ਵਿਸ਼ਵਾਸੀ ਬਣ ਗਏ।

3.5 **ਪ੍ਰਸ਼ਨ : 'ਪੰਜਾਬ' ਕਿਸ ਧਰਤੀ ਨੂੰ ਆਖਿਆ ਜਾਂਦਾ ਹੈ ਅਤੇ ਕਿਉਂ ?**

**ਉੱਤਰ** : ਪੰਜਾਬ ਦਾ ਭੂਗੋਲਿਕ ਸਰੂਪ ਸਦਾ ਬਦਲਦਾ ਰਿਹਾ ਹੈ। ਵੈਦਿਕ ਕਾਲ ਵਿਚ ਇਸ ਖਿੱਤੇ ਨੂੰ ਸਪਤ-ਸਿੰਧੂ ਕਿਹਾ ਜਾਂਦਾ ਸੀ ਕਿਉਂਕਿ ਉਸ ਸਮੇਂ ਇਸ ਵਿੱਚ ਸੱਤ ਦਰਿਆ ਵਗਦੇ ਸਨ। ਸਤਲੁਜ, ਬਿਆਸ, ਰਾਵੀ, ਝਨ੍ਹਾਂ ਅਤੇ ਜਿਹਲਮ ਦੇ ਨਾਲ-ਨਾਲ ਪੂਰਬ ਵੱਲ ਸਰਸਵਤੀ ਅਤੇ ਪੱਛਮ ਵਲ ਦਰਿਆ ਸਿੰਧ ਵਰਗਾ ਸੀ। ਮੁਸਲਮਾਨਾਂ ਦੇ ਰਾਜ ਸਮੇਂ ਇਸ ਧਰਤੀ ਦਾ ਨਾਮ ਪੰਜਾਬ ਪੈ ਗਿਆ ਅਰਥਾਤ ਪੰਜਾਂ ਦਰਿਆਵਾਂ ਦੀ ਧਰਤੀ। ਇਸ ਸਮੇਂ ਤਕ ਸਰਸਵਤੀ ਦਰਿਆ ਸੁੱਕ ਗਿਆ ਸੀ ਅਤੇ ਸਿੰਧ ਦਰਿਆ ਦੀ ਧਰਤੀ ਪੰਜਾਬ ਨਾਲੋਂ ਵੱਖ ਹੋ ਗਈ ਸੀ। ਪੰਜਾਬ ਵਿਚ ਵਗਣ ਵਾਲੇ ਸਾਰੇ ਦਰਿਆ ਮੁਲਤਾਨ ਤੋਂ 150 ਕਿਲੋਮੀਟਰ ਦੂਰ ਮਿੱਠਨਕੋਟ ਦੇ ਨੇੜੇ ਪੰਜਕਟ ਦੇ ਸਥਾਨ ਤੇ ਮਿਲਦੇ ਹਨ। ਅੱਗੇ ਜਾ ਕੇ ਇਹ ਸਿੰਧ ਦਰਿਆ ਵਿਚ ਜਾ ਸਮਾਉਂਦੇ ਹਨ। ਪੰਜਾਂ ਦਰਿਆਵਾਂ ਦੀ ਇਸ ਧਰਤੀ ਨੂੰ ਹੀ ਪੰਜਾਬ ਕਿਹਾ ਜਾਂਦਾ ਹੈ। ਪਰੰਤੂ 1947 ਈ. ਵਿਚ ਪਾਕਿਸਤਾਨ ਬਣ ਜਾਣ ਕਾਰਨ ਪੰਜਾਬ ਦਾ ਵਿਭਾਜਨ ਹੋ ਗਿਆ ਅਤੇ ਹੁਣ ਇਸ ਵਿਚ ਕੇਵਲ ਢਾਈ ਨਦੀਆਂ (ਸਤਲੁਜ, ਬਿਆਸ ਅਤੇ ਅੱਧਾ ਰਾਵੀ) ਹੀ ਵਗਦੀਆਂ ਹਨ।

3.6 **ਪ੍ਰਸ਼ਨ : ਭਾਰਤੀ ਪੰਜਾਬ ਦਾ ਪੁਨਰ-ਗਠਨ ਕਦੋਂ ਹੋਇਆ ?**

**ਉੱਤਰ** : ਭਾਰਤੀ ਪੰਜਾਬ ਦਾ ਪੁਨਰ-ਗਠਨ 1 ਨਵੰਬਰ 1966 ਨੂੰ ਹੋਇਆ। ਪੰਜਾਬ ਦੇ ਚੜ੍ਹਦੇ ਪਾਸਿਉਂ ਅੰਬਾਲੇ ਤਕ ਦਾ ਸਾਰਾ ਇਲਾਕਾ ਕੱਟ ਕੇ ਹਰਿਆਣਾ ਪ੍ਰਦੇਸ਼ ਵਿਚ ਚਲੇ ਗਏ। ਅਜੋਕਾ ਭਾਰਤੀ ਪੰਜਾਬ ਇਕ ਛੋਟਾ ਜਿਹਾ ਖੇਤਰ ਹੈ ਜਿਸ ਵਿਚ ਹੁਸ਼ਿਆਰਪੁਰ, ਜਲੰਧਰ, ਕਪੂਰਥਲਾ, ਲੁਧਿਆਣਾ, ਮੋਗਾ, ਫ਼ਰੀਦਕੋਟ, ਮੁਕਤਸਰ, ਫੀਰੋਜ਼ਪੁਰ, ਬਠਿੰਡਾ, ਮਾਨਸਾ, ਬਰਨਾਲਾ, ਸੰਗਰੂਰ, ਪਟਿਆਲਾ, ਅੰਮ੍ਰਿਤਸਰ, ਤਰਨ ਤਾਰਨ, ਗੁਰਦਾਸਪੁਰ, ਮੋਹਾਲੀ, ਫ਼ਤਹਿਗੜ੍ਹ ਸਾਹਿਬ, ਨਵਾਂ ਸ਼ਹਿਰ ਅਤੇ ਰੋਪੜ ਆਦਿਕ ਜ਼ਿਲ੍ਹੇ ਸ਼ਾਮਲ ਹਨ।

3.7 **ਪ੍ਰਸ਼ਨ : 'ਮਦਰ ਦੇਸ' ਕਿਸ ਨੂੰ ਕਿਹਾ ਜਾਂਦਾ ਹੈ ?**

**ਉੱਤਰ** : 'ਮਦਰ ਦੇਸ' ਰਾਵੀ ਤੋਂ ਲੈ ਕੇ ਝਨ੍ਹਾਂ ਤਕ ਦੇ ਖੇਤਰ ਦਾ ਪੁਰਾਣਾ ਨਾਮ ਸੀ। ਇਸ ਖੇਤਰ ਦੀ ਰਾਜਧਾਨੀ ਸਿਆਲਕੋਟ ਸੀ। 'ਮਦਰ', ਆਰੀਆ ਜਾਤੀ ਦੇ ਇਕ ਕਬੀਲੇ ਦਾ ਨਾਮ ਸੀ, ਜਿਸ ਦੇ ਨਾਮ ਉਤੇ ਇਸ ਖੇਤਰ ਨੂੰ ਮਦਰ ਦੇਸ ਕਿਹਾ ਜਾਣ ਲੱਗਾ। ਗੁਰੂ ਗੋਬਿੰਦ ਸਿੰਘ ਦੀ ਮਹਾਨ ਰਚਨਾ 'ਬਚਿਤ੍ਰ ਨਾਟਕ' ਵਿਚ ਇਸ ਖੇਤਰ ਦਾ ਨਾਮ ਆਇਆ ਹੈ।

**3.8 ਪ੍ਰਸ਼ਨ : ਪੰਜਾਬ ਦੇ ਵੱਖ-ਵੱਖ ਖੇਤਰਾਂ ਦੇ ਨਾਮ ਦੱਸੋ।**

**ਉੱਤਰ** : ਸਾਂਝੇ ਪੰਜਾਬ ਵਿਚ ਹੇਠ ਲਿਖੇ ਖੇਤਰਾਂ ਦੇ ਨਾਮ ਪ੍ਰਸਿੱਧ ਸਨ :

ਧਨੀ, ਪੋਠੋਹਾਰ, ਬਾਰਾਂ, ਮਾਝਾ, ਦੁਆਬਾ ਮਾਲਵਾ ਅਤੇ ਦੁਆਬਾ। ਦੇਸ਼ ਵੰਡ ਤੋਂ ਬਾਅਦ ਧਨੀ, ਪੋਠੋਹਾਰ ਅਤੇ ਬਾਰਾਂ ਦੇ ਇਲਾਕੇ ਪਾਕਿਸਤਾਨ ਦੇ ਹਿੱਸੇ ਆ ਗਏ ਅਤੇ ਬਾਕੀ ਖੇਤਰ ਏਧਰਲੇ ਪੰਜਾਬ ਵਿਚ ਰਹਿ ਗਏ ਹਨ।

**3.9 ਪ੍ਰਸ਼ਨ : ਪੰਜਾਬ ਉਪਰ ਵਿਦੇਸ਼ੀ ਹਮਲੇ ਕਦੋਂ ਸ਼ੁਰੂ ਹੋਏ ?**

**ਉੱਤਰ** : ਪੰਜਾਬ ਦਾ ਵਰਤਮਾਨ ਇਤਿਹਾਸ ਆਰੀਆ ਲੋਕਾਂ ਦੇ ਇਥੇ ਆਗਮਨ ਤੋਂ ਸ਼ੁਰੂ ਹੁੰਦਾ ਹੈ। ਉਨ੍ਹਾਂ ਤੋਂ ਪਹਿਲਾਂ ਇਥੇ 'ਦਸਯੂ' ਜਾਤੀ ਦੇ ਲੋਕ ਵੱਸਦੇ ਸਨ। ਆਰੀਆਂ ਨੇ ਦਸਯੂ ਲੋਕਾਂ ਨੂੰ ਦੱਖਣ ਵੱਲ ਧੱਕ ਦਿੱਤਾ ਅਤੇ ਉਨ੍ਹਾਂ ਦੀ ਸਭਿਅਤਾ ਨੂੰ ਨਸ਼ਟ ਕਰ ਦਿੱਤਾ। 326 ਪੂ.ਈ. ਵਿਚ ਸਿਕੰਦਰ ਨੇ ਪੰਜਾਬ ਉਪਰ ਹਮਲਾ ਕੀਤਾ। ਉਸ ਸਮੇਂ ਪੰਜਾਬ ਛੋਟੇ-ਛੋਟੇ ਜਨਪਦਾਂ ਵਿਚ ਵੰਡਿਆ ਹੋਇਆ ਸੀ। ਸਿਕੰਦਰ ਤੋਂ ਬਾਅਦ ਪੰਜਾਬ ਉੱਤੇ ਸ਼ਕ, ਪਾਰਥੀਅਨ, ਕੁਸ਼ਾਨ, ਹੂਣ, ਤੁਰਕਾਂ ਅਤੇ ਮੰਗੋਲਾਂ ਆਦਿਕ ਜਾਤੀਆਂ ਨੇ ਹਮਲੇ ਕੀਤੇ। ਬਾਰ੍ਹਵੀਂ ਸਦੀ ਤੋਂ ਲੈ ਕੇ ਅਠਾਰ੍ਹਵੀਂ ਸਦੀ ਤਕ ਪੰਜਾਬ ਉਤੇ ਮੁਸਲਮਾਨਾਂ ਦੀ ਹਕੂਮਤ ਰਹੀ। ਉਨ੍ਹੀਵੀਂ ਸਦੀ ਵਿਚ ਇਥੇ ਅੰਗਰੇਜ਼ੀ ਰਾਜ ਸਥਾਪਿਤ ਹੋ ਗਿਆ ਅਤੇ 1947 ਈ. ਵਿਚ ਪੂਰੇ ਦੇਸ਼ ਦੇ ਨਾਲ-ਨਾਲ ਪੰਜਾਬ ਵੀ ਸੁਤੰਤਰ ਹੋ ਗਿਆ।

**3.10 ਪ੍ਰਸ਼ਨ : ਮੁਗ਼ਲ ਰਾਜ ਦੀ ਸਥਾਪਨਾ ਦੇ ਨਾਲ ਹੀ ਪੰਜਾਬ ਵਿਚ ਕਿਹੜੀ ਕੌਮੀ ਲਹਿਰ ਉੱਭਰੀ ?**

**ਉੱਤਰ** : ਮੁਗ਼ਲ ਰਾਜ ਦੀ ਸਥਾਪਨਾ ਦੇ ਨਾਲ ਪੰਜਾਬ ਵਿਚ ਸਿੱਖ ਧਰਮ ਇਕ ਨਵੀਂ ਕੌਮੀ ਲਹਿਰ ਦੇ ਰੂਪ ਵਿਚ ਪ੍ਰਗਟ ਹੋਇਆ। ਇਸ ਲਹਿਰ ਦੇ ਮੋਢੀ ਗੁਰੂ ਨਾਨਕ ਦੇਵ ਜੀ (1469-1539 ਈ.) ਸਨ, ਜਿਨ੍ਹਾਂ ਨੇ ਵਿਦੇਸ਼ੀ ਹਕੂਮਤ, ਵਹਿਮਾਂ-ਭਰਮਾਂ, ਪਾਖੰਡ ਅਤੇ ਜਾਤ-ਪਾਤ ਦੇ ਵਿਰੁੱਧ ਇਕ ਜ਼ਬਰਦਸਤ ਅੰਦੋਲਨ ਸ਼ੁਰੂ ਕੀਤਾ। ਸਿੱਖ ਧਰਮ ਦਾ *ਸੰਚਾਲਨ* ਦਸ ਗੁਰੂ ਸਾਹਿਬਾਨ ਨੇ ਕੀਤਾ। ਦਸਵੇਂ ਗੁਰੂ ਗੋਬਿੰਦ ਸਿੰਘ ਜੀ (1666-1708 ਈ.) ਨੇ ਪੰਜਾਬ ਵਿਚੋਂ ਮੁਗ਼ਲ ਹਕੂਮਤ ਦੀਆਂ ਸਫ਼ਾਂ ਵਲ੍ਹੇਟ ਦਿੱਤੀਆਂ। ਆਪ ਤੋਂ ਪਿਛੋਂ ਗੁਰੂ ਗ੍ਰੰਥ ਸਾਹਿਬ ਨੂੰ ਗੁਰਤਾ-ਪਦਵੀ ਮਿਲੀ। ਇਸ ਕੌਮੀ ਲਹਿਰ ਨੇ ਪੰਜਾਬੀਆਂ ਵਿਚ ਸ੍ਵੈਮਾਨ, ਆਤਮ-ਵਿਸ਼ਵਾਸ ਅਤੇ ਅਣਖ ਦੇ ਗੁਣ ਭਰ ਦਿੱਤੇ।

**3.11 ਪ੍ਰਸ਼ਨ : ਪੰਜਾਬ ਵਿਚ ਕਿਹੜੀਆਂ-ਕਿਹੜੀਆਂ ਜਾਤੀਆਂ ਦੇ ਲੋਕ ਵੱਸਦੇ ਹਨ ?**

**ਉੱਤਰ** : ਪੰਜਾਬ ਵਿਚ ਪਿਛਲੇ ਪੰਜ-ਛੇ ਹਜ਼ਾਰ ਵਰ੍ਹਿਆਂ ਤੋਂ ਕਈ ਨਸਲਾਂ ਅਤੇ ਜਾਤੀਆਂ ਦੇ ਲੋਕ ਇੱਥੇ ਆ ਕੇ ਵੱਸਦੇ ਰਹੇ ਹਨ। ਆਰੀਆ ਲੋਕਾਂ ਤੋਂ ਬਾਅਦ ਯੂਨਾਨੀ, ਸਿਥੀਅਨ, ਕੁਸ਼ਾਨ, ਹੂਣ, ਤੁਰਕ ਅਤੇ ਮੰਗੋਲ ਜਾਤੀਆਂ ਦੇ ਲੋਕ ਪੰਜਾਬ ਵਿਚ ਆਏ ਅਤੇ ਇਥੋਂ ਦੇ ਹੋ ਕੇ ਰਹਿ ਗਏ। ਇਨ੍ਹਾਂ ਤੋਂ ਬਿਨਾਂ ਟਕ, ਅਭੀਰ ਅਤੇ ਗੁਜਰ ਆਦਿਕ ਪ੍ਰਸਿੱਧ ਜਾਤੀਆਂ ਹਨ। ਪੰਜਾਬ ਦੀ ਕਿਰਸਾਨੀ ਵਸੋਂ ਦਾ ਵਡੇਰਾ ਭਾਗ ਜੱਟ ਹਨ, ਜਿਨ੍ਹਾਂ ਨੂੰ ਸਿਥੀਅਨ ਨਸਲ ਨਾਲ ਜੋੜਿਆ ਜਾਂਦਾ ਹੈ। ਪੰਜਾਬ ਵਿਚ ਖੱਤਰੀ, ਅਰੋੜੇ, ਵੈਸ਼ ਅਤੇ ਬ੍ਰਾਹਮਣਾਂ ਦੀ ਵੀ ਕਾਫ਼ੀ ਸੰਖਿਆ ਹੈ। ਇਨ੍ਹਾਂ ਤੋਂ ਬਿਨਾਂ ਪੰਜਾਬ ਵਿਚ ਅਨੇਕ ਟੱਪਰੀਵਾਸੀ ਕਬੀਲੇ ਵੀ ਵਸਦੇ ਹਨ, ਜਿਵੇਂ : ਸਾਂਹਸੀ, ਪੱਖੀਵਾਲ, ਬਾਵਰੀਆ, ਨਟ, ਬਾਜ਼ੀਗਰ, ਚੰਗੜ ਆਦਿ। ਇਨ੍ਹਾਂ ਤੋਂ ਬਿਨਾਂ ਸ਼ੂਦਰ ਜਾਤੀਆਂ ਨਾਲ ਸੰਬੰਧਿਤ ਕੁਝ ਹੋਰ ਜਾਤੀਆਂ ਵੀ ਪੰਜਾਬ ਦੀਆਂ ਮੂਲ ਵਾਸੀ ਮੰਨੀਆਂ ਜਾਂਦੀਆਂ ਹਨ।

**3.12 ਪ੍ਰਸ਼ਨ : ਪੰਜਾਬੀ ਸਭਿਆਚਾਰ ਦੀ ਬੁਨਿਆਦੀ ਕਦਰ-ਪ੍ਰਣਾਲੀ ਕਿਹੜੀ ਹੈ ?**

**ਉੱਤਰ** : ਪੰਜਾਬੀ ਸਭਿਆਚਾਰ ਦੀ ਬੁਨਿਆਦੀ ਕਦਰ-ਪ੍ਰਣਾਲੀ *ਸ੍ਵੈਧੀਨਤਾ* ਜਾਂ ਸੁਤੰਤਰਤਾ ਹੈ। ਪੰਜਾਬੀ ਲੋਕ ਗ਼ੁਲਾਮੀ ਦੇ ਜੀਵਨ ਨੂੰ ਪਸੰਦ ਨਹੀਂ ਕਰਦੇ। ਸ਼ੇਖ ਫ਼ਰੀਦ ਜੀ ਨੇ ਇਸ ਕਦਰ-ਪ੍ਰਣਾਲੀ ਦਾ ਪ੍ਰਗਟਾਵਾ ਆਪਣੇ ਇਕ ਸਲੋਕ ਵਿਚ ਇਸ ਪ੍ਰਕਾਰ ਕੀਤਾ ਹੈ :

ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨਾ ਦੇਹਿ।।
ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ।।੪੨।।

ਅਰਥਾਤ ਪਰਾਏ ਦਰਵਾਜ਼ੇ ਅੱਗੇ ਬੈਠ ਕੇ ਜੀਵਨ ਬਿਤਾਉਣ ਨਾਲੋਂ ਮੌਤ ਚੰਗੀ ਹੈ। ਇਸੇ ਕਦਰ-ਪ੍ਰਣਾਲੀ ਦਾ ਪ੍ਰਗਟਾਵਾ ਇਕ ਲੋਕਗੀਤ ਵਿਚ ਵੀ ਹੋਇਆ ਹੈ :

ਦੋ ਪੈਰ ਘਟ ਤੁਰਨਾ ਪਰ ਤੁਰਨਾ ਮਟਕ ਦੇ ਨਾਲ।

ਪ੍ਰੋ. ਪੂਰਨ ਸਿੰਘ ਆਪਣੀ ਇਕ ਕਵਿਤਾ 'ਜਵਾਨ ਪੰਜਾਬ ਦੇ' ਵਿਚ ਇਸੇ ਕਦਰ-ਪ੍ਰਣਾਨੀ ਦਾ ਪ੍ਰਗਟਾਵਾ ਕਰਦਾ ਹੋਇਆ ਲਿਖਦਾ ਹੈ :

ਪਿਆਰ ਨਾਲ ਇਹ ਕਰਨ ਗ਼ੁਲਾਮੀ
ਜਾਨ ਕੋਹ ਆਪਣੀ ਵਾਰ ਦਿੰਦੇ
ਪਰ ਟੈਂ ਨਾ ਮੰਨਣ ਕਿਸੇ ਦੀ
ਖਲੋ ਜਾਣ ਡਾਂਗਾਂ ਮੋਢੇ ਤੇ ਉਲਾਰਦੇ।

**3.13 ਪ੍ਰਸ਼ਨ : ਪੰਜਾਬੀ ਸਭਿਆਚਾਰ ਕਿਹੜੇ ਧਰਮ ਨੂੰ ਮੰਨਣ ਵਾਲੇ ਲੋਕਾਂ ਦਾ ਹੈ ?**

**ਉੱਤਰ** : ਪੰਜਾਬੀ ਸਭਿਆਚਾਰ ਨਾ ਸਿੱਖ ਸਭਿਆਚਾਰ ਹੈ, ਨਾ ਹਿੰਦੂ ਸਭਿਆਚਾਰ; ਨਾ ਮੁਸਲਿਮ ਸਭਿਆਚਾਰ ਹੈ, ਨਾ ਈਸਾਈ। ਪੰਜਾਬੀ ਸਭਿਆਚਾਰ ਹਰ ਪੰਜਾਬੀ ਦਾ ਸਾਂਝਾ ਸਭਿਆਚਾਰ ਹੈ, ਜਿਹੜਾ ਸ੍ਵੈਧੀਨਤਾ ਅਤੇ ਸੁਤੰਤਰਤਾ ਦੇ ਸੰਕਲਪ ਦੁਆਲੇ ਉਸੱਰਿਆ ਹੋਇਆ ਹੈ।

**3.14 ਪ੍ਰਸ਼ਨ : ਕਿਸੇ ਸਭਿਆਚਾਰ ਵਿੱਚ ਤਣਾਉ ਕਿਉਂ ਅਤੇ ਕਿਵੇਂ ਪੈਦਾ ਹੁੰਦੇ ਹਨ ?**

**ਉੱਤਰ** : ਬਦਲਦੀਆਂ ਪਰਿਸਥਿਤੀਆਂ ਹਰ ਸਭਿਆਚਾਰ ਉਪਰ ਦਬਾਉ ਪਾਉਂਦੀਆਂ ਰਹਿੰਦੀਆਂ ਹਨ। ਅਜੋਕੇ ਪੂੰਜੀਵਾਦੀ ਯੁਗ ਦਾ ਬੁਨਿਆਦੀ ਲੱਛਣ ਪੈਸੇ ਦੀ ਸਰਦਾਰੀ ਕਾਇਮ ਹੋਣਾ ਹੈ। ਪੈਸੇ ਦੀ ਸਰਦਾਰੀ ਨੇ ਪੰਜਾਬੀ ਸਭਿਆਚਾਰ ਦੀ ਬੁਨਿਆਦੀ ਕਦਰ-ਪ੍ਰਣਾਲੀ ਉਪਰ ਦਬਾਉ ਪਾਉਣਾ ਸ਼ੁਰੂ ਕਰ ਦਿੱਤਾ ਹੈ। ਇਸ ਕਾਰਨ ਸਾਡਾ ਸਭਿਆਚਾਰ ਤਣਾਉਗ੍ਰਸਤ ਹੁੰਦਾ ਜਾ ਰਿਹਾ ਹੈ। ਇਸ ਤਣਾਉ ਤੋਂ ਮੁਕਤ ਹੋਣ ਦੀ ਵਿਧੀ ਇਹੋ ਹੈ ਕਿ ਅਸੀਂ ਪੈਸੇ ਦੀ ਬਜਾਇ ਆਪਣੀ ਅਣਖ ਅਤੇ ਸੁਤੰਤਰਤਾ ਨੂੰ ਬਰਕਰਾਰ ਰੱਖੀਏ ਅਤੇ ਪੈਸੇ ਦੀ ਪ੍ਰਾਪਤੀ ਲਈ ਆਪਣੀ ਜ਼ਮੀਰ ਨਾਲ ਸਮਝੌਤੇ ਕਰਨ ਦੀ ਬਜਾਇ ਆਪਣੀ ਅਣਖ ਉਤੇ ਡਟ ਕੇ ਪਹਿਰਾ ਦਿੰਦੇ ਰਹੀਏ।

**3.15 ਪ੍ਰਸ਼ਨ : ਪੰਜਾਬੀ ਸਭਿਆਚਾਰ ਦੀ ਮੂਲ ਪਛਾਣ ਦੇ ਰਾਹ ਵਿਚ ਕਿਹੜੇ ਰੁਝਾਣ ਰੁਕਾਵਟ ਪਾਉਂਦੇ ਹਨ ?**

**ਉੱਤਰ** : ਪੰਜਾਬੀ ਸਭਿਆਚਾਰ ਦੀ ਮੂਲ ਪਛਾਣ ਦੇ ਰਾਹ ਵਿਚ ਸੰਪਰਦਾਇਕ ਰੁਝਾਣ ਰੁਕਾਵਟ ਪਾਉਂਦੇ ਹਨ। ਪੰਜਾਬੀ ਸਭਿਆਚਾਰ ਸਿੱਖਾਂ, ਮੁਸਲਮਾਨਾਂ ਜਾਂ ਹਿੰਦੂਆਂ ਦਾ ਸਾਂਝਾ ਸਭਿਆਚਾਰ ਹੈ। ਜਿਹੜੇ ਵਿਦਵਾਨ ਪੰਜਾਬੀ ਸਭਿਆਚਾਰ ਨੂੰ *ਸੰਪਰਦਾਇਕ ਦ੍ਰਿਸ਼ਟੀ* ਨਾਲ ਵੇਖਦੇ ਹਨ, ਉਹ ਇਸ ਦੀ ਸਹੀ ਅਤੇ ਠੀਕ ਪਹਿਚਾਣ ਨਹੀਂ ਕਰ ਸਕਦੇ। ਇਹ ਸਭਿਆਚਾਰ ਸਾਰੇ ਪੰਜਾਬੀਆਂ ਦਾ ਸਾਂਝਾ ਸਭਿਆਚਾਰ ਹੈ। ਸਰਬ-ਸਾਂਝਾ ਹੋਣ ਵਿਚ ਹੀ ਇਸਦਾ ਗੌਰਵ ਛਿਪਿਆ ਹੋਇਆ ਹੈ।

**3.16 ਪ੍ਰਸ਼ਨ : ਪੰਜਾਬੀ ਸਭਿਆਚਾਰ ਦੀ ਕੇਂਦਰੀ ਬਣਤਰ ਬਾਰੇ ਤੁਸੀਂ ਕੀ ਜਾਣਦੇ ਹੋ ?**

**ਉੱਤਰ** : ਪੰਜਾਬੀ ਸਭਿਆਚਾਰ ਦੀ ਕੇਂਦਰੀ ਬਣਤਰ ਵਿਚ ਆਮ ਲੋਕਾਂ ਦੀ ਕਿਰਤ ਅਤੇ ਮਿਹਨਤ ਕਾਰਜਸ਼ੀਲ ਹੈ। ਇਹ ਮਿਹਨਤੀ, ਸਿਰੜੀ ਅਤੇ ਸਿਦਕੀ ਲੋਕਾਂ ਦਾ ਸਭਿਆਚਾਰ ਹੈ। ਇਸ ਸਭਿਆਚਾਰ ਵਿਚ ਵਿਹਲੜਾਂ, ਕੰਮਚੋਰਾਂ ਅਤੇ ਨਖੱਟੂ ਲੋਕਾਂ ਦੀ ਕੋਈ ਥਾਂ ਨਹੀਂ ਹੈ।

**3.17 ਪ੍ਰਸ਼ਨ : ਕਿਰਤ-ਅਮਲ ਦੀ ਵਿਸ਼ੇਸ਼ਤਾ ਨੇ ਪੰਜਾਬੀ ਲੋਕਾਂ ਦੇ ਸੁਭਾਅ ਉਤੇ ਕੀ ਅਸਰ ਪਾਇਆ ਹੈ ?**

**ਉੱਤਰ** : ਕਿਰਤ ਅਤੇ ਮਿਹਨਤ ਕਰਨ ਦੀ ਰੁਚੀ ਨੇ ਪੰਜਾਬੀਆਂ ਨੂੰ ਆਤਮ-ਅਭਿਮਾਨੀ, ਸੁੰਤਰਤਾ-ਪ੍ਰੇਮੀ ਅਤੇ ਸਾਹਸੀ ਬਣਾ ਦਿੱਤਾ ਹੈ। ਪੰਜਾਬੀ ਲੋਕ ਮੁਸ਼ਕਿਲ ਤੋਂ ਮੁਸ਼ਕਿਲ ਸਥਿਤੀ ਵਿਚ ਵੀ ਕਿਸੇ ਅੱਗੇ ਹੱਥ ਨਹੀਂ ਅੱਡਦੇ।

ਇਹ ਲੋਕ ਆਤਮ-ਸਮਰਪਣ ਕਰਨ ਵਾਲੇ, ਖੁਸ਼ਾਮਦੀ ਅਤੇ ਕਾਇਰ ਵਿਅਕਤੀ ਨਹੀਂ ਹਨ। ਇਹੀ ਕਾਰਨ ਹੈ ਕਿ ਪੰਜਾਬ ਦੇ ਲੋਕ ਨਾ ਕੇਵਲ ਭਾਰਤ ਵਿਚ ਬਲਕਿ ਸਮੁੱਚੇ ਵਿਸ਼ਵ ਵਿਚ ਫੈਲੇ ਹੋਏ ਹਨ। ਹਰ ਥਾਂ ਇਨ੍ਹਾਂ ਦੀ ਕਦਰ ਹੁੰਦੀ ਹੈ।

3.18 **ਪ੍ਰਸ਼ਨ : ਪੰਜਾਬੀ ਸਭਿਆਚਾਰ ਵਿਚ ਔਰਤ ਦੀ ਸਥਿਤੀ ਕਿਹੋ ਜਿਹੀ ਹੈ ?**

**ਉੱਤਰ** : ਪੰਜਾਬੀ ਸਭਿਆਚਾਰ ਮਰਦ ਪ੍ਰਧਾਨ ਹੈ। ਇਸ ਕਾਰਨ ਇਸ ਵਿਚ ਔਰਤ ਦੀ ਬਹੁਤੀ ਪੁੱਛ ਪ੍ਰਤੀਤ ਨਹੀਂ ਹੈ। ਜਾਇਦਾਦ ਦਾ ਵਾਰਿਸ ਵੀ ਮਰਦ ਹੀ ਬਣਦਾ ਹੈ। ਪਰੰਤੂ ਇਨ੍ਹਾਂ ਤੱਥਾਂ ਦੇ ਬਾਵਜੂਦ ਪੰਜਾਬੀ ਔਰਤ ਲਾਚਾਰ ਅਤੇ ਗ਼ੁਲਾਮ ਨਹੀਂ ਹੈ। ਇਸ ਨੂੰ ਬੁਰਕਾ ਪਾਉਣ ਜਾਂ ਘੁੰਡ ਕੱਢਣ ਦੀ ਕੋਈ ਮਜ਼ਬੂਰੀ ਨਹੀਂ ਹੈ। ਇਹ ਪੰਜਾਬੀ ਮਰਦ ਵਾਂਗ ਹੀ ਕਰਮਸ਼ੀਲ, ਸਰਗਰਮ ਅਤੇ ਮਿਹਨਤੀ ਸੁਭਾਉ ਵਾਲੀ ਔਰਤ ਹੈ।

3.19 **ਪ੍ਰਸ਼ਨ : ਕੋਈ ਅਜਿਹਾ ਅਖਾਣ ਜਾਂ ਲੋਕ-ਉਕਤੀ ਲਿਖੋ ਜਿਸ ਤੋਂ ਪੰਜਾਬੀਆਂ ਦੀ ਅਣਖ ਅਤੇ ਮਰਦਾਨਗੀ ਦਾ ਸਬੂਤ ਮਿਲਦਾ ਹੋਵੇ?**

**ਉੱਤਰ** : 1. ਖਾਧਾ ਪੀਤਾ ਲਾਹੇ ਦਾ, ਰਹਿੰਦਾ ਅਹਿਮਦ ਸ਼ਾਹੇ ਦਾ।

2. ਇਹ ਜੱਗ ਮਿੱਠਾ ਅਗਲਾ ਕਿਨੇ ਡਿੱਠਾ।

3. ਮੰਨੂੰ ਸਾਡੀ ਦਾਤਰੀ, ਅਸੀਂ ਮੰਨੂੰ ਦੇ ਸੋਏ।
ਜਿਉਂ ਜਿਉਂ ਮੰਨੂੰ ਵੱਢਦਾ, ਅਸੀਂ ਦੂਣ ਸਵਾਏ ਹੋਏ।

3.20 **ਪ੍ਰਸ਼ਨ : ਸਿੱਖਿਆ ਵਿਚ ਮਿਲਦੇ ਨਵੇਂ ਮੌਕਿਆਂ ਦੇ ਔਰਤ ਦੀ ਸ਼ਖ਼ਸੀਅਤ ਉਪਰ ਕੀ ਪ੍ਰਭਾਵ ਪਾਇਆ ਹੈ ?**

**ਉੱਤਰ** : ਸਿੱਖਿਆ ਵਿਚ ਵਾਧੇ ਨੇ ਔਰਤ ਨੂੰ ਆਰਥਿਕ ਤੌਰ ਤੇ ਆਤਮ-ਨਿਰਭਰ ਬਣਾਇਆ ਹੈ। ਉਹ ਆਪਣੀ ਸਵੈ-ਹੋਂਦ ਪ੍ਰਤੀ ਚੇਤੰਨ ਹੋਈ ਹੈ। ਉਸ ਦਾ ਅਨੁਭਵ ਅਮੀਰ ਹੋ ਗਿਆ ਹੈ, ਜਿਸ ਕਾਰਨ ਉਸ ਨੇ ਆਪਣੇ ਹਿੱਤ ਬਾਰੇ ਸੋਚਣਾ ਸ਼ੁਰੂ ਕਰ ਦਿੱਤਾ ਹੈ। ਹੁਣ ਉਹ ਮਰਦ ਦੀ ਪਿਛਲੱਗ ਬਣ ਕੇ ਜਿਉਣ ਦੀ ਥਾਂ ਉਸਦੀ ਬਰਾਬਰੀ ਕਰ ਰਹੀ ਹੈ।

3.21 **ਪ੍ਰਸ਼ਨ : ਵੋਟ ਅਧਿਕਾਰ ਨੇ ਔਰਤ ਦੀ ਸ਼ਖਸੀਅਤ ਅੰਦਰ ਕੀ ਤਬਦੀਲੀ ਲਿਆਂਦੀ ਹੈ?**

**ਉੱਤਰ** : ਵੋਟ ਅਧਿਕਾਰ ਨੇ ਔਰਤ ਵਿਚ ਸ੍ਵੈ-ਵਿਸ਼ਵਾਸ ਦੀ ਭਾਵਨਾ ਨੂੰ ਜਾਗ੍ਰਿਤ ਕੀਤਾ ਹੈ। ਭਾਵੇਂ ਬਹੁਤਾ ਸਮਾਂ ਔਰਤ ਆਪਣੇ ਮਰਦ ਦੇ ਆਖੇ ਲੱਗ ਕੇ ਹੀ ਵੋਟ ਪਾਉਂਦੀ ਰਹੀ ਹੈ ਪਰ ਹੁਣ ਪੜ੍ਹੀ-ਲਿਖੀ ਔਰਤ ਆਪਣੀ ਇੱਛਾ ਅਨੁਸਾਰ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਲੱਗੀ ਹੈ। ਪੰਚਾਇਤ ਦੀਆਂ ਚੋਣਾਂ ਵਿਚ ਔਰਤ ਉਮੀਦਵਾਰਾਂ ਲਈ ਸੀਟਾਂ ਰੀਜ਼ਰਵ ਹੋ ਗਈਆਂ ਹਨ। ਇਸ ਸੂਰਤ ਵਿਚ ਬਹੁਤ ਸਾਰੀਆਂ ਔਰਤਾਂ ਪੰਚ ਅਤੇ ਸਰਪੰਚ ਬਣ ਕੇ ਸਮਾਜਿਕ ਵਿਕਾਸ ਵਿਚ ਵਧ-ਚੜ੍ਹ ਕੇ ਹਿੱਸਾ ਪਾ ਰਹੀਆਂ ਹਨ। ਇਉਂ ਸਹਿਜੇ-ਸਹਿਜੇ ਔਰਤ ਪੂਰੀ ਤਰ੍ਹਾਂ ਖ਼ੁਦਮੁਖ਼ਤਿਆਰ ਅਤੇ ਆਤਮ-ਨਿਰਭਰ ਹੁੰਦੀ ਜਾ ਰਹੀ ਹੈ।

3.22 **ਪ੍ਰਸ਼ਨ : ਪੰਜਾਬੀ ਸਭਿਆਚਾਰ ਵਿਚ ਮੁੰਡੇ ਅਤੇ ਕੁੜੀ ਦੇ ਜਨਮ ਲੈਣ ਸਮੇਂ ਦੀਆਂ ਰਸਮਾਂ-ਰੀਤਾਂ ਵਿਚ ਕੀ ਫ਼ਰਕ ਹੈ ?**

**ਉੱਤਰ** : ਪੰਜਾਬੀ ਸਭਿਆਚਾਰ ਵਿਚ ਮੁੰਡੇ ਦੇ ਜਨਮ ਲੈਣ ਸਮੇਂ ਬਹੁਤ ਖੁਸ਼ੀਆਂ ਮਨਾਈਆਂ ਜਾਂਦੀਆਂ ਹਨ ਪਰ ਕੁੜੀ ਦੇ ਜਨਮ ਲੈਣ ਤੇ ਉਦਾਸੀ ਦਾ ਆਲਮ ਛਾ ਜਾਂਦਾ ਹੈ। ਮੁੰਡੇ ਦੇ ਜੰਮਣ ਤੇ ਦਰਵਾਜ਼ੇ ਅੱਗੇ ਸ਼ਰੀਂਹ ਦੇ ਪੱਤੇ ਬੰਨ੍ਹੇ ਜਾਂਦੇ ਹਨ, ਖੁਸਰੇ ਅਤੇ ਲਾਗੀ ਵਧਾਈ ਦੇਣ ਵਾਸਤੇ ਆਉਂਦੇ ਹਨ ਪਰ ਕੁੜੀ ਦੇ ਜਨਮ ਲੈਣ ਦੀ ਖ਼ਬਰ ਸੁਣਦਿਆਂ ਹੀ ਮੁਰਦੇਹਾਣੀ ਛਾ ਜਾਂਦੀ ਹੈ। ਪਿਛਲੇ ਸਮਿਆਂ ਵਿਚ ਕੁੜੀ ਨੂੰ ਅਫ਼ੀਮ ਚਟਾ ਕੇ ਜਾਂ ਕੁੱਜੇ ਵਿਚ ਬੰਦ ਕਰਕੇ ਮਾਰ ਦਿੱਤਾ ਜਾਂਦਾ ਸੀ। ਸਥਿਤੀ ਦੀ ਤ੍ਰਾਸਦੀ ਇਹ ਹੈ ਕਿ ਅਜੇ ਤਕ ਵੀ ਲੋਕਾਂ ਦਾ ਕੁੜੀ ਬਾਰੇ ਦ੍ਰਿਸ਼ਟੀਕੋਣ ਬਹੁਤਾ ਨਹੀਂ ਬਦਲਿਆ।

**3.23 ਪ੍ਰਸ਼ਨ : ਪੰਜਾਬ ਦੇ ਪਦਾਰਥਕ ਸਭਿਆਚਾਰ ਵਿਚ ਇਮਾਰਤਸਾਜ਼ੀ ਦੇ ਪੱਖੋਂ ਕੀ ਤਬਦੀਲੀਆਂ ਆਈਆਂ ਹਨ?**

**ਉੱਤਰ** : ਪੰਜਾਬ ਦੇ *ਪਦਾਰਥਕ ਸਭਿਆਚਾਰ* ਵਿਚ ਇਮਾਰਤਸਾਜ਼ੀ ਦੇ ਪੱਖੋਂ ਬਹੁਤ ਸਾਰੀਆਂ ਤਬਦੀਲੀਆਂ ਆਈਆਂ ਹਨ। ਪੰਜਾਬ ਦੇ ਪੁਰਾਣੇ ਘਰਾਂ ਵਿਚ ਪਿਛਲੇ ਪਾਸੇ ਸਬ੍ਹਾਤਾਂ ਅਤੇ ਅਗਲੇ ਪਾਸੇ ਦਰਵਾਜ਼ੇ ਜਾਂ ਬੈਠਕਾਂ ਹੁੰਦੀਆਂ ਸਨ। ਘਰ ਦਾ ਪਿਛਲਾ ਪਾਸਾ ਔਰਤਾਂ ਦੇ ਰਹਿਣ-ਬਹਿਣ ਲਈ ਵਰਤਿਆ ਜਾਂਦਾ ਸੀ ਜਦੋਂ ਕਿ ਦਰਵਾਜ਼ੇ ਅਤੇ ਬੈਠਕਾਂ ਆਉਣ-ਜਾਣ ਵਾਲੇ ਮਰਦਾਂ ਲਈ ਵਰਤੇ ਜਾਂਦੇ ਸਨ। ਪਰੰਤੂ ਪਿਛਲੇ ਕੁਝ ਸਮੇਂ ਤੋਂ ਘਰਾਂ ਦੀ ਬਣਤਰ ਬਦਲ ਗਈ ਹੈ। ਹੁਣ ਮਰਦਾਵੀਂ ਬੈਠਕ ਦੀ ਥਾਂ ਸਾਂਝੇ ਡਰਾਇੰਗ ਰੂਮ ਜਾਂ ਲੱਬੀ ਨੇ ਲੈ ਲਈ ਹੈ। ਬੈੱਡ-ਰੂਮ ਕਲਚਰ ਨੇ ਔਰਤ-ਮਰਦ ਦੇ ਸੰਬੰਧਾਂ ਵਿਚ ਵਧੇਰੇ ਆਜ਼ਾਦੀ ਲੈ ਆਂਦੀ ਹੈ। ਰਸੋਈ ਵੀ ਲਾਬੀ ਵਿਚ ਖੁਲ੍ਹਦੀ ਹੈ। ਇਸ ਤਰ੍ਹਾਂ ਔਰਤਾਂ ਉੱਪਰੋਂ ਬਹੁਤ ਸਾਰੀਆਂ *ਵਰਜਨਾਵਾਂ* ਆਪਣੇ ਆਪ ਖ਼ਤਮ ਹੋ ਗਈਆਂ ਹਨ।

**3.24 ਪ੍ਰਸ਼ਨ : ਪੰਜਾਬੀ ਕਿੱਸਾ ਕਾਵਿ ਦੇ ਪ੍ਰਮੁਖ ਲੱਛਣ ਕਿਹੜੇ-ਕਿਹੜੇ ਹਨ?**

**ਉੱਤਰ** : ਸਾਦਗੀ, ਸਦਾਚਾਰ, ਸੁਤੰਤਰਤਾ ਅਤੇ ਸੰਜਮ ਪੰਜਾਬੀ ਕਿੱਸਾ ਕਾਵਿ ਦੇ ਪ੍ਰਮੁੱਖ ਲੱਛਣ ਹਨ। ਇਨ੍ਹਾਂ ਲੱਛਣਾਂ ਦੇ ਕਾਰਨ ਹੀ ਕਿੱਸਾ ਕਾਵਿ ਪੰਜਾਬੀਆਂ ਦਾ ਸਭ ਤੋਂ ਲੋਕਪ੍ਰਿਅ ਕਾਵਿ-ਰੂਪ ਬਣਿਆ ਰਿਹਾ ਹੈ।

**3.25 ਪ੍ਰਸ਼ਨ : ਪੰਜਾਬੀ ਕਿੱਸਾ ਕਾਵਿ ਦੇ ਕਿਹੜੇ ਪਾਤਰ ਵਿਦੇਸ਼ਾਂ ਨਾਲ ਸੰਬੰਧ ਰਖਦੇ ਹਨ ?**

**ਉੱਤਰ** : ਮਹੀਂਵਾਲ, ਪੁਨੂੰ, ਸ਼ੀਰੀਂ, ਫਰਹਾਦ, ਲੈਲਾ, ਮਜਨੂੰ, ਯੂਸਫ਼ ਅਤੇ ਜ਼ੁਲੈਖਾ ਵਰਗੇ ਪਾਤਰ ਵਿਦੇਸ਼ਾਂ ਨਾਲ ਸੰਬੰਧ ਰੱਖਦੇ ਹਨ ਪਰੰਤੂ ਪੰਜਾਬੀਆਂ ਨੇ ਬੜੀ *ਉਦਾਰਤਾ* ਅਤੇ ਦਰਿਆਦਿਲੀ ਨਾਲ ਇਨ੍ਹਾਂ ਵਿਦੇਸ਼ੀ ਪਾਤਰਾਂ ਨੂੰ ਵੀ ਅਪਣਾਈ ਰੱਖਿਆ ਹੈ।

**3.26 ਪ੍ਰਸ਼ਨ : 'ਤ੍ਰਿੰਝਣ' ਕਿਸ ਨੂੰ ਕਹਿੰਦੇ ਹਨ ?**

**ਉੱਤਰ** : ਗਿਆਨੀ ਗੁਰਦਿੱਤ ਸਿੰਘ ਦਾ ਵਿਚਾਰ ਹੈ ਕਿ ਜਿਸ ਆਂਗਣ ਜਾਂ ਵਿਹੜੇ ਵਿਚ ਬੈਠ ਕੇ ਪੰਜਾਬ ਦੀਆਂ ਇਸਤ੍ਰੀਆਂ, ਖਾਸ ਕਰ ਜਵਾਨ ਕੁੜੀਆਂ, ਚਰਖੇ ਚਲਾਉਣ, ਸੂਤ ਕੱਤਣ ਅਤੇ ਅਟੇਰਣ ਦਾ ਕੰਮ ਕਰਦੀਆਂ ਹਨ, ਉਸ ਨੂੰ 'ਤ੍ਰਿੰਝਣ' ਕਿਹਾ ਜਾਂਦਾ ਹੈ।

**3.27 ਪ੍ਰਸ਼ਨ : ਵਸਦੇ ਘਰਾਂ ਵਿਚ ਤ੍ਰਿੰਝਣ ਲਾਉਣ ਬਾਰੇ ਕੀ ਲੋਕ-ਧਾਰਨਾ ਬਣੀ ਹੋਈ ਸੀ ?**

**ਉੱਤਰ** : ਪੰਜਾਬ ਦੇ ਲੋਕਾਂ ਵਿਚ ਤ੍ਰਿੰਝਣ ਦੇ ਬਾਰੇ ਵਿਚ ਇਹ ਧਾਰਨਾ ਬਣੀ ਹੋਈ ਸੀ ਕਿ ਤ੍ਰਿੰਝਣ ਉਜਾੜ ਭਾਲਦਾ ਹੈ। ਇਸ ਲਈ ਵਸਦੇ ਘਰਾਂ ਵਿਚ ਤ੍ਰਿੰਝਣ ਨਹੀਂ ਲਾਉਣਾ ਚਾਹੀਦਾ।

**3.28 ਪ੍ਰਸ਼ਨ : ਤ੍ਰਿੰਝਣ ਵਿਚ ਛੋਪ ਪਾਉਣਾ ਕਿਸ ਨੂੰ ਕਹਿੰਦੇ ਹਨ ?**

**ਉੱਤਰ** : ਛੋਪ ਪਾਉਣ ਦਾ ਅਰਥ ਹੈ, ਕੱਤਣ ਵਾਲੀਆਂ ਪੂਣੀਆਂ ਜਾਂ ਗੋਹੜਿਆਂ ਨੂੰ ਵਿਉਂਤ ਨਾਲ ਰੱਖਣਾ। ਵੱਖੋ-ਵੱਖ ਘਰਾਂ ਤੋਂ ਲਿਆਂਦੀਆਂ ਹੋਈਆਂ ਪੂਣੀਆਂ ਦੇ ਗੁੱਡੇ ਨੂੰ ਜੋਟੇ ਉਤੇ ਜੋਟਾ ਬਣਾ ਕੇ ਟਿਕਾਉਣ ਦੇ ਅਮਲ ਨੂੰ ਛੋਪ ਪਾਉਣਾ ਕਹਿੰਦੇ ਹਨ।

**3.29 ਪ੍ਰਸ਼ਨ : ਤ੍ਰਿੰਝਣ ਵਿਚ ਮਰੈਲ੍ਹਣ ਕੁੜੀ ਦੀ ਕੀ ਭੂਮਿਕਾ ਹੁੰਦੀ ਹੈ ?**

**ਉੱਤਰ** : ਮਰੈਲ੍ਹਣ ਕੁੜੀ ਕੱਤਣ ਵਿਚ ਛੋਹਲੀ (ਤੇਜ਼) ਕੁੜੀ ਨੂੰ ਕਿਹਾ ਜਾਂਦਾ ਹੈ। ਇਸ ਕੁੜੀ ਦੇ ਜ਼ਿੰਮੇ ਆਪਣੇ ਹਿੱਸੇ ਦੀਆਂ ਪੂਣੀਆਂ ਕੱਤਣ ਦੇ ਨਾਲ-ਨਾਲ ਦੂਜੀਆਂ ਔਰਤਾਂ ਨੂੰ ਪੂਣੀਆਂ ਵੰਡਣ (ਸਪਲਾਈ ਕਰਨ) ਦੀ ਹੁੰਦੀ ਹੈ। ਮਰੈਲ੍ਹਣ ਕੁੜੀ ਇਹ ਦੋਵੇਂ ਕੰਮ ਨਾਲੋਂ-ਨਾਲ ਬੜੀ ਚੁਸਤੀ-ਫੁਰਤੀ ਨਾਲ ਕਰਦੀ ਜਾਂਦੀ ਹੈ।

**3.30 ਪ੍ਰਸ਼ਨ : ਚਰਖ਼ਾ ਕੱਤਣ ਨਾਲ ਸੰਬੰਧਿਤ ਪੰਜਾਬੀ ਦੇ ਕੁਝ ਲੋਕਗੀਤ ਲਿਖੋ।**

**ਉੱਤਰ** : ਪੰਜਾਬੀ ਲੋਕਗੀਤਾਂ ਵਿਚ ਚਰਖ਼ਾ ਕੱਤਣ ਦੀ ਕ੍ਰਿਆ ਬਾਰੇ ਬਹੁਤ ਸਾਰੇ ਹਵਾਲੇ ਮਿਲਦੇ ਹਨ। ਦੇਖੋ :

1. ਜੋਗੀ ਉੱਤਰ ਪਹਾੜੋਂ ਆਇਆ, ਚਰਖ਼ੇ ਦੀ ਘੂਕ ਸੁਣ ਕੇ।

2. ਚਰਖ਼ਾ ਮੈਂ ਆਪਣਾ ਕੱਤਾਂ, ਤੰਦ ਤੇਰਿਆਂ ਦੁਖਾਂ ਦੀ ਪਾਵਾਂ।
3. ਚੀਕੇ ਚਰਖ਼ਾ ਬਿਸ਼ਨੀਏ ਤੇਰਾ, ਲੋਕਾਂ ਭਾਣੇ ਮੋਰ ਬੋਲਦਾ।
4. ਚਰਖ਼ਾ ਮੇਰਾ ਰੰਗਲਾ ਭੌਣਾ, ਵਿਚ ਸੋਨੇ ਦੀਆਂ ਮੇਖਾਂ।
ਮਾਂ ਮੇਰੀ ਦੀਆਂ ਯਾਦਾਂ ਆਵਣ, ਜਦ ਚਰਖ਼ੇ ਵਲ ਵੇਖਾਂ।
5. ਮਾਂ ਮੇਰੀ ਨੇ ਚਰਖ਼ਾ ਦਿਤਾ, ਪੀੜ੍ਹੀ ਲਿਆ ਦੇ ਤੂੰ।
ਵੇ ਸਾਰੀ ਰਾਤ ਕੱਤਿਆ ਕਰੂੰ, ਕੱਤਿਆ ਕਰੂੰ ਤੇਰੀ ਰੂੰ।

**3.31 ਪ੍ਰਸ਼ਨ : 'ਚੋਪ ਵਾਲੇ ਸੂਤ ਦੇ ਗੀਤਾਂ' ਬਾਰੇ ਤੁਸੀਂ ਕੀ ਜਾਣਦੇ ਹੋ ?**

**ਉੱਤਰ** : ਚੋਪ ਵਾਲੇ ਸੂਤ ਦਾ ਗੀਤ ਇਹੋ ਜਿਹਾ ਹੁੰਦਾ ਹੈ :

ਬਾਬਲ ਕਾਜ ਰਚਾਇਆ ਸਭ ਪ੍ਰਵਾਰ ਬੁਲਾਇਆ।
ਪਾਂਧੇ ਬੇਟਾ ਬੁਲਾਵੋ ਸਾਹਾ ਧੁਰ ਪਹੁੰਚਾਵੋ।
ਪਹਿਲੀ ਚਿੱਠੀ ਮੇਰੀ ਨਾਨਕੜੇ ਬਾਬਲ ਕਾਜ ਰਚਾਇਆ।
ਕੱਤ ਨੀ ਨਾਨੜੀਏ ਸੂਤ ਤਾਣਾ ਨਾਨੇ ਠੋਕ ਬਣਾਇਆ।
ਸਰਹਿੰਦ ਤੋਂ ਲਿਆਂਦੀ ਮਜੀਠ ਨੀ ਸੂਹਾ 'ਚੋਪ' ਰੰਗਾਇਆ।
ਕੱਢ ਨੀ ਅੰਮੜੀਏ 'ਚੋਪ' ਕੁੜੇ ਨੀ ਜਿਹੜਾ ਸੂਤ ਕਤਾਇਆ।

**3.32 ਪ੍ਰਸ਼ਨ : ਮਲਵਈ ਮਰਦਾਂ ਦੇ ਗਿੱਧੇ ਦਾ ਅਸਲੀ ਰੂਪ ਕਿੱਥੇ ਮਿਲਦਾ ਹੈ ?**

**ਉੱਤਰ** : ਮਲਵਈ ਮਰਦਾਂ ਦੇ ਗਿੱਧੇ ਦਾ ਅਸਲ ਰੂਪ 'ਗਿੱਧੇ ਦੀਆਂ ਢਾਣੀਆਂ' ਵਿਚ ਮਿਲਦਾ ਹੈ। ਇਹ ਢਾਣੀਆਂ ਲੁਧਿਆਣਾ, ਸੰਗਰੂਰ, ਫ਼ਰੀਦਕੋਟ ਅਤੇ ਬਠਿੰਡਾ ਦੇ ਪਿੰਡਾਂ ਵਿਚ ਮਿਲਦੀਆਂ ਹਨ। ਪਿੰਡ ਦੇ ਪੰਜ-ਸੱਤ ਮੁੰਡੇ ਕਿਸੇ 'ਸ਼ਾਇਰ' ਦੀ ਅਗਵਾਈ ਵਿਚ ਜੁੜ ਕੇ ਇਕ ਸ਼ੌਕੀਆ ਕਲਾਕਾਰ ਮੰਡਲੀ ਬਣਾ ਲੈਂਦੇ ਹਨ। ਇਸ ਮੰਡਲੀ ਨੂੰ 'ਗਿੱਧੇ ਦੀ ਢਾਣੀ' ਕਿਹਾ ਜਾਂਦਾ ਹੈ।

**3.33 ਪ੍ਰਸ਼ਨ : ਗਿੱਧੇ ਦੀ ਟੀਮ ਦੇ ਕਿੰਨੇ ਮੈਂਬਰ ਹੋ ਸਕਦੇ ਹਨ?**

**ਉੱਤਰ** : ਗਿੱਧੇ ਦੀ ਟੀਮ ਦੇ ਮੈਂਬਰਾਂ ਦੀ ਗਿਣਤੀ *ਸੁਨਿਸ਼ਚਿਤ* ਨਹੀਂ ਹੈ। ਇਕ ਟੀਮ ਵਿਚ ਅੱਠ-ਦਸ ਮੈਂਬਰਾਂ ਤੋਂ ਲੈ ਕੇ ਵੀਹ-ਬਾਈ ਤਕ ਮੈਂਬਰ ਹੋ ਸਕਦੇ ਹਨ। ਇਹ ਟੀਮ ਜਾਂ ਢਾਂਣੀ ਆਪਣੇ ਮੁਖੀਏ ਜਾਂ ਪਿੰਡ ਦੇ ਨਾਮ ਨਾਲ ਜਾਣੀ ਜਾਂਦੀ ਹੈ, ਜਿਵੇਂ : ਮਿੱਠੇਆਲ ਦਾ ਗਿੱਧਾ, ਪਾਲ ਭੁੱਲਰ ਦੀ ਟੋਲੀ, ਭਗਤੂ ਦੀ ਢਾਣੀ ਆਦਿਕ। ਇਕ ਢਾਣੀ ਵਿਚ ਬੋਲੀ ਪਾਉਣ ਵਾਲਿਆਂ ਦੇ ਗਿਣਤੀ ਸੱਤ-ਅੱਠ ਤਕ ਹੋ ਸਕਦੀ ਹੈ ਪਰ ਮੋਢੀ ਸ਼ਾਇਰ ਇੱਕ ਹੀ ਹੁੰਦਾ ਹੈ। ਉਹ ਆਗੂ ਗਿਣਿਆ ਜਾਂਦਾ ਹੈ ਅਤੇ ਬਾਕੀ ਦੇ *ਪਾਛੂ*। ਬੋਲੀ ਪਾਉਣ ਵਾਲੇ ਮੁੰਡੇ ਮੋਢੀ ਸ਼ਾਇਰ ਦੇ ਚੇਲੇ-ਬਾਲਕੇ ਜਾਂ ਸ਼ਾਜ਼ਿੰਦਿਆਂ ਵਿਚੋਂ ਹੁੰਦੇ ਹਨ।

**3.34 ਪ੍ਰਸ਼ਨ : ਮਰਦਾਂ ਦੇ ਗਿੱਧੇ ਵਿਚ ਕਿਹੜੇ ਕਿਹੜੇ ਸਾਜ਼ ਵਜਾਏ ਜਾਂਦੇ ਹਨ?**

**ਉੱਤਰ** : ਮਰਦਾਂ ਦੇ ਗਿੱਧੇ ਵਿਚ ਇਕ ਢੋਲਕ, ਇਕ ਤੂੰਬਾ, ਦੋ ਚਿਮਟੇ, ਦੋ ਕਾਟੋਆਂ (ਕਿਰਲੇ) ਅਤੇ ਇਕ ਬੁਘਦੂ ਵਜਾਇਆ ਜਾਂਦਾ ਹੈ। ਕਈ ਵਾਰ ਸੀਟੀ ਵੀ ਵਜਾਈ ਜਾਂਦੀ ਹੈ ਜੋ ਬੋਲੀਕਾਰਾਂ ਅਤੇ ਸਾਜ਼ੀਆਂ ਨੂੰ ਕੰਟਰੋਲ ਕਰਦੀ ਹੈ।

**3.35 ਪ੍ਰਸ਼ਨ : ਬੋਲੀਕਾਰਾਂ ਦੀਆਂ ਢਾਂਣੀਆਂ ਵਿਚ ਸਾਡੇ ਸਮਾਜਿਕ ਵਰਗ ਦੇ ਕਿਹੋ ਜਿਹੇ ਗੱਭਰੂ ਸ਼ਾਮਲ ਹੁੰਦੇ ਹਨ ?**

**ਉੱਤਰ** : ਇਨ੍ਹਾਂ ਢਾਣੀਆਂ ਵਿਚ ਬਹੁਤੇ ਨਾਮ ਕਟੇ ਫੌਜੀ, ਵਾਗੀ ਮੁੰਡੇ, ਛੜੇ, ਕੰਮ ਕਾਰ ਤੋਂ ਕੰਨੀ ਕਤਰਾਉਣ ਵਾਲੇ ਵਿਹਲੜ, ਮੇਲਿਆਂ ਦੇ ਸ਼ੌਕੀਨ ਚੋਬਰ ਅਤੇ ਗੱਲਾਂ ਦੇ ਰਸੀਏ, ਰੋਮਾਂਟਿਕ ਸੁਭਾਅ ਵਾਲੇ ਮੁੰਡੇ ਹੀ ਸ਼ਾਮਲ ਹੁੰਦੇ ਹਨ। ਵਿਆਹ ਜਾਂ ਮੇਲਿਆਂ ਆਦਿ ਸਮੇਂ ਤਾਂ ਇਨ੍ਹਾਂ ਨੂੰ ਪ੍ਰਵਾਨ ਕਰ ਲਿਆ ਜਾਂਦਾ ਹੈ ਪਰ ਉਂਜ ਪਿੰਡ

ਦੇ ਬਜ਼ੁਰਗ ਅਤੇ ਸਿਆਣੇ ਲੋਕ ਇਨ੍ਹਾਂ ਨੂੰ ਪਸੰਦ ਨਹੀਂ ਕਰਦੇ। ਪਿੰਡਾਂ ਵਿਚ ਇਨ੍ਹਾਂ ਦੀ ਪਛਾਣ ਇਸ ਤਰ੍ਹਾਂ ਹੁੰਦੀ ਹੈ : ਜਗੀਰਾ ਬੋਲੀਆਂ ਆਲਾ, ਬੀਰੂ ਬੱਕਰੀਆਂ ਆਲਾ, ਕੀਤੂ ਵੈਲੀ, ਜਾਗਰ ਫੌਜੀ ਆਦਿਕ।

**3.36 ਪ੍ਰਸ਼ਨ : ਸਰਵਣ ਸਿੰਘ ਨੇ 'ਪੰਜਾਬੀਆਂ ਦਾ ਖੇਡ ਸਭਿਆਚਾਰ' ਲੇਖ ਵਿਚ ਪੰਜਾਬ ਦੇ ਕਿਹੜੇ-ਕਿਹੜੇ ਪਹਿਲਵਾਨਾਂ ਦਾ ਜ਼ਿਕਰ ਕੀਤਾ ਹੈ ?**

**ਉੱਤਰ** : ਸਰਵਣ ਸਿੰਘ ਨੇ ਆਪਣੇ ਇਸ ਲੇਖ ਵਿਚ ਖਲੀਫ਼ਾ ਚਰਾਗਉਦੀਨ, ਰਮਜ਼ੀ, ਬਾਬਾ ਫ਼ਤਹਿ ਸਿੰਘ, ਸਦੀਕਾ ਅੰਬਰਸਰੀਆ, ਬੂਟਾ ਪਹਿਲਵਾਨ, ਕਿੱਕਰ ਸਿੰਘ, ਗੁਲਾਮ, ਕੱਲੂ, ਗੁੰਗਾ ਪਹਿਲਵਾਨ, ਗਾਮਾ, ਦਾਰਾ ਦੂਲਚੀਪੁਰੀਆ ਅਤੇ ਕਰਤਾਰ ਸਿੰਘ ਸੁਰ ਸਿੰਘ ਆਦਿਕ ਪ੍ਰਸਿੱਧ ਪਹਿਲਵਾਨਾਂ ਦਾ ਜ਼ਿਕਰ ਕੀਤਾ ਹੈ।

**3.37 ਪ੍ਰਸ਼ਨ : ਪੰਜਾਬ ਦੀਆਂ ਕੁਝ ਲੋਕ-ਖੇਡਾਂ ਦੇ ਨਾਮ ਦੱਸੋ।**

**ਉੱਤਰ** : ਪੰਜਾਬ ਦੀਆਂ ਕੁਝ ਪ੍ਰਸਿੱਧ ਲੋਕ-ਖੇਡਾਂ ਇਹ ਹਨ :

ਕੁਸ਼ਤੀ, ਕਬੱਡੀ, ਬਾਜ਼ੀ, ਸੌਂਚੀ, ਰੱਸਾਕਸ਼ੀ, ਮੋਰਚਾ ਫੜ੍ਹਨਾ, ਗਤਕਾ, ਨੇਜ਼ਾਬਾਜ਼ੀ, ਦਸਤਪੰਜਾ, ਭਾਰ ਚੁੱਕਣਾ, ਖਿੱਦੋ ਖੂੰਡੀ, ਗੁਲੀ ਡੰਡਾ, ਵੰਞ ਵੜਿਕਾ, ਡੰਡਾ ਡੁੱਕ, ਰੱਖੜਾ, ਸ਼ੱਕਰ-ਭਿੱਜੀ ਆਦਿਕ। ਬੱਚਿਆਂ ਦੀਆਂ ਖੇਡਾਂ ਵਿਚ ਖੁੱਤੀ ਪਾਉਣ, ਪਿਲ ਚੋਟ, ਕਲੀ ਜੋਟਾ, ਖੱਡਾ, ਬਾਰਾਂ ਗੀਟੀ, ਪਾਸਾ, ਬੋੜਾ ਖੂਹ, ਛੇ ਡੀਟੀ ਆਦਿਕ ਖੇਡਾਂ ਦੇ ਨਾਮ ਲਏ ਜਾ ਸਕਦੇ ਹਨ। ਗੀਟੇ, ਅੱਡੀ ਛੜੱਪਾ, ਥਾਲ ਜਾਂ ਖਿੱਦੋ, ਬੁੱਢੀ ਮਾਈ, ਈਂਗਣ ਮੀਂਗਣ, ਉੱਡ ਉੱਡ ਚਿੜੀਏ, ਛਟਾਪੂ, ਭੰਡਾ ਭੰਡਾਰੀਆ, ਕੂਕਾਂ ਕਾਂਗੜੇ, ਦਾਈ ਦੁਕੜੇ, ਬਾਂਦਰ ਕਿੱਲਾ, ਸ਼ੇਰ ਤੇ ਬੱਕਰੀ, ਅੰਨ੍ਹਾ ਝੋਟਾ, ਊਚ ਨੀਚ, ਰਾਜਾ ਮੰਗੇ ਬੱਕਰੀ, ਕਿਣ ਮਿਣ ਕਾਣੀ ਕੌਣ ਕਿਣਿਆ, ਨਾਗਰ ਵੇਲ, ਕਾਹਨਾ ਕਾਹਨਾ ਸ਼ੇਰ ਜਵਾਨਾ ਆਦਿਕ ਅਨੇਕ ਲੋਕ ਖੇਡਾਂ ਜਾਂ ਤਾਂ ਲੋਪ ਹੋ ਗਈਆਂ ਹਨ ਅਤੇ ਜਾਂ ਲੋਪ ਹੋਣ ਦੇ ਕਿਨਾਰੇ ਹਨ।

**3.38 ਪ੍ਰਸ਼ਨ : ਮੈਰਿਜ ਪੈਲੇਸ ਦੀ ਲੋੜ ਕਿਉਂ ਪਈ ਅਤੇ ਇਨ੍ਹਾਂ ਵਿਚ ਵਿਆਹ ਕਰਨ ਦੇ ਪਿੱਛੇ ਲੋਕਾਂ ਦੀ ਕਿਹੜੀ ਮਜ਼ਬੂਰੀ ਕੰਮ ਕਰ ਰਹੀ ਹੈ ?**

**ਉੱਤਰ** : ਪੰਜਾਬੀ ਵਿਆਹਾਂ ਦਾ ਖਲਜਗਣ ਬਹੁਤ ਲੰਮਾ ਚੌੜਾ ਅਤੇ ਥਕਾ ਦੇਣ ਵਾਲਾ ਹੁੰਦਾ ਹੈ। ਵਿਆਹ ਕਰਨ ਲਈ ਅਨੇਕ ਕਿਸਮ ਦੇ ਭਾਂਡੇ ਇਕੱਠੇ ਕਰਨੇ ਪੈਂਦੇ ਹਨ। ਗੁਰਦੁਆਰਿਆਂ ਅਤੇ ਹੋਰ ਥਾਵਾਂ ਤੋਂ ਭਾਂਡੇ ਇਕੱਠੇ ਕਰਨ ਲਈ ਮੁੰਡਿਆਂ ਦੀਆਂ ਢਾਣੀਆਂ ਨੂੰ ਵਾਰ-ਵਾਰ ਇੱਧਰ-ਉੱਧਰ ਨਠਾਉਣਾ ਪੈਂਦਾ ਹੈ। ਨੇੜਲੇ ਸ਼ਹਿਰ ਤੋਂ ਟਰੈਕਟਰ-ਟਰਾਲੀ ਰਾਹੀਂ ਜੰਞ ਦੀ ਵਰਤੋਂ ਵਾਲੀ *ਕਰਾਕਰੀ* ਲਿਆਉਣੀ ਪੈਂਦੀ ਹੈ। ਬਰਤਨਾਂ ਤੋਂ ਬਿਨਾਂ ਸ਼ਹਿਰੋਂ ਪੱਖੇ, ਕੁਰਸੀਆਂ, ਮੇਜ਼, ਦਰੀਆਂ ਅਤੇ ਮਾਈਕ ਆਦਿਕ ਕਰਾਏ ਤੇ ਲਿਆਉਣੇ ਪੈਂਦੇ ਹਨ। ਅੱਧੀ ਰਾਤੀਂ ਉੱਠ ਕੇ ਸਬਜ਼ੀਆਂ, ਅੰਡੇ, ਬਰੈੱਡ, ਪਨੀਰ, ਮੀਟਰ ਅਤੇ ਹੋਰ ਖਾਣ-ਪਦਾਰਥ ਲਿਆਉਣੇ ਪੈਂਦੇ ਹਨ। ਪਰ ਮੈਰਿਜ ਪੈਲੇਸ ਵਿਚ ਵਿਆਹ ਕਰਨ ਨਾਲ, ਘਰ ਵਾਲੇ ਇਨ੍ਹਾਂ ਸਾਰੇ ਝੰਜਟਾਂ ਤੋਂ ਮੁਕਤ ਹੋ ਕੇ ਪੂਰੇ ਚੈਨ ਨਾਲ ਵਿਆਹ ਦੀਆਂ ਸਭ ਰਸਮਾਂ ਮੁਕੰਮਲ ਕਰ ਲੈਂਦੇ ਹਨ। ਇਹੀ ਕਾਰਨ ਹੈ ਕਿ ਅਜ ਕਲ੍ਹ ਪੰਜਾਬ ਦੇ ਸਭ ਵਰਗਾਂ ਦੇ ਲੋਕ, ਵਿਆਹ ਕਰਨ ਲਈ ਮੈਰਿਜ ਪੈਲੇਸ ਦਾ ਪ੍ਰਯੋਗ ਕਰ ਰਹੇ ਹਨ।

**3.39 ਪ੍ਰਸ਼ਨ : 'ਸਭਿਆਚਾਰ' ਦੀ ਪਰਿਭਾਸ਼ਾ ਲਿਖੋ।**

**ਉੱਤਰ** : ਸਭਿਆਚਾਰ ਇਕ ਅਜਿਹਾ ਸੰਯੁਕਤ ਸਮੁਚ ਹੈ ਜਿਸ ਵਿਚ ਗਿਆਨ, ਵਿਗਿਆਨ, ਸਾਹਿੱਤ, ਕਲਾ, ਧਰਮ, ਨੈਤਿਕਤਾ, ਸ਼ਰਧਾ, ਵਿਸ਼ਵਾਸ, ਰੀਤੀ ਰਿਵਾਜ ਅਤੇ ਨਾਤੇਦਾਰੀ ਆਦਿਕ ਉਹ ਸਭ ਕੁਝ ਸ਼ਾਮਲ ਹੈ, ਜਿਸ ਵਿਚੋਂ ਦੀ ਲੰਘ ਕੇ ਮਨੁੱਖ, ਆਪਣੀ ਜੈਵਿਕਤਾ ਤੋਂ ਪਾਰ ਮਨੁੱਖੀ ਪਾਸਾਰ (ਇਨਸਾਨੀਅਤ) ਹਾਸਲ ਕਰਦਾ ਹੈ। ਅੱਜ ਕਲ੍ਹ ਦੇ ਸਭਿਆਚਾਰ ਵਿਗਿਆਨੀ, ਸਭਿਆਚਾਰਕ ਅਰਥਾਂ ਦਾ ਉਤਪਾਦਨ ਕਰਨ ਵਾਲੀਆਂ ਸਮਾਜਿਕ ਪ੍ਰਕਿਰਿਆਵਾਂ ਦੀ ਸੰਗਠਨਕਾਰੀ ਨੂੰ 'ਸਭਿਆਚਾਰ' ਦਾ ਨਾਮ ਦਿੰਦੇ ਹਨ।

**3.40 ਪ੍ਰਸ਼ਨ : ਲੇਖਕ ਅਨੁਸਾਰ ਕਿਸਾਨਾਂ ਦੀਆਂ ਆਤਮ-ਹੱਤਿਆਵਾਂ ਦਾ ਕਾਰਨ ਕੀ ਹੈ ?**

**ਉੱਤਰ** : ਲੇਖਕ ਅਨੁਸਾਰ ਇਨ੍ਹਾਂ ਆਤਮ-ਹੱਤਿਆਵਾਂ ਦੇ ਪਿੱਛੇ ਆਰਥਿਕ ਕਾਰਨ ਵੀ ਹਨ ਪਰ ਇਨ੍ਹਾਂ ਪਿੱਛੇ ਵੱਡਾ ਕਾਰਨ ਸਾਡੇ ਸਭਿਆਚਾਰਕ-ਸੰਕਟ ਨਾਲ ਜੁੜਿਆ ਹੋਇਆ ਹੈ। ਇਹ ਸਭਿਆਚਾਰ ਹੀ ਹੁੰਦਾ ਹੈ ਜੋ ਮਨੁੱਖ ਦੇ

ਸੁਪਨਿਆਂ, ਸੱਧਰਾਂ ਅਤੇ ਮੁਲ-ਪ੍ਰਬੰਧ ਦਾ ਨਿਰਮਾਣ ਕਰਕੇ ਉਨ੍ਹਾਂ ਨੂੰ ਸੰਘਰਸ਼ ਅਤੇ ਮਿਹਨਤ ਕਰਨ ਦੀ ਪ੍ਰੇਰਨਾ ਅਤੇ ਉਤਸ਼ਾਹ ਦਿੰਦਾ ਹੈ। ਜਦੋਂ ਕੋਈ ਸਭਿਆਚਾਰ ਆਪਣੀ ਅਜਿਹੀ ਭੂਮਿਕਾ ਨਿਭਾਉਣ ਦੇ ਯੋਗ ਨਹੀਂ ਰਹਿੰਦਾ ਤਾਂ ਉਸ ਸਭਿਆਚਾਰ ਨਾਲ ਜੁੜੇ ਲੋਕ ਨਿਰਉਤਸਾਹਿਤ ਹੋ ਕੇ ਜੀਵਨ ਅਤੇ ਸੰਘਰਸ਼ ਤੋਂ ਪਲਾਇਣ ਕਰਨ ਲੱਗਦੇ ਹਨ। ਪੰਜਾਬੀ ਸਭਿਆਚਾਰ ਨਾਲ ਵੀ ਇਹੀ ਹੋਣੀ ਵਾਪਰ ਰਹੀ ਹੈ। ਇਸ ਹੋਣੀ ਤੋਂ ਬਚਣ ਲਈ ਸਭਿਆਚਾਰ ਨੂੰ ਲੋਕਪੱਖੀ, ਕਲਿਆਣਕਾਰੀ ਅਤੇ ਇਨਕਲਾਬੀ ਬਣਾਉਣ ਦੀ ਜ਼ਰੂਰਤ ਹੈ।

5. **ਔਖੇ ਸ਼ਬਦਾਂ ਦੇ ਅਰਥ**

- *ਸਰਬਾਂਗੀ* : ਸਾਰੇ ਅੰਗਾਂ ਸਮੇਤ
- *ਤੱਥਗਤ* : ਤੱਥਾਂ ਨਾਲ
- *ਰਹਿਨੁਮਾਈ* : ਅਗਵਾਈ ਕਰਨੀ
- *ਚਿੰਨ੍ਹਾਤਮਕ ਵਰਤਾਰਾ* : ਸੰਕੇਤਾਂ ਦੇ ਰੂਪ ਵਿਚ ਸਭਿਆਚਾਰ ਸੰਭਾਲਣਾ ਜਿਵੇਂ ਚੂੜਾ ਵਿਆਹ ਦਾ ਚਿੰਨ੍ਹ ਹੈ
- *ਸੰਚਾਲਨ* : ਚਲਾਉਣਾ
- *ਸਵੈਧੀਨਤਾ* : ਆਪਣੇ ਆਪ ਉਤੇ ਨਿਰਭਰ
- *ਸੰਪਰਦਾਇਕ ਦ੍ਰਿਸ਼ਟੀ* : ਧਾਰਮਿਕ ਕੱਟੜਤਾ ਵਾਲੀ ਨਜ਼ਰ ਜਾਂ ਸੋਚ
- *ਪਦਾਰਥਕ ਸਭਿਆਚਾਰ* : ਚੀਜਾਂ-ਵਸਤਾਂ, ਸੰਦਾਂ-ਸਾਧਨਾਂ ਦੇ ਰੂਪ 'ਚ ਦਿਸਦਾ ਸਭਿਆਚਾਰ
- *ਵਰਣਨਾਵਾਂ* : ਮਨਾਹੀਆਂ
- *ਉਦਾਰਤਾ* : ਖੁੱਲ੍ਹੇ ਵਿਚਾਰਾਂ ਨਾਲ
- *ਸੁਨਿਸਚਤ* : ਪੱਕਾ
- *ਪਾਛੂ* : ਪਿੱਛੇ ਚੱਲਣ ਵਾਲਾ
- *ਕਰਾਕਰੀ* : ਭਾਂਡੇ, ਬਰਤਨ

4. **ਅੰਤਿਕਾ :**

ਹੁਣ ਤੱਕ ਤੁਸੀਂ ਸਿਲੇਬਸ ਵਿਚ ਲੱਗੀ ਪੁਸਤਕ 'ਸਭਿਆਚਾਰ ਤੇ ਵਿਚਾਰ' ਉਤੇ ਆਧਾਰਿਤ ਵਿਸਥਾਰ ਵਾਲੇ ਅਤੇ ਸੰਖੇਪ ਉੱਤਰਾਂ ਵਾਲੇ ਪ੍ਰਸ਼ਨਾਂ ਦੇ ਨਮੂਨੇ ਵੇਖ ਅਤੇ ਜਾਣ ਚੁੱਕੇ ਹੋ। ਇਨ੍ਹਾਂ ਦੀ ਰੋਸ਼ਨੀ ਵਿਚ ਤੁਸੀਂ ਇਮਤਿਹਾਨੀ ਪ੍ਰਸ਼ਨਾਂ ਦੇ ਉੱਤਰ ਤਸੱਲੀਬਖਸ਼ ਢੰਗ ਨਾਲ ਦੇ ਸਕਦੇ ਹੋ। ਇਸ ਪਾਠ-ਸਮੱਗਰੀ ਦੇ ਨਾਲ ਨਾਲ ਪਾਠ-ਪੁਸਤਕ ਪੜ੍ਹਨੀ ਅਤੀ ਜ਼ਰੂਰੀ ਹੈ।

6. **ਵਿਸ਼ੇ ਦੇ ਹੋਰ ਅਧਿਐਨ ਲਈ ਸਹਾਇਕ ਸਮੱਗਰੀ**

**ਚੋਣਵੀਂ ਪੁਸਤਕ ਸੂਚੀ**

1. ਸ.ਸ. ਅਮੋਲ, *ਪੰਜਾਬੀ ਸਭਿਆਚਾਰ ਦੀ ਰੂਪ ਰੇਖਾ,* ਧਨਪਤ ਰਾਇ ਐਂਡ ਸਨਜ਼, ਜਲੰਧਰ, 1968.
2. ਗੁਰਦਿਤ ਸਿੰਘ ਗਿਆਨੀ, *ਮੇਰਾ ਪਿੰਡ,* ਸਾਹਿਤ ਪ੍ਰਕਾਸ਼ਨ, ਚੰਡੀਗੜ੍ਹ, 1981.
3. ਜਸਵਿੰਦਰ ਸਿੰਘ ਡਾ., *ਪੰਜਾਬੀ ਲੋਕ ਸਾਹਿਤ ਸ਼ਾਸਤਰ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987.
4. ਜੀਤ ਸਿੰਘ ਜੋਸ਼ੀ, *ਪੰਜਾਬੀ ਸਭਿਆਚਾਰ ਬਾਰੇ,* ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 1996.
5. ਨਾਹਰ ਸਿੰਘ ਡਾ., *ਲੋਕ ਕਾਵਿ ਸਿਰਜਨ ਪ੍ਰਕਿਰਿਆ,* ਲੋਕਾਇਤ ਪ੍ਰਕਾਸ਼ਨ, ਚੰਡੀਗੜ੍ਹ, 1983.
6. ਬ੍ਰਹਮਜਗਦੀਸ਼ ਸਿੰਘ, *ਪੰਜਾਬੀ ਸਭਿਆਚਾਰ : ਸੰਦਰਭਮੂਲਕ ਅਧਿਐਨ,* ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2002.
7. ਸ਼ੈੱਰੀ ਸਿੰਘ (ਸੰਪ.), *ਪੰਜਾਬੀ ਸਭਿਆਚਾਰ : ਵਿਭਿੰਨ ਪਰਿਪੇਖ,* ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ, 2009.

ਪਾਠ ਨੰ: 2.6 ਪ੍ਰੋ. ਬ੍ਰਹਮਜਗਦੀਸ਼ ਸਿੰਘ

## ਸਾਹਿਤ ਰੂਪ : ਜੰਗਨਾਮਾ, ਕਿੱਸਾ, ਕਾਫ਼ੀ, ਨਿਬੰਧ ਅਤੇ ਨਿੱਕੀ ਕਹਾਣੀ - ਪਰਿਭਾਸ਼ਾ, ਤੱਤ, ਵਿਸ਼ੇਸ਼ਤਾਵਾਂ

### ਜੰਗਨਾਮਾ

**ਪ੍ਰਕ੍ਰਿਤੀ**

'ਜੰਗਨਾਮਾ' ਦੋ ਸ਼ਬਦਾਂ-ਜੰਗ ਅਤੇ ਨਾਮਾ-ਦਾ ਸੰਯੁਕਤ ਰੂਪ ਹੈ। ਇਹ ਦੋਵੇਂ ਸ਼ਬਦ ਫ਼ਾਰਸੀ ਭਾਸ਼ਾ ਦੇ ਹਨ। 'ਨਾਮਾ' ਫ਼ਾਰਸੀ ਦੇ 'ਨਾਮਹ' ਸ਼ਬਦ ਤੋਂ ਬਣਿਆ ਹੈ। ਮੂਲ ਰੂਪ ਵਿਚ ਇਸ ਦਾ ਭਾਵੇਂ ਅਰਥ ਚਿੱਠੀ ਜਾਂ ਖ਼ਤ ਰਿਹਾ ਹੋਵੇ, ਪਰ ਸਾਹਿੱਤ ਵਿਚ ਇਹ ਆਪਣੇ ਮੂਲ ਅਰਥ ਤੋਂ ਇਲਾਵਾ ਕਿਸੇ ਬ੍ਰਿੱਤਾਂਤਿਕ ਸਾਹਿੱਤ-ਰਚਨਾ ਲਈ ਵੀ ਪ੍ਰਯੁਕਤ ਹੋਣ ਲਗ ਗਿਆ ਸੀ। ਇਸ ਤਰ੍ਹਾਂ ਜੰਗਨਾਮਾ ਫ਼ਾਰਸੀ ਦਾ ਇਕ ਕਾਵਿ-ਰੂਪ ਬਣ ਗਿਆ। ਇਸ ਦਾ ਆਰੰਭ ਮਸਨਵੀ ਪਰੰਪਰਾ ਵਿਚ ਹਜ਼ਰਤ ਮੁਹੰਮਦ ਦੇ ਦੋਹਤੇ ਇਮਾਮ ਹੁਸੈਨ ਦੀ ਕਰਬਲਾ ਦੀ ਜੰਗ ਵਿਚ ਹੋਈ ਸ਼ਹਾਦਤ ਅਤੇ ਯਜ਼ੀਦ ਦੇ ਅਤਿਆਚਾਰਾ ਦੇ ਪ੍ਰਸੰਗ ਦੇ ਚਿਤ੍ਰਣ ਤੋਂ ਹੋਇਆ ਹੈ। ਸ਼ੁਰੂ ਦੇ ਜੰਗਨਾਮਿਆਂ ਵਿਚ ਯੁਧ ਦਾ ਵਰਣਨ ਅਤੇ ਕਰੁਣ ਰਸ ਦਾ ਚਿਤ੍ਰਣ ਬਾਅਦ ਵਿਚ ਜੰਗਨਾਮਾ ਕਾਵਿ-ਰੂਪ ਦੀਆਂ ਵਿਸ਼ੇਸ਼ਤਾਵਾਂ ਬਣ ਗਈਆਂ। ਫ਼ਾਰਸੀ ਦੇ ਅਨੇਕ ਕਵੀਆਂ ਨੇ ਜੰਗਨਾਮੇ ਲਿਖ ਕੇ ਇਮਾਮ ਹੁਸੈਨ ਨੂੰ ਆਪਣੀ ਸ਼ਰਧਾ ਦੇ ਫੁਲ ਭੇਂਟ ਕੀਤੇ।

ਫ਼ਾਰਸੀ ਸਾਹਿੱਤ ਦੇ ਪ੍ਰਭਾਵ ਨਾਲ ਜੰਗਨਾਮਾ ਕਾਵਿ-ਰੂਪ ਦਾ ਪ੍ਰਵੇਸ਼ ਪੰਜਾਬੀ ਸਾਹਿੱਤ ਵਿਚ ਹੋਇਆ ਅਤੇ ਮੁਸਲਮਾਨ ਕਵੀਆਂ ਨੇ ਇਮਾਮ ਹੁਸੈਨ ਦੇ ਕਰਬਲਾ ਵਾਲੇ ਸਾਕੇ ਨੂੰ ਹੀ ਆਪਣੇ ਚਿਤ੍ਰਣ ਦਾ ਆਧਾਰ ਬਣਾਇਆ। ਬਾਅਦ ਦੇ ਹਿੰਦੂ ਅਤੇ ਸਿੱਖ ਕਵੀਆਂ ਨੇ ਵੀ ਸਿੱਖ ਇਤਿਹਾਸ ਨਾਲ ਸੰਬੰਧਿਤ ਯੁੱਧ ਸੰਬੰਧੀ ਘਟਨਾਵਾਂ ਨੂੰ ਜੰਗਨਾਮੇ ਲਿਖਣ ਲਈ ਵਰਤਿਆ। ਅਜਿਹੀ ਬਿਰਤੀ ਵਾਲਾ ਪਹਿਲਾ ਜੰਗਨਾਮਾ ਗੁਰੂ ਗੋਬਿੰਦ ਸਿੰਘ ਜੀ ਦੀ ਭੰਗਾਣੀ ਦੀ ਜੰਗ ਨਾਲ ਸੰਬੰਧਿਤ ਕਿਸੇ ਅਗਿਆਤ ਕਵੀ ਦੀ ਰਚਨਾ ਹੈ ਅਤੇ ਇਸ ਤੋਂ ਪਿੱਛੋਂ ਗੁਰੂ ਗੋਬਿੰਦ ਸਿੰਘ ਦੇ ਯੁੱਧਾਂ ਬਾਰੇ ਕੁਝ ਹੋਰ ਜੰਗਨਾਮੇ ਵੀ ਲਿਖੇ ਗਏ। ਅਤੇ, ਇਸ ਤਰ੍ਹਾਂ ਪੰਜਾਬੀ ਕਾਵਿ ਵਿਚ ਕਰਬਲਾ ਵਾਲੇ ਸਾਕੇ ਤੋਂ ਹਟ ਕੇ ਜੰਗਨਾਮੇ ਲਿਖਣ ਦੀ ਪਿਰਤ ਪਈ। ਇਸ ਖੇਤਰ ਵਿਚ ਸਭ ਤੋਂ ਵਧੀਆ ਜੰਗਨਾਮਾ ਸ਼ਾਹ ਮੁਹੰਮਦ ਕ੍ਰਿਤ 'ਜੰਗਨਾਮਾ ਸਿੰਘਾਂ ਤੇ ਫਿਰੰਗੀਆਂ' ਹੈ।

**ਪਰਿਭਾਸ਼ਾ** : ਜੰਗਨਾਮਾ ਉਹ ਬ੍ਰਿੱਤਾਂਤਿਕ ਕਾਵਿ-ਰੂਪ ਹੈ ਜਿਸ ਵਿਚ ਕਿਸੇ ਮਹੱਤਵਪੂਰਣ ਜੰਗ ਦਾ ਵਰਣਨ ਇਤਿਹਾਸਿਕ ਸਚਾਈ ਦੇ ਆਧਾਰ 'ਤੇ ਰੋਚਕ ਸ਼ੈਲੀ ਵਿਚ ਕੀਤਾ ਗਿਆ ਹੋਵੇ।

**ਤੱਤ**

ਜੰਗਨਾਮੇ ਦਾ ਸੰਬੰਧ ਵੀਰ-ਕਾਵਿ ਨਾਲ ਹੈ। ਵੀਰ ਰਸ ਨਾਲ ਸੰਬੰਧਿਤ ਪੰਜਾਬੀ ਦਾ ਆਪਣਾ ਦੇਸੀ ਕਾਵਿ-ਰੂਪ ਹੈ 'ਵਾਰ'। ਇਸ ਵਿਚ ਕਿਸੇ ਨਾਇਕ ਦੀ ਪ੍ਰਸ਼ੰਸਾ ਜਾਂ ਉਸਤਤ ਯੁੱਧ ਦੇ ਸੰਦਰਭ ਵਿਚ ਕੀਤੀ ਜਾਂਦੀ ਹੈ ਅਤੇ ਆਮ ਤੌਰ ਤੇ ਇਹ ਪਉੜੀਆਂ ਵਿਚ ਲਿਖੀ ਜਾਂਦੀ ਹੈ। ਇਸ ਦੀ ਭਾਸ਼ਾ ਓਜ ਭਰੀ ਹੁੰਦੀ ਹੈ ਅਤੇ ਸਹਿਜੇ ਸਹਿਜੇ ਸੰਘਰਸ਼ ਦਾ ਵਿਕਾਸ ਹੁੰਦਾ ਹੈ। ਜੰਗਨਾਮੇ ਦਾ ਸੰਬੰਧ ਵੀ ਯੁੱਧ ਨਾਲ ਹੈ। ਇਹੀ ਕਾਰਣ ਹੈ ਕਿ ਕਦੇ ਕਦੇ ਜੰਗਨਾਮੇ ਨੂੰ 'ਵਾਰ' ਵੀ ਕਹਿ ਦਿੱਤਾ ਜਾਂਦਾ ਹੈ। ਪਰ ਅਜਿਹਾ ਕਹਿਣਾ ਠੀਕ ਨਹੀਂ ਹੈ ਕਿਉਂਕਿ ਇਨ੍ਹਾਂ ਦੋਹਾਂ ਕਾਵਿ-ਰੂਪਾਂ ਵਿਚ ਅੰਗ ਹੈ। ਜੰਗਨਾਮੇ ਦੇ ਪ੍ਰਮੁਖ ਤੱਤ ਇਸ ਪ੍ਰਕਾਰ ਹਨ-ਇਤਿਹਾਸਿਕਤਾ, ਚਰਿਤ੍ਰ-ਚਿਤ੍ਰਣ, ਰਸ, ਸਾਹਿਤਿਕਤਾ।

1) **ਇਤਿਹਾਸਿਕਤਾ** : ਇਹ ਜੰਗਨਾਮੇ ਦਾ ਪਹਿਲਾ ਤੱਤ ਹੈ। ਜੰਗਨਾਮਾ ਕਿਸੇ ਇਤਿਹਾਸਿਕ ਘਟਨਾ ਜਾਂ ਜੰਗ

ਦੇ ਆਧਾਰ ਤੇ ਹੀ ਸਿਰਜਿਆ ਜਾਂਦਾ ਹੈ। ਕਾਲਪਨਿਕ ਘਟਨਾ ਜੰਗਨਾਮੇ ਦਾ ਵਿਸ਼ਾ ਨਹੀਂ ਬਣ ਸਕਦੀ। ਇਸ ਲਈ ਜਦੋਂ ਕਵੀ ਜੰਗਨਾਮੇ ਦਾ ਬ੍ਰਿੱਤਾਂਤ ਲਿਖ ਰਿਹਾ ਹੁੰਦਾ ਹੈ ਤਾਂ ਉਸ ਨੂੰ ਇਤਿਹਾਸਿਕ ਸੱਚਾਈ ਦਾ ਵਿਸ਼ੇਸ਼ ਧਿਆਨ ਰਖਣਾ ਪੈਂਦਾ ਹੈ। ਲੜਾਈ ਦੇ ਕਾਰਣ, ਜੰਗੀ ਤਿਆਰੀਆਂ, ਜੰਗ ਦੀ ਥਾਂ, ਉਸ ਵਿਚ ਲੜੇ ਦੋਹਾਂ ਧਿਰਾਂ ਦੇ ਪ੍ਰਮੁਖ ਜਰਨੈਲ, ਮੁੱਖ ਮੁੱਖ ਹਥਿਆਰਾਂ ਦੀ ਵਰਤੋਂ, ਹਾਣ ਲਾਭ ਅਤੇ ਅੰਤਿਮ ਜਿਤ ਹਾਰ ਦੀ ਯਥਾਰਥ ਸਥਿਤੀ ਬਾਰੇ ਜੰਗਨਾਮੇ ਵਿਚ ਸਹੀ ਢੰਗ ਨਾਲ ਪ੍ਰਕਾਸ਼ ਪਾਇਆ ਹੁੰਦਾ ਹੈ।

ਇਥੇ ਧਿਆਨ ਦੇਣ ਦੀ ਗੱਲ ਇਹ ਹੈ ਕਿ ਵੀਰ ਰਸ ਦੇ ਦੂਜੇ ਕਾਵਿ-ਰੂਪ 'ਵਾਰ' ਵਿਚ ਇਤਿਹਾਸਕ ਜਾਂ ਮਿਥਿਹਾਸਿਕ ਕਿਸੇ ਪ੍ਰਕਾਰ ਦੀ ਘਟਨਾ/ਕਥਾ ਹੋ ਸਕਦੀ ਹੈ। ਇਸ ਨੂੰ ਕਲਪਨਾ ਦੇ ਆਧਾਰ ਤੇ ਵੀ ਸਿਰਜਿਆ ਜਾ ਸਕਦਾ ਹੈ, ਪਰ ਅਜਿਹਾ ਕੁਝ ਜੰਗਨਾਮੇ ਵਿਚ ਪ੍ਰਵਾਨ ਨਹੀਂ ਹੈ। ਸ਼ਾਹ ਮੁਹੰਮਦ ਨੇ 'ਜੰਗਨਾਮਾ ਸਿੰਘਾਂ ਤੇ ਫਰੰਗੀਆਂ' ਵਿਚ ਇਤਿਹਾਸਿਕ ਤੱਥਾਂ ਨੂੰ ਬੜੀ ਨੀਝ ਅਤੇ ਬਾਰੀਕੀ ਨਾਲ ਪੇਸ਼ ਕੀਤਾ ਹੈ ਅਤੇ ਲਾਹੌਰ ਸਰਕਾਰ ਦੇ ਵਜ਼ੀਰਾਂ ਅਤੇ ਜਰਨੈਲਾਂ ਦੇ ਚੰਗੇ ਮਾੜੇ ਕਰਮਾਂ ਨੂੰ ਸਪਸ਼ਟ ਰੂਪ ਵਿਚ ਉਘਾੜਿਆ ਹੈ।

2) **ਚਰਿਤ੍ਰ-ਚਿਤ੍ਰਣ** : ਜੰਗਨਾਮੇ ਵਿਚ ਭਾਵੇਂ ਕੋਈ ਨਾ ਕੋਈ ਮੁੱਖ ਪਾਤਰ ਜਾਂ ਨੇਤਾ ਹੁੰਦਾ ਹੈ, ਪਰ ਉਸ ਦੇ ਸਰੂਪ ਦਾ ਚਿਤ੍ਰਣ ਪੂਰੇ ਇਤਿਹਾਸਿਕ ਸੰਦਰਭ ਵਿਚ ਹੋਣ ਕਾਰਣ ਉਸ ਦੇ ਸੰਪਰਕ ਵਿਚ ਆਉਣ ਵਾਲੇ ਹੋਰ ਪਾਤਰ ਵੀ ਚਿਤਰੇ ਜਾਂਦੇ ਹਨ ਅਤੇ ਇਸ ਤਰ੍ਹਾਂ ਜੰਗਨਾਮੇ ਵਿਚ ਕਥਿਤ ਜੰਗ ਜਾਂ ਯੁੱਧ ਵਿਚ ਭਾਗ ਲੈਣ ਵਾਲੇ ਮੁੱਖ ਮੁੱਖ ਪਾਤਰ ਆਪਣੇ ਰੋਲ ਨੂੰ ਦਰਸਾ ਦਿੰਦੇ ਹਨ। ਸਪਸ਼ਟ ਹੈ ਕਿ ਜੰਗਨਾਮਾ ਕੇਵਲ ਮੁੱਖ ਪਾਤਰ ਦੇ ਚਰਿਤ੍ਰ ਉਘਾੜਨ ਤਕ ਸੀਮਿਤ ਨਹੀਂ, ਸਗੋਂ ਉਹ ਸਾਰੇ ਪਾਤਰਾਂ ਦਾ ਸਮਾਨ ਰੂਪ ਵਿਚ ਚਿਤ੍ਰਣ ਕਰਦਾ ਹੈ। ਇਸ ਲਈ ਜੰਗਨਾਮੇ ਵਿਚ ਕਿਸੇ ਪਾਤਰ ਦੇ ਮਹੱਤਵ ਨੂੰ ਘਟਾਇਆ ਜਾਂ ਲੁਕਾਇਆ ਨਹੀਂ ਜਾਂਦਾ। ਜੰਗਨਾਮੇ ਵਿਚ ਦੁਅੰਦ ਯੁੱਧ ਨਾਲੋਂ ਸਮੂਹ ਯੁੱਧ ਅਤੇ ਇਕ ਪਾਤਰ ਦੀ ਥਾਂ ਤੇ ਅਨੇਕ ਪਾਤਰ ਆਪਣੀ ਰਣ-ਕੁਸ਼ਲਤਾ ਵਿਖਾਂਦੇ ਹਨ, ਜਿਵੇਂ ਸ਼ਾਮ ਸਿੰਘ ਅਟਾਰੀ ਵਾਲੇ ਦੀ ਰਣ-ਬੀਰਤਾ ਨੂੰ ਸ਼ਾਹ ਮੁਹੰਮਦ ਇੰਜ ਚਿਤਰਦਾ ਹੈ :

ਸ਼ਾਮ ਸਿੰਘ ਸਰਦਾਰ ਅਟਾਰੀ ਵਾਲੇ ਬੰਨ੍ਹ ਸਸਤ੍ਰੀ ਜੋੜ ਵਿਛੋੜ ਸੁਟੇ।
ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ, ਵਾਂਗ ਨਿੰਬੂਆ ਲਹੂ ਨਿਚੋੜ ਸੁਟੇ।

ਪਰ 'ਵਾਰ' ਦਾ ਮੁੱਖ ਉਦੇਸ਼ ਨਾਇਕ ਦਾ ਯਸ਼ ਗਾਉਣਾ ਹੈ। ਉਹੀ ਵਾਰ-ਕਾਰ ਦਾ ਆਦਰਸ਼ ਪਾਤਰ ਹੈ ਅਤੇ ਉਸੇ ਰਾਹੀਂ ਉਹ ਆਪਣੇ ਵਾਰ ਲਿਖਣ ਦੇ ਮੰਤਵ ਨੂੰ ਸਪਸ਼ਟ ਕਰਦਾ ਹੈ। ਇਸ ਲਈ ਵਾਰ ਵਿਚ ਕੇਵਲ ਇਕ ਮੁੱਖ ਪਾਤਰ ਦਾ ਚਰਿਤ੍ਰ-ਚਿਤ੍ਰਣ ਰਹਿੰਦਾ ਹੈ ਜਦ ਕਿ ਜੰਗਨਾਮਾ ਸਾਰੇ ਪਾਤਰਾਂ ਦਾ ਆਵੱਸ਼ਕ ਚਿਤ੍ਰਣ ਕਰਦਾ ਹੈ। ਸ਼ਾਹ ਮੁਹੰਮਦ ਦੇ ਜੰਗਨਾਮੇ ਦੀ ਇਕ ਵੰਨਗੀ ਵੇਖੋ :

ਆਈਆਂ ਪਲਟਨਾਂ ਬੀੜ ਕੇ ਤੋਪਖਾਨੇ,
ਅਗੋਂ ਸਿੰਘਾਂ ਨੇ ਪਾਸੇ ਤੋੜ ਸੁਟੇ।
ਮੇਵਾ ਸਿੰਘ ਤੇ ਮਾਖੇ ਖਾਂ ਹੋਏ ਸਿੱਧੇ,
ਹੱਲੇ ਤਿੰਨ ਫਿਰੰਗੀ ਦੇ ਮੋੜ ਸੁਟੇ।

3) **ਰਸ** : ਜੰਗਨਾਮੇ ਦਾ ਨਾਇਕ ਜਾਂ ਉਸ ਦਾ ਧੜਾ ਆਮ ਤੌਰ ਤੇ ਹਾਰਦਾ ਹੈ, ਜਾਂ ਉਸ ਦੀ ਹਾਰ ਵਰਗੀ ਸਥਿਤੀ ਹੋ ਜਾਂਦੀ ਹੈ। ਗੁਰੂ ਗੋਬਿੰਦ ਸਿੰਘ ਜੀ ਬਾਰੇ ਲਿਖੇ ਜੰਗਨਾਮਿਆਂ ਤੋਂ ਇਲਾਵਾ ਬਹੁਤ ਘਟ ਜੰਗਨਾਮਿਆਂ ਵਿਚ ਨਾਇਕ ਨੂੰ ਜੇਤੂ ਦਿਖਾਇਆ ਗਿਆ ਹੈ। ਚੂੰਕਿ ਜੰਗਨਾਮਿਆਂ ਦਾ ਆਰੰਭ ਇਮਾਮ ਹੁਸੈਨ ਦੀ ਕਰਬਲ ਵਿਚ ਹੋਈ ਸ਼ਹਾਦਤ ਨੂੰ ਬਿਆਨ ਕਰਨ ਲਈ ਹੋਇਆ ਸੀ, ਇਸ ਲਈ ਉਸ ਕਰੁਣਾਮਈ ਸਥਿਤੀ ਨੂੰ ਚਿਤ੍ਰਣ ਲਈ ਜੰਗਨਾਮੇ ਦੀ ਨੁਹਾਰ ਵੀਰ ਰਸ ਤੋਂ ਹਟ ਕੇ ਕਰੁਣ ਰਸ ਵਲ ਹੋ ਗਈ ਹੈ। ਫਲਸਰੂਪ ਇਸ ਵਿਚ ਮੁੱਖ ਰਸ ਕਰੁਣ ਬਣ ਜਾਂਦਾ ਹੈ। ਜਿਵੇਂ ਸ਼ਾਹ ਮੁਹੰਮਦ ਦੇ ਜੰਗਨਾਮੇ ਵਿਚ ਹਾਰੀ ਹੋਈ ਸਿੱਖ ਫੌਜ ਦੀ ਸਥਿਤੀ :

ਕਈ ਮਾਵਾਂ ਦੇ ਪੁੱਤਰ ਨੇ ਮੋਏ ਉਥੇ,

ਸੀਨੇ ਲਗੀਆਂ ਤੇਜ਼ ਕਟਾਰੀਆਂ ਨੀ।
ਜਿਨ੍ਹਾਂ ਭੈਣਾਂ ਨੂੰ ਵੀਰ ਨਾ ਮਿਲੇ ਮੁੜ ਕੇ,
ਪਈਆਂ ਰੋਂਦੀਆਂ ਫਿਰਨ ਵਿਚਾਰੀਆਂ ਨੀ।
ਜੰਗੀ ਜਿਨ੍ਹਾਂ ਦੇ ਸਿਰਾਂ ਦੇ ਮੋਏ ਵਾਲੀ,
ਖੁਲ੍ਹੇ ਵਾਲ ਤੇ ਕਰਨ ਬੇਜ਼ਾਰੀਆ ਨੀ।
ਸ਼ਾਹ ਮੁਹੰਮਦਾ ਬਹੁਤ ਸਰਦਾਰ ਮਾਰੇ,
ਪਈਆਂ ਰਾਜ ਦੇ ਵਿਚ ਖੁਆਰੀਆਂ ਨੀ।

ਪਰ ਵਾਰ ਵਿਚ ਚੁੰਕਿ ਨਾਇਕ ਦਾ ਯਸ਼-ਵਰਣਨ ਹੀ ਮੂਲ ਉਦੇਸ਼ ਹੁੰਦਾ ਹੈ ਅਤੇ ਉਹ ਵੀ ਯੁੱਧ ਜਾਂ ਉਸ ਦੀ ਵੀਰਤਾ ਦੇ ਪ੍ਰਸੰਗ ਵਿਚ, ਇਸ ਲਈ ਉਥੇ ਵੀਰ ਰਸ ਦੀ ਹੀ ਪ੍ਰਧਾਨਤਾ ਰਹਿੰਦੀ ਹੈ।

4) **ਸਾਹਿਤਿਕਤਾ** : ਸਾਹਿਤਿਕਤਾ ਦੇ ਅਭਾਵ ਵਿਚ ਕੋਈ ਜੰਗਨਾਮਾ ਨਿਰਾ ਕਾਵਿ-ਬੱਧ ਇਤਿਹਾਸ ਬਣ ਕੇ ਰਹਿ ਜਾਂਦਾ ਹੈ। ਜੰਗਨਾਮਾ, ਅਸਲ ਵਿਚ, ਇਤਿਹਾਸ ਅਤੇ ਸਾਹਿੱਤ ਦੀ ਸੁਮਿਲਵੀਂ ਰਚਨਾ ਹੈ। ਸਾਹਿੱਤ ਨਾਲ ਮਿਲਣ 'ਤੇ ਇਤਿਹਾਸ ਦੀ ਨੀਰਸਤਾ ਖ਼ਤਮ ਹੁੰਦੀ ਹੈ ਅਤੇ ਸਾਰੀ ਗੱਲ ਪ੍ਰਾਣਵਾਨ ਬਣ ਜਾਂਦੀ ਹੈ। ਸਾਹਿਤਿਕਤਾ ਦੇ ਪੱਖ ਤੋਂ ਅਲੰਕਾਰਾਂ ਦੀ ਵਰਤੋਂ ਬਹੁਤ ਉਪਯੋਗੀ ਹੈ। ਇਨ੍ਹਾਂ ਨਾਲ ਭਾਵ ਨੂੰ ਅਧਿਕ ਪ੍ਰਭਾਵਸ਼ਾਲੀ ਬਣਾਇਆ ਜਾਂਦਾ ਹੈ ਅਤੇ ਰੂਪ, ਗੁਣ ਅਤੇ ਕਰਮ ਵਿਚ ਤੀਬਰਤਾ ਦਾ ਅਹਿਸਾਸ ਹੁੰਦਾ ਹੈ।

ਜੰਗਨਾਮਾ ਲਿਖਣ ਲਈ ਕੋਈ ਖਾਸ ਛੰਦ ਨਿਸ਼ਚਿਤ ਨਹੀਂ। ਬੈਂਤ, ਸਵੈਯਾ, ਕੁੰਡਲੀਆ, ਦੋਹਿਰਾ, ਡਿਉਢ ਆਦਿ ਕੋਈ ਵੀ ਛੰਦ ਵਰਤਿਆ ਜਾ ਸਕਦਾ ਹੈ। ਗੱਲ ਤਾਂ ਮੁਕਦੀ ਹੈ ਛੰਦ ਦੇ ਨਿਭਾ ਉਤੇ। ਉਚਿਤ ਛੰਦ-ਯੋਜਨਾ ਰਾਹੀਂ ਹੀ ਸਹੀ ਵਾਤਾਵਰਣ ਪੈਦਾ ਕੀਤਾ ਜਾ ਸਕਦਾ ਹੈ।

ਭਾਸ਼ਾ ਦੇ ਜੰਗਨਾਮੇ ਵਿਚ ਬਹੁਤ ਮਹੱਤਵ ਹੈ ਕਿਉਂਕਿ ਇਸ ਨਾਲ ਕਵੀ ਆਪਣੇ ਵਰਣਨ ਨੂੰ ਪ੍ਰਭਾਵਸ਼ਾਲੀ ਬਣਾ ਕੇ ਰਚਨਾ-ਮਨੋਰਥ ਨੂੰ ਸਪਸ਼ਟ ਕਰਦਾ ਹੈ। ਢੁੱਕਵੀਂ ਸ਼ਬਦਾਵਲੀ ਹੀ ਜੰਗਨਾਮੇ ਦੀ ਜਿੰਦ-ਜਾਨ ਹੁੰਦੀ ਹੈ। ਮੁਸਲਮਾਨ ਕਵੀਆਂ ਦੇ ਲਿਖੇ ਜੰਗਨਾਮਿਆਂ ਵਿਚ ਸ਼ਬਦਾਵਲੀ ਅਰਬੀ ਫ਼ਾਰਸੀ ਪ੍ਰਧਾਨ ਹੈ, ਪਰ ਗ਼ੈਰ-ਮੁਸਲਮਾਨਾਂ ਦੇ ਲਿਖੇ ਜੰਗਨਾਮਿਆਂ ਵਿਚ ਅਰਬੀ-ਫ਼ਾਰਸੀ ਦਾ ਅਸਰ ਘਟ ਹੈ।

**ਸਿਰਜਣ-ਵਿਧੀ**

ਜੰਗਨਾਮੇ ਦੀ ਸਿਰਜਣ-ਵਿਧੀ ਬੜੀ ਸਰਲ ਹੈ। ਇਸ਼ਟ ਪ੍ਰਤਿ ਆਦਰ ਪ੍ਰਗਟ ਕਰਨ ਤੋਂ ਬਾਅਦ ਜੰਗਨਾਮੇ ਵਿਚ ਬਿਆਨ ਸਿਧਾ ਸ਼ੁਰੂ ਕਰ ਦਿੱਤਾ ਜਾਂਦਾ ਹੈ। ਲੇਖਕ ਪਾਸ ਉਪਲਬਧ ਇਤਿਹਾਸਿਕ ਸਾਮਗ੍ਰੀ ਨੂੰ ਹੀ ਕਵੀ ਕਥਾਤਮਕ ਸ਼ੈਲੀ ਵਿਚ ਵਰਣਨ ਕਰਦਾ ਜਾਂਦਾ ਹੈ। ਇਤਿਹਾਸਿਕਤਾ ਦੀ ਪ੍ਰਣ-ਛਾਣ ਬੜੀ ਜ਼ਰੂਰੀ ਹੈ। ਮਸਨਵੀ ਦੇ ਪ੍ਰਭਾਵ ਕਾਰਣ ਇਸ ਦਾ ਵਿਕਾਸ ਕਿੱਸੇ ਦੀ ਵਿਧੀ ਨਾਲ ਹੁੰਦਾ ਹੈ। ਵਸਤੂ-ਵਰਣਨ ਦੀ ਇਸ ਵਿਚ ਗੁੰਜਾਇਸ਼ ਨਹੀਂ ਹੁੰਦੀ, ਹਾਂ ਯੁੱਧ-ਵਰਣਨ ਜ਼ਰੂਰ ਰਹਿੰਦਾ ਹੈ। ਬ੍ਰਿੱਤਾਂਤਿਕ ਰਚਨਾ ਹੋਣ ਕਾਰਣ ਕਵੀ ਇਸ ਲਈ ਲੰਮੇ ਛੰਦ ਦੀ ਚੋਣ ਕਰਦਾ ਹੈ। ਆਮ ਤੌਰ ਤੇ ਇਕ ਜੰਗਨਾਮੇ ਦੀ ਰਚਨਾ ਕੇਵਲ ਇਕ ਛੰਦ ਵਿਚ ਹੀ ਕੀਤੀ ਜਾਂਦੀ ਹੈ।

**ਵਰਗੀਕਰਣ**

ਮੁੱਖ ਤੌਰ ਤੇ ਜੰਗਨਾਮਿਆਂ ਨੂੰ ਤਿੰਨ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ :

1) ਇਸਲਾਮਿਕ ਜੰਗਨਾਮੇ ਜਿਨ੍ਹਾਂ ਵਿਚ ਇਮਾਮ ਹੁਸੈਨ ਦੀ ਜੰਗ ਅਤੇ ਸ਼ਹੀਦੀ ਦਾ ਚਿਤ੍ਰਣ ਹੋਇਆ ਹੈ।
2) ਗੁਰੂ ਗੋਬਿੰਦ ਸਿੰਘ ਸੰਬੰਧੀ ਜੰਗਨਾਮੇ ਜਿਨ੍ਹਾਂ ਵਿਚ ਗੁਰੂ ਸਾਹਿਬ ਦੀਆਂ ਜੰਗਾਂ ਅਤੇ ਜਿੱਤਾਂ ਦਾ ਵਰਣਨ ਹੋਇਆ ਹੈ।
3) ਲਾਹੌਰ ਦਰਬਾਰ ਨਾਲ ਸੰਬੰਧਿਤ ਜੰਗਨਾਮੇ ਜਿਨ੍ਹਾਂ ਵਿਚ ਮਹਾਰਾਜਾ ਰਣਜੀਤ ਸਿੰਘ ਜਾਂ ਉਸ ਦੇ ਗੱਦੀਦਾਰਾਂ ਦੀਆਂ ਲੜਾਈਆਂ ਦਾ ਬ੍ਰਿਤਾਂਤ ਵਰਣਿਤ ਹੋਇਆ ਹੈ।

ਸਮੁੱਚੇ ਤੌਰ ਤੇ ਜੰਗਨਾਮਾ ਕਾਵਿ-ਰੂਪ ਨੇ ਪੰਜਾਬੀ ਕਾਵਿ ਜਗਤ ਵਿਚ ਉਹ ਸਥਾਨ ਨਹੀਂ ਬਣਾਇਆ ਜੋ ਵਾਰ ਕਾਵਿ-ਰੂਪ ਨੇ ਬਣਾਇਆ ਹੈ, ਕਿਉਂਕਿ ਇਹ ਪੰਜਾਬੀ ਜੀਵਨ ਦੀ ਬਿਰਤੀ ਅਨੁਰੂਪ ਨਹੀਂ ਹੈ। ਉਤਸਾਹ ਦੀ ਘਾਟ ਜੰਗਨਾਮੇ ਨੂੰ ਪੰਜਾਬੀ ਸੁਭਾ ਤੋਂ ਦੂਰ ਲੈ ਜਾਂਦੀ ਹੈ। ਚੰਗੇ ਕਵੀ ਦਾ ਲਿਖਿਆ ਹੋਇਆ ਜੰਗਨਾਮਾ ਕਦੇ ਕਦੇ ਲੋਕ ਮਨ ਵਿਚ ਆਪਣਾ ਵਿਸ਼ੇਸ਼ ਸਥਾਨ ਬਣਾਉਣ ਦੇ ਸਮਰਥ ਹੋ ਜਾਂਦਾ ਹੈ, ਜਿਵੇਂ ਸ਼ਾਹ ਮੁਹੰਮਦ ਦਾ ਲਿਖਿਆ ਜੰਗਨਾਮਾ।

## ਕਿੱਸਾ

### ਪ੍ਰਕ੍ਰਿਤੀ

'ਕਿੱਸਾ' ਅਰਬੀ ਦਾ ਸ਼ਬਦ ਹੈ ਅਤੇ ਇਸ ਦਾ ਅਰਥ ਹੈ ਕਥਾ, ਕਹਾਣੀ, ਆਖਿਆਨ। ਅਰਬੀ ਭਾਸ਼ਾ ਵਿਚ ਗੱਦ ਵਿਚ ਲਿਖੀਆਂ ਕਹਾਣੀਆਂ ਜਾਂ ਬ੍ਰਿਤਾਂਤਿਕ ਰਚਨਾਵਾਂ ਲਈ ਪ੍ਰਾਚੀਨ ਕਾਲ ਤੋਂ ਇਸ ਸ਼ਬਦ ਦੀ ਵਰਤੋਂ ਹੁੰਦੀ ਆ ਰਹੀ ਹੈ। ਪਰ ਪੰਜਾਬੀ ਵਿਚ ਕਿੱਸੇ ਕਵਿਤਾ ਵਿਚ ਲਿਖੇ ਗਏ ਹਨ ਅਤੇ ਇਨ੍ਹਾਂ ਦੀ ਰਚਨਾ ਫ਼ਾਰਸੀ ਮਸਲਵੀ ਕਾਵਿ-ਰੂਪ ਤੋਂ ਪ੍ਰਭਾਵਿਤ ਹੋਈ ਮੰਨੀ ਜਾਂਦੀ ਹੈ। ਪ੍ਰਿੰ. ਗੁਰਦਿਤ ਸਿੰਘ ਪ੍ਰੇਮੀ ਅਨੁਸਾਰ ਮਸਨਵੀ ਇਕ ਬਾਹਰ-ਮੁਖੀ ਕਾਵਿ-ਰੂਪ ਹੈ। ਆਰੰਭ ਵਿਚ ਇਸ ਵਿਚ ਕਥਾ-ਕਾਵਿ, ਤਾਰੀਖੀ ਘਟਨਾਵਾਂ ਤੇ ਕਿੱਸੇ ਕਹਾਣੀਆਂ ਬਹੁਤ ਲਿਖੇ ਗਏ ਹਨ। ਪਰ ਫ਼ਾਰਸੀ ਸ਼ਾਇਰਾਂ ਨੇ ਇਸ ਨੂੰ ਬਿਆਨੀਆ ਕਾਵਿ ਜਾਂ ਕਿੱਸਾਕਾਰੀ ਤਕ ਹੀ ਸੀਮਿਤ ਨਹੀਂ ਰਹਿਣ ਦਿੱਤਾ, ਸਗੋਂ ਇਸ ਵਿਚ ਕੁਦਰਤ-ਵਰਣਨ, ਮਨੁੱਖੀ ਜਜ਼ਬਿਆਂ ਦੀ ਤਰਜਮਾਨੀ, ਤਸੱਵੁਫ (ਸੂਫ਼ੀ ਰਹੱਸਵਾਦ) ਦੇ ਫ਼ਲਸਫ਼ੇ ਦੇ ਮਜ਼ਬੂਰ ਵੀ ਅੰਕਿਤ ਕਰ ਦਿੱਤੇ ਹਨ।

ਪੰਜਾਬੀ ਸਾਹਿੱਤ ਵਿਚ ਕਿੱਸਾ-ਕਾਵਿ ਦੀ ਬੜੀ ਲੰਮੀ ਪਰੰਪਰਾ ਹੈ ਜੋ ਪਿਛਲੇ ਪੰਜ ਸੌ ਵਰ੍ਹਿਆਂ ਤੋਂ ਲਗਾਤਾਰ ਚਲੀ ਆ ਰਹੀ ਹੈ। ਕਾਲ-ਵੰਡ ਦੀਆਂ ਹੱਦ-ਬੰਦੀਆਂ ਇਸ ਨੂੰ ਕਿਸੇ ਖਾਸ ਸੀਮਾ ਵਿਚ ਨਹੀਂ ਬੰਨ੍ਹ ਸਕੀਆਂ। ਅਜ ਤਕ ਲਿਖੇ ਜਾ ਚੁਕੇ ਕਿਸੇ ਸਮੁੱਚੀ ਪੰਜਾਬੀ ਕਾਵਿ-ਸਾਮਗ੍ਰੀ ਤੋਂ ਕਿਤੇ ਜ਼ਿਆਦਾ ਹਨ। ਇਨ੍ਹਾਂ ਵਿਚ ਮੁੱਖ ਤੌਰ ਤੇ ਰੋਮਾਂਸ ਅਤੇ ਪ੍ਰੀਤ ਦਾ ਬੜਾ ਸੁੰਦਰ ਸੁਮੇਲ ਹੈ। ਪੰਜਾਬੀ ਸਾਹਿੱਤ ਵਿਚ ਗਲਪ ਅਤੇ ਦੁਖਾਂਤ ਸਾਹਿੱਤ ਦੀਆਂ ਪਰੰਪਰਾਵਾਂ ਦਾ ਆਰੰਭ ਕਿੱਸਾ-ਕਾਵਿ ਤੋਂ ਹੀ ਹੋਇਆ ਪ੍ਰਤੀਤ ਹੁੰਦਾ ਹੈ। ਇਨ੍ਹਾਂ ਵਿਚ ਪੰਜਾਬੀਆਂ ਦਾ ਉਭਰਦਾ ਉਤਸ਼ਾਹ ਅਤੇ ਅਸੀਮ ਅਭਿਮਾਨ ਸੰਜੋਇਆ ਹੋਇਆ ਹੈ। ਇਨ੍ਹਾਂ ਦੀ ਰਚਨਾ ਲੋਕਾਂ ਦੇ ਮਨ ਪਰਚਾਵੇ ਲਈ ਹੁੰਦੀ ਹੈ। ਇਨ੍ਹਾਂ ਵਿਚ ਪ੍ਰਚਲਿਤ ਰੀਤਾਂ-ਰਿਵਾਜਾਂ, ਵਿਸ਼ਵਾਸਾਂ, ਭਾਵ-ਧਾਰਾਵਾਂ ਦਾ ਪੂਰੀ ਸੱਚਾਈ ਨਾਲ ਵਰਣਨ ਹੁੰਦਾ ਹੈ। ਇਨ੍ਹਾਂ ਦੀਆਂ ਕਥਾਵਾਂ ਅਤੇ ਭਾਵਨਾਵਾਂ ਦਾ ਲੋਕਾਂ ਦੇ ਮਨ ਉਤੇ ਬਹੁਤ ਡੂੰਘਾ ਪ੍ਰਭਾਵ ਰਹਿੰਦਾ ਹੈ। ਆਪਣੀ ਸਰਲ, ਸੁਬੋਧ ਅਤੇ ਹਰਮਨ ਪਿਆਰੀ ਕਥਾਨਕ ਸ਼ੈਲੀ ਕਾਰਨ ਕਿੱਸੇ ਅਜ ਤਕ ਜਨ-ਸਾਹਿੱਤ ਵਜੋਂ ਸਨਮਾਨਿਤ ਰਹੇ ਹਨ।

**ਪਰਿਭਾਸ਼ਾ** : ਪੰਜਾਬੀ ਵਿਚ ਕਿੱਸਾ ਉਸ ਛੰਦ-ਬੱਧ ਬ੍ਰਿੱਤਾਂਤਿਕ ਰਚਨਾ ਨੂੰ ਕਿਹਾ ਜਾਂਦਾ ਹੈ ਜਿਸ ਵਿਚ ਕਥਾਨਕ ਦਾ ਸੰਬੰਧ ਪ੍ਰੇਮ, ਰੋਮਾਂਸ, ਬੀਰਤਾ, ਭਗਤੀ, ਦੇਸ਼ ਪ੍ਰੇਮ, ਧਰਮ ਜਾਂ ਸਮਾਜ ਸੁਧਾਰ ਨਾਲ ਹੋਵੇ।

ਪਰ ਹੁਣ ਇਹ ਨਾਂ ਕੇਵਲ ਪ੍ਰੇਮ ਦੇ ਵਿਸ਼ੇ ਨਾਲ ਸੰਬੰਧਿਤ ਬ੍ਰਿੱਤਾਂਤਿਕ ਰਚਨਾ ਲਈ ਰੂੜ੍ਹ ਹੋ ਚੁਕਿਆ ਹੈ। ਰੋਮਾਂਸ ਨੂੰ ਕਿੱਸਾ-ਕਾਵਿ ਵਿਚ ਵੱਧ ਤੋਂ ਵੱਧ ਸਥਾਨ ਮਿਲਿਆ ਹੈ। ਪਰ ਅਸਲ ਵਿਚ ਪ੍ਰੇਮ ਅਤੇ ਰੋਮਾਂਸ ਇਕ ਦੂਜੇ ਦੇ ਪੂਰਕ ਵਜੋਂ ਹੀ ਆਏ ਹਨ। ਵਾਰਾਂ ਅਤੇ ਜੰਗਨਾਮਿਆਂ ਨੂੰ ਵੀ ਕਈ ਵਾਰ ਕਿੱਸਾ ਨਾਂ ਦੇ ਦਿੱਤਾ ਜਾਂਦਾ ਹੈ, ਪਰ ਇਹ ਦੋਵੇਂ ਵੱਖਰੇ ਵੱਖਰੇ ਕਾਵਿ-ਰੂਪ ਹਨ ਅਤੇ ਵੀਰ ਰਸ ਦੇ ਵਿਚ ਰਖੇ ਜਾਂਦੇ ਹਨ।

### ਤੱਤ

ਕਿੱਸੇ ਵਿਚ ਮੁੱਖ ਤੌਰ ਤੇ ਹੇਠ ਲਿਖੇ ਸੱਤ ਤੱਤ ਹੁੰਦੇ ਹਨ :

ਕਥਾਨਕ, ਚਰਿਤ੍ਰ-ਚਿਤ੍ਰਣ, ਵਸਤੂ-ਵਰਣਨ, ਸੰਵਾਦ, ਰਸ, ਛੰਦ, ਭਾਸ਼ਾ-ਸ਼ੈਲੀ।

1) **ਕਥਾਨਕ** : ਕਿੱਸੇ ਵਿਚ ਕੋਈ ਵੀ ਲੋਕ-ਪ੍ਰਚਲਿਤ, ਕਾਲਪਨਿਕ ਜਾਂ ਯਥਾਰਥ ਘਟਨਾ ਜਾਂ ਕਥਾ ਲਈ ਜਾ ਸਕਦੀ ਹੈ। ਆਮ ਤੌਰ ਤੇ ਕਥਾਨਕ ਦਾ ਆਰੰਭ ਮੰਗਲਾਚਰਣ ਜਾਂ ਹਮਦ ਤੋਂ ਹੁੰਦਾ ਹੈ ਜਿਸ ਵਿਚ ਕਵੀ ਆਪਣੇ ਇਸ਼ਟ, ਗੁਰੂ ਪੀਰ ਆਦਿ ਪ੍ਰਤਿ ਬੰਦਨਾ ਕਰਦਾ ਹੈ।

ਮੰਗਲਾਚਰਣ ਤੋਂ ਬਾਅਦ ਆਮ ਤੌਰ ਤੇ ਕਥਾਨਕ ਦਾ ਵਿਸਤਾਰ ਨਾਇਕ-ਨਾਇਕਾ ਦੇ ਜਨਮ ਤੋਂ ਮਰਨ ਤਕ

ਹੁੰਦਾ ਹੈ। ਇਸ ਵਿਚ ਅਧਿਕਤਰ ਪ੍ਰੇਮ ਸੰਬੰਧ ਵਾਲੇ ਪੱਖ ਨੂੰ ਹੀ ਉਘਾੜਿਆ ਜਾਂਦਾ ਹੈ। ਸ਼ੁਰੂ ਵਿਚ ਹੀ ਨਾਇਕ ਨਾਇਕਾ ਆਪਣੀ ਮਨਮੋਹਣੀ ਸੁੰਦਰਤਾ ਦੇ ਪ੍ਰਭਾਵ ਕਾਰਣ ਇਕ ਦੂਜੇ ਨੂੰ ਆਕਰਸ਼ਿਤ ਕਰਦੇ ਹਨ। ਵਾਰਸ ਸ਼ਾਹ ਨੇ ਹੀਰ-ਰਾਂਝੇ ਦੀ ਪਹਿਲੀ ਮੁਲਾਕਾਤ ਨੂੰ ਇਸ ਤਰ੍ਹਾਂ ਚਿਤਰਿਆ ਹੈ :

ਰਾਂਝੇ ਉਠ ਕੇ ਆਖਿਆ ਵਾਹ ਸਜਣ, ਹੀਰ ਹੱਸ ਕੇ ਤੇ ਮੇਹਰਬਾਨ ਹੋਈ।
ਕੱਛ ਵੰਝਲੀ ਕੰਨਾ ਦੇ ਵਿਚ ਵਾਲੇ, ਜੁਲਫ਼ ਮੁਖੜੇ ਤੇ ਪਰੇਸ਼ਾਨ ਹੋਈ।
ਰੂਪ ਜਟ ਦਾ ਵੇਖ ਕੇ ਚਾਟ ਲਗੀ, ਹੀਰ ਘੋਲ ਘਤੀ ਕੁਰਬਾਨ ਹੋਈ।

ਉਹ ਪ੍ਰੇਮ ਦੀ ਭਾਵਨਾ ਦੇ ਅਵੇਸ਼ ਵਿਚ ਸਮਾਜ ਅਤੇ ਸਦਾਚਾਰ ਦੇ ਬੰਧਨਾਂ ਦੀ ਉਲੰਘਣਾ ਕਰਦੇ ਹਨ। ਸਮਾਜ ਉਨ੍ਹਾਂ ਨੂੰ ਬਗ਼ਾਵਤ ਲਈ ਪ੍ਰਵਾਨਗੀ ਨਹੀਂ ਦਿੰਦਾ। ਉਨ੍ਹਾਂ ਨੂੰ ਰੋਕਣ ਲਈ ਕਈ ਪ੍ਰਕਾਰ ਦੀਆਂ ਰੁਕਾਵਟਾਂ ਖੜੀਆਂ ਕੀਤੀਆਂ ਜਾਂਦੀਆਂ ਹਨ- ਜਿਵੇਂ ਕਿਤੇ ਨਾਇਕਾ ਦਾ ਵਿਆਹ ਪ੍ਰੇਮੀ ਤੋਂ ਭਿੰਨ ਕਿਸੇ ਹੋਰ ਵਿਅਕਤੀ ਨਾਲ ਕਰ ਦਿੱਤਾ ਜਾਂਦਾ ਹੈ, ਜਿਵੇਂ ਹੀਰ ਦਾ ਸੈਦੇ ਨਾਲ। ਕਿਤੇ ਵਿਆਹ ਤੋਂ ਪਹਿਲਾਂ ਨਾਇਕ-ਨਾਇਕਾ ਨੂੰ ਭਜਦਿਆਂ ਪਕੜਵਾ ਲਿਆ ਜਾਂਦਾ ਹੈ, ਜਿਵੇਂ ਮਿਰਜ਼ਾ-ਸਾਹਿਬਾਂ। ਕਿਤੇ ਕਪਟ-ਪ੍ਰਬੰਧ ਰਾਹੀਂ ਨਾਇਕ-ਨਾਇਕਾ ਨੂੰ ਇਕ ਦੂਜੇ ਨਾਲੋਂ ਅਲਗ ਕਰ ਦਿੱਤਾ ਜਾਂਦਾ ਹੈ, ਜਿਵੇਂ ਸੱਸੀ ਪੁੰਨੂੰ। ਸਭ ਥਾਂ ਪ੍ਰੇਮ ਨੂੰ ਪੁਗਣ ਤੋਂ ਪਹਿਲਾਂ ਹੀ ਖ਼ਤਮ ਕਰ ਦਿੱਤਾ ਜਾਂਦਾ ਹੈ। ਕਹਾਣੀ ਦਾ ਸੁਆਦ ਆਖੀਰ ਤਕ ਕਾਇਮ ਰਹਿੰਦਾ ਹੈ। ਕਿੱਸਿਆਂ ਵਿਚ ਨਾਇਕ-ਨਾਇਕਾਵਾਂ ਦੇ ਸਮਾਜਿਕ ਜਾਂ ਕੁਦਰਤੀ ਸ਼ਕਤੀਆਂ ਨਾਲ ਚਿਰ ਕਾਲ ਤਕ ਘੋਲ ਕਰਨ ਵਿਚ ਅਸਮਰਥ ਹੋਣ ਕਰਕੇ ਸਾਰਾ ਦੋਸ਼ ਹੋਣੀ ਦੇ ਮੱਥੇ ਮੜ੍ਹ ਦਿੱਤਾ ਜਾਂਦਾ ਹੈ। ਲਗਭਗ ਸਾਰਿਆਂ ਕਿੱਸਿਆਂ ਵਿਚ ਨਾਇਕ-ਨਾਇਕਾਵਾਂ ਦੀ ਬੇਬਸੀ ਵੇਖੀ ਜਾ ਸਕਦੀ ਹੈ, ਜਿਵੇਂ :

ਹੋਣੀ ਮਿਰਜ਼ੇ ਤੇ ਕੁਦ ਪਈ, ਰਲੀ ਸਿਆਲਾਂ ਨਾਲ।
ਛੁਟੀ ਕਾਨੀ ਗ਼ਜ਼ਬ ਦੀ, ਲੈ ਗਈ ਮਿਰਜ਼ੇ ਨੂੰ ਨਾਲ।

ਜਾਂ

ਫਜ਼ਲ ਸ਼ਾਹ ਮੀਆਂ ਦੋਵੇਂ ਲੇਖ ਆਹੇ,
ਮੋੜੇ ਕੌਣ ਖੁਦਾ ਦੇ ਭਾਣਿਆਂ ਨੂੰ।

2) **ਚਰਿਤ੍ਰ-ਚਿਤ੍ਰਣ** : ਕਿੱਸਿਆਂ ਵਿਚ ਆਮ ਤੌਰ ਤੇ ਮਨੁੱਖ ਪਾਤਰ ਹੁੰਦੇ ਹਨ। ਪਰ ਇਨ੍ਹਾਂ ਦਾ ਸੰਬੰਧ ਗ਼ੈਰ-ਮਨੁੱਖੀ ਜਾਂ ਅਸਰੀਰਕ ਸ਼ਕਤੀਆਂ ਨਾਲ ਵੀ ਹੁੰਦਾ ਹੈ। ਕਿੱਸਿਆਂ ਦੇ ਪਾਤਰ ਘਟਨਾਵਾਂ ਦੇ ਅਧੀਨ ਹੁੰਦੇ ਹਨ ਅਤੇ ਕਥਾਨਕ ਦਾ ਵਿਕਾਸ ਹੋਣੀ ਨਿਸ਼ਚਿਤ ਕਰਦੀ ਹੈ। ਪਾਤਰਾਂ ਵਿਚ ਘਟਨਾਵਾਂ ਨੂੰ ਆਪਣੇ ਅਨੁਸਾਰ ਚਲਾਉਣ ਜਾਂ ਹੋਣੀ ਨੂੰ ਬਦਲਣ ਦੀ ਸਮਰਥਾ ਨਹੀਂ ਹੁੰਦੀ।

ਕਿੱਸਿਆਂ ਵਿਚ ਉੱਚੀ ਅਤੇ ਨੀਵੀਂ ਦੋਹਾਂ ਤਰ੍ਹਾਂ ਦੀਆਂ ਸ਼੍ਰੇਣੀਆਂ ਤੋਂ ਪਾਤਰ ਲਏ ਜਾਂਦੇ ਹਨ, ਪਰ ਇਤਨਾ ਜ਼ਰੂਰ ਹੈ ਕਿ ਨਾਇਕ ਜਾਂ ਨਾਇਕਾ ਵਿਚੋਂ ਕਿਸੇ ਇਕ ਦਾ ਸੰਬੰਧ ਜਾਗੀਰਦਾਰੀ ਸਮਾਜ ਜਾਂ ਸਾਮੰਤ ਵਰਗ ਨਾਲ ਹੁੰਦਾ ਹੈ ਅਤੇ ਦੂਜੇ ਦਾ ਸੰਬੰਧ ਜੇ ਜਾਗੀਰਦਾਰੀ ਸਮਾਜ ਨਾਲ ਨਹੀਂ ਤਾਂ ਘਟੋ ਘਟ ਉਸ ਦੀਆਂ ਬਿਰਤੀਆਂ ਉਸ ਵਰਗ ਨਾਲ ਜੁੜੀਆਂ ਹੋਈਆਂ ਹੋਣੀਆਂ ਚਾਹੀਦੀਆਂ ਹਨ। ਕਿਤੇ ਕਿਤੇ ਨਾਇਕ ਅਤੇ ਨਾਇਕਾ ਹੁੰਦੇ ਤਾਂ ਦੋਵੇਂ ਹੀ ਇਕੋ ਕਿਸਮ ਦੀ ਸ਼੍ਰੇਣੀ ਜਾਂ ਵਰਗ ਵਿਚੋਂ ਹਨ ਪਰ ਪਰਿਸਥਿਤੀਆਂ ਦੇ ਵਸ ਹੋ ਕੇ ਉਨ੍ਹਾਂ ਵਿਚੋਂ ਕੋਈ ਇਕ ਨੀਵੀਂ ਸ਼੍ਰੇਣੀ ਨਾਲ ਸੰਬੰਧ ਰਖਦਾ ਪ੍ਰਤੀਤ ਹੁੰਦਾ ਹੈ।

ਨਾਇਕ ਅਤੇ ਨਾਇਕਾ ਦੋਵੇਂ ਸੁੰਦਰ ਹੁੰਦੇ ਹਨ, ਪਰ ਕਿੱਸਾਕਾਰਾਂ ਨੇ ਆਮ ਤੌਰ ਤੇ ਨਾਇਕਾਵਾਂ ਦੀ ਸੁੰਦਰਤਾ ਅਤੇ ਨਖ-ਸ਼ਿਖ ਦੇ ਵਰਣਨ ਵਿਚ ਜ਼ਿਆਦਾ ਰੁਚੀ ਵਿਖਾਈ ਹੈ। ਵਾਰਸ ਸ਼ਾਹ ਦੀ ਹੀਰ ਦੀ ਸੁੰਦਰਤਾ ਦਾ ਵਰਣਨ ਵੇਖੋ :

ਹੋਠ ਸੁਰਖ ਯਾਕੂਤ ਜਿਉਂ ਲਾਲ ਚਮਕਣ, ਠੋਡੀ ਸੇਉ ਵਲਾਇਤੀ ਸਾਰ ਵਿਚੋਂ।
ਦੰਦ ਚੰਬੇ ਦੀ ਲੜੀ ਕਿ ਹੰਸ ਮੋਤੀ, ਦਾਣੇ ਨਿਕਲੇ ਹੁਸਨ ਅਨਾਰ ਵਿਚੋਂ।

ਗਰਦਨ ਕੂੰਜ ਉਂਗਲੀਆਂ ਰੁਵਾਂ ਫਲੀਆਂ, ਹਥ ਕੂਲੜੇ ਬਰਗ ਚਿਨਾਰ ਵਿਚੋਂ।
ਧੁਨੀ ਬਹਿਸ਼ਤ ਦੇ ਹੌਜ਼ ਦਾ ਮੁਸ਼ਕ ਕੁਪਾ, ਪੇਡੂ ਮਖਮਲੀ ਖਾਸ ਸਰਕਾਰ ਵਿਚੋਂ।
ਸੁਰਖੀ ਹੋਠਾਂ ਦੀ ਲੋੜ੍ਹ ਦੰਦਾਸੜੇ ਦਾ, ਖੋਜੇ ਖਤਰੀ ਕਤਲ ਬਜ਼ਾਰ ਵਿਚੋਂ।
ਸ਼ਾਹ ਪਰੀ ਦੀ ਭੈਣ ਪੰਜਫੂਲ ਰਾਣੀ, ਗੁਝੀ ਰਹੇ ਨਾ ਹੀਰ ਹਜ਼ਾਰ ਵਿਚੋਂ।

ਕਿੱਸਿਆਂ ਵਿਚ ਨਾਇਕ-ਨਾਇਕਾਵਾਂ ਦਾ ਆਪਸੀ ਪ੍ਰੇਮ ਇਤਨਾ ਪ੍ਰਬਲ ਹੁੰਦਾ ਹੈ ਕਿ ਉਹ ਆਪਣੇ ਸਾਥੀ ਤੋਂ ਬਿਨਾ ਕਿਸੇ ਹੋਰ ਵਿਅਕਤੀ ਦੀ ਕਲਪਨਾ ਕਰਨਾ ਵੀ ਪਾਪ ਸਮਝਦੇ ਹਨ। ਨਾਇਕਾਵਾਂ ਨਾਇਕਾਂ ਨਾਲੋਂ ਕੁਝ ਅਧਿਕ ਉਦਮੀ ਹਨ। ਉਹ ਆਪਣੇ ਪ੍ਰੇਮ ਦੇ ਰਾਹ ਵਿਚ ਰੁਕਾਵਟ ਪਾਉਣ ਵਾਲੇ ਦੀ ਪਰਵਾਹ ਨਹੀਂ ਕਰਦੀਆਂ, ਸਗੋਂ ਡੱਟ ਕੇ ਵਿਰੋਧ ਕਰਦੀਆਂ ਹਨ। ਉਹ ਪ੍ਰੇਮ ਦੇ ਖੇਤਰ ਵਿਚ ਪਹਿਲ ਵੀ ਕਰਦੀਆਂ ਹਨ ਅਤੇ ਮੌਕਾ ਆਉਣ 'ਤੇ ਸਮਾਜਿਕ ਮੁਖੀਆਂ ਨਾਲ ਜੂਝਦੀਆਂ ਵੀ ਹਨ। ਸਵੱਛਤਾ ਇਨ੍ਹਾਂ ਦੇ ਪ੍ਰੇਮ ਦਾ ਮੁੱਖ ਗੁਣ ਹੈ।

3) **ਵਸਤੂ ਵਰਣਨ** : ਬ੍ਰਿੱਤਾਂਤਿਕ ਕਾਵਿ ਹੋਣ ਕਰਕੇ ਕਿੱਸਿਆਂ ਵਿਚ ਅਨੇਕ ਪ੍ਰਾਕ੍ਰਿਤਿਕ ਵਸਤੂਆਂ, ਰਸਮਾ, ਸਥਿਤੀਆਂ ਆਦਿ ਦਾ ਵਿਸਤਾਰ ਸਹਿਤ ਚਿਤ੍ਰਣ ਹੁੰਦਾ ਹੈ ਜਿਵੇਂ ਬਾਗ, ਪਹਾੜ, ਦਰਿਆ, ਨਗਰ, ਵਿਆਹ-ਸ਼ਾਦੀਆਂ, ਜੰਗਾਂ-ਯੁੱਧਾਂ ਆਦਿ ਦਾ ਵਰਣਨ। ਅਜਿਹੇ ਚਿਤ੍ਰਣ ਨਾਲ ਕਥਾ ਵਿਚ ਵਿਕਾਸ ਹੁੰਦਾ ਹੈ, ਵਸਤੂ ਜਾਂ ਰਸਮ ਦਾ ਸਹੀ ਗਿਆਨ ਪ੍ਰਾਪਤ ਹੁੰਦਾ ਹੈ। ਵਸਤੂ-ਵਰਣਨ ਨਾਲ ਉਸ ਵੇਲੇ ਦੇ ਸਮਾਜ ਦਾ ਯਥਾਰਥ ਚਿਤ੍ਰਣ ਹੁੰਦਾ ਹੈ, ਇਤਿਹਾਸਿਕ ਬਿੰਬ ਉਘੜਦਾ ਹੈ, ਕਥਾਨਕ ਵਿਚ ਸਜੀਵਤਾ ਆਉਂਦੀ ਹੈ। ਦਮੋਦਰ ਦੀ 'ਹੀਰ' ਵਿਚ ਜੋ ਵਸਤੂ-ਵਰਣਨ ਹੋਇਆ ਹੈ, ਉਸ ਨਾਲ ਉਸ ਯੁਗ ਦੀ ਸਭਿਆਚਾਰਕ ਸਥਿਤੀ ਅਤੇ ਭੂਗੋਲਿਕ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇਹੀ ਸਥਿਤੀ ਵਾਰਸ ਜਾਂ ਹੋਰ ਕਿੱਸਾਕਾਰਾਂ ਦੀ ਹੈ। ਪਰ ਇਥੇ ਧਿਆਨ ਦੇਣ ਦੀ ਗੱਲ ਹੈ ਕਿ ਇਹ ਵਰਣਨ ਉਤਨਾ ਹੀ ਲੰਮਾ ਹੋਣਾ ਚਾਹੀਦਾ ਹੈ ਜਿਸ ਨਾਲ ਕਥਾਨਕ ਦੀ ਸੁਭਾਵਿਕਤਾ ਖਤਮ ਨਾ ਹੋਵੇ ਅਤੇ ਪਾਠਕ/ਸਰੋਤਾ ਅਕੇਵਾਂ ਨਾ ਸਮਝੇ।

4) **ਸੰਵਾਦ** : ਕਿੱਸਿਆਂ ਵਿਚ ਪਾਤਰਾ ਦੇ ਆਪਸੀ ਸੰਵਾਦ ਵੀ ਲਿਖੇ ਹੁੰਦੇ ਹਨ। ਇਨ੍ਹਾਂ ਨਾਲ ਕਥਾਨਕ ਵਿਚ ਨਾਟਕੀਅਤਾ ਆਉਂਦੀ ਹੈ, ਕਥਾਨਕ ਅਗੇ ਤੁਰਦਾ ਹੈ ਅਤੇ ਪਾਤਰਾਂ ਦੀਆਂ ਮਨੋ-ਭਾਵਨਾਵਾਂ ਦੀ ਸੋਝੀ ਹੁੰਦੀ ਹੈ। ਇਨ੍ਹਾਂ ਸੰਵਾਦਾਂ ਤੋਂ ਪਹਿਲਾਂ ਕਿੱਸਾਕਾਰ 'ਕਲਾਮ ਹੀਰ', 'ਕਲਾਮ ਰਾਂਝਾ' ਆਦਿ ਸ਼ਬਦ ਲਿਖ ਕੇ ਸੰਵਾਦ-ਕਰਤਾ ਦੀ ਜਾਣਕਾਰੀ ਦੇ ਦਿੰਦੇ ਹਨ। ਕਿਤੇ ਕਿਤੇ ਸੰਵਾਦ ਬਹੁਤ ਲੰਮੇ ਵੀ ਵੇਖੇ ਗਏ ਹਨ, ਪਰ ਉਥੇ ਕਥਾ-ਰਸ ਨੂੰ ਨੁਕਸਾਨ ਪਹੁੰਚਿਆ ਹੈ। ਨਿੱਕੇ ਅਤੇ ਭਾਵਪੂਰਣ ਸੰਵਾਦ ਹੀ ਜ਼ਿਆਦਾ ਕਲਾਤਮਕ ਹੁੰਦੇ ਹਨ।

5) **ਰਸ** : ਕਿੱਸਿਆਂ ਵਿਚ ਉਂਜ ਤਾਂ ਕਿਸੇ ਨਾ ਕਿਸੇ ਰੂਪ ਵਿਚ ਸਾਰੇ ਰਸਾਂ ਦੀ ਹੋਂਦ ਦਿਸ ਪੈਂਦੀ ਹੈ, ਪਰ ਪ੍ਰਧਾਨਤਾ ਸ਼ਿੰਗਾਰ, ਕਰੁਣ ਅਤੇ ਵੀਰ ਰਸਾਂ ਦੀ ਹੈ। ਰੋਮਾਂਸ ਪ੍ਰਧਾਨ ਕਿੱਸਿਆਂ ਵਿਚ ਅਦਭੁਤ ਰਸ ਦੀ ਵੀ ਹੋਂਦ ਰਹਿੰਦੀ ਹੈ। ਪ੍ਰੇਮ ਪ੍ਰਧਾਨ ਕਿੱਸਿਆ ਵਿਚ ਅਧਿਕਤਰ ਸਰੀਰਿਕ ਪ੍ਰੇਮ ਦੀ ਗੱਲ ਕਹੀ ਹੁੰਦੀ ਹੈ ਅਤੇ ਉਸ ਨੂੰ ਅੰਤਿਮ ਰੂਪ ਦੇਣ ਵੇਲੇ ਆਦਰਸ਼ਵਾਦ ਵਲ ਮੋੜ ਦਿੱਤਾ ਜਾਂਦਾ ਹੈ। ਪ੍ਰੇਮ ਵਿਚ ਹੁਸਨ ਦੇ ਮਹੱਤਵ ਨੂੰ ਵੀ ਪ੍ਰਵਾਨ ਕੀਤਾ ਗਿਆ ਹੈ। ਹੁਸਨ, ਅਸਲ ਵਿਚ, ਪ੍ਰੇਮ ਦੀ ਆਧਾਰ-ਭੂਮੀ ਹੈ। ਇਹੀ ਦੋ ਵਿਅਕਤੀਆਂ ਨੂੰ ਇਕ ਦੂਜੇ ਵਲ ਪ੍ਰੇਰਦਾ ਹੈ। ਹਾਸ਼ਮ ਕਵੀ ਨੇ ਲਿਖਿਆ ਹੈ :

ਦਿਲਬਰ ਦਾਮ ਵਿਛਾ ਜ਼ੁਲਫ਼ ਦੀ, ਵਿਚ ਚੋਗ ਹੁਸਨ ਦੀ ਪਾਈ।
ਦੇਖ ਖ਼ੁਰਾਕ ਜਨਾਵਰ ਦਿਲ ਦਾ, ਉਹ ਜਾ ਪਿਆ ਵਿਚ ਫਾਹੀ।

ਪ੍ਰਭਾਵ ਦੀ ਦ੍ਰਿਸ਼ਟੀ ਤੋਂ ਕਿੱਸੇ ਆਮ ਤੌਰ 'ਤੇ ਦੁਖਾਂਤ ਹੁੰਦੇ ਹਨ ਅਤੇ ਵਿਯੋਗ ਸ਼ਿੰਗਾਰ ਦੀਆਂ ਸੀਮਾਵਾਂ ਦਾ ਵਿਸਤਾਰ ਕਰੁਣ ਰਸ ਤਕ ਹੋ ਜਾਂਦਾ ਹੈ।

6) **ਛੰਦ** : ਕਿੱਸਿਆਂ ਵਿਚ ਛੰਦਾਂ ਦੀ ਵੰਨਗੀ ਦੀ ਘਾਟ ਹੈ। ਲਗਭਗ ਸਾਰੇ ਕਿੱਸਾਕਾਰਾਂ ਨੇ ਆਪਣੀ ਰਚਨਾ ਨੂੰ ਇਕੋ ਹੀ ਛੰਦ ਵਿਚ ਨਿਭਾ ਦਿੱਤਾ ਹੈ। ਦੁਵੈਯਾ, ਬੈਂਤ, ਸਦ, ਕਲੀ ਆਦਿ ਛੰਦ ਕਿੱਸਾ-ਕਾਵਿ ਵਿਚ ਅਧਿਕ ਵਰਤੇ

ਜਾਂਦੇ ਹਨ। ਪਰ ਇਨ੍ਹਾਂ ਵਿਚੋਂ ਵੀ ਬੈਂਤ ਦੀ ਪ੍ਰਧਾਨਤਾ ਹੈ ਕਿਉਂਕਿ ਇਸ ਛੰਦ ਵਿਚਲੀ ਸੰਗੀਤਾਤਮਕਤਾ ਅਤੇ ਲੰਮੀ ਸੁਰ ਕਿੱਸੇ ਦੇ ਬ੍ਰਿਤਾਂਤ ਨੂੰ ਬਹੁਤ ਅਨੁਕੂਲ ਬੈਠਦੀ ਹੈ, ਉਂਜ ਸਾਧਾਰਣ ਪੱਧਰ ਦੇ ਕਵੀਆਂ ਨੇ ਬੈਂਤ ਦੀ ਵਰਤੋਂ ਕੇਵਲ ਤੁਕਬੰਦੀ ਲਈ ਹੀ ਕੀਤੀ ਹੈ। ਮਹਾਰਾਜਾ ਰਣਜੀਤ ਸਿੰਘ ਕਾਲ ਤੋਂ ਬਾਅਦ ਦੇ ਕਿੱਸਾਕਾਰਾਂ ਨੇ ਕੋਰੜਾ, ਸਵੈਯਾ, ਚੌਪਈ, ਕਬਿੱਤ, ਕਾਫੀ, ਬਿਸਨਪਦੇ, ਕੁੰਡਲੀਆ, ਡਿਓਢ ਆਦਿ ਛੰਦਾਂ ਨੂੰ ਵੀ ਵਰਤਿਆ ਹੈ। ਪਰ ਕਿੱਸਾ-ਕਾਵਿ ਲਈ ਜਿਤਨੀ ਪ੍ਰਮਾਣਿਕਤਾ ਬੈਂਤ ਨੂੰ ਮਿਲੀ ਹੈ, ਉਤਨੀ ਹੋਰ ਕਿਸੇ ਛੰਦ ਨੂੰ ਨਹੀਂ ਮਿਲੀ।

ਕਿੱਸਾਕਾਰਾਂ ਨੇ ਹਰ ਛੰਦ ਦੇ ਅੰਤ ਉਤੇ ਆਪਣੀ ਕਵੀ-ਛਾਪ ਜਾਂ ਉਪਨਾਮ ਵਰਤਿਆ ਹੈ।

7) **ਭਾਸ਼ਾ ਸ਼ੈਲੀ** : ਕਿੱਸਾਕਾਰ ਚੂੰਕਿ ਲੋਕ ਕਵੀ ਹੁੰਦੇ ਹਨ, ਇਸ ਲਈ ਉਨ੍ਹਾਂ ਦੀ ਭਾਸ਼ਾ ਦਾ ਲੋਕ-ਪੱਧਰ ਦਾ ਹੋਣਾ ਸੁਭਾਵਿਕ ਹੈ। ਇਨ੍ਹਾਂ ਵਿਚ ਵਰਤੀ ਆਮ ਭਾਸ਼ਾ ਦਾ ਰੂਪ ਕੇਂਦਰੀ ਪੰਜਾਬੀ ਵਾਲਾ ਹੈ, ਪਰ ਕਿਸੇ-ਕਿਸੇ ਰਚਨਾ ਵਿਚ ਲਹਿੰਦੀ ਉਪਭਾਸ਼ਾ ਦੀ ਵਰਤੋਂ ਵੀ ਹੋਈ ਹੈ ਜਿਵੇਂ ਦਮੋਦਰ ਦੀ 'ਹੀਰ' ਵਿਚ। ਉਂਜ ਲਹਿੰਦੀ ਦੀ ਸ਼ਬਦਾਵਲੀ ਅਤੇ ਵਿਆਕਰਣ ਦਾ ਪ੍ਰਭਾਵ ਤਾਂ ਅਕਸਰ ਹਰ ਕਿੱਸੇ ਵਿਚ ਵੇਖਿਆ ਜਾ ਸਕਦਾ ਹੈ। ਫ਼ਾਰਸੀ ਅਤੇ ਅਰਬੀ ਭਾਸ਼ਾਵਾਂ ਦੀ ਸ਼ਬਦਾਵਲੀ ਦੀ ਕਿੱਸਿਆਂ ਵਿਚ ਭਰਮਾਰ ਹੈ, ਖਾਸ ਕਰਕੇ ਉਨ੍ਹਾਂ ਕਿੱਸਿਆਂ ਵਿਚ ਜੋ ਮੁਸਲਮਾਨ ਕਵੀਆਂ ਦੁਆਰਾ ਲਿਖੇ ਹਨ। ਅਸਲ ਵਿਚ, ਜਦੋਂ ਪੰਜਾਬੀ ਵਿਚ ਕਿੱਸੇ ਲਿਖੇ ਜਾਣੇ ਸ਼ੁਰੂ ਹੋਏ ਉਦੋਂ ਦੇਸ਼ ਵਿਚ ਮੁਗ਼ਲ ਸਰਕਾਰ ਕਾਇਮ ਸੀ ਅਤੇ ਰਾਜ ਭਾਸ਼ਾ ਫ਼ਾਰਸੀ ਹੀ ਸੀ। ਅਧਿਕਤਰ ਕਥਾਨਕ ਸਾਮੀ ਦੇਸ਼ਾਂ ਦੀਆਂ ਪ੍ਰੀਤ-ਕਥਾਵਾਂ 'ਤੇ ਆਧਾਰਿਤ ਸਨ, ਅਤੇ ਉਥੋਂ ਦੇ ਸਭਿਆਚਾਰ ਨੂੰ ਹੀ ਵਧੇਰੇ ਚਿਤਰਿਆ ਗਿਆ ਸੀ। ਅਰਬੀ-ਫ਼ਾਰਸੀ ਦੇ ਸ਼ਬਦ ਤਦਭਵ ਅਤੇ ਤਤਸਮ ਦੋਹਾਂ ਰੂਪਾਂ ਵਿਚ ਮਿਲ ਜਾਂਦੇ ਹਨ। ਹਿੰਦੂ-ਸਿੱਖ ਕਿੱਸਾਕਾਰਾਂ ਦੀਆਂ ਰਚਨਾਵਾਂ ਵਿਚ ਭਾਰਤੀ ਵਿਰਸੇ ਦੀ ਸ਼ਬਦਾਵਲੀ ਅਧਿਕ ਹੈ। ਮਾਲਵੇ ਦੇ ਕਵੀਸ਼ਰਾਂ ਦੇ ਲਿਖੇ ਕਿੱਸਿਆਂ ਜਾਂ ਚਿੱਠਿਆਂ ਵਿਚ ਮਲਵਈ ਉਪਭਾਸ਼ਾ ਦੀ ਅਧਿਕ ਵਰਤੋਂ ਹੋਈ ਹੈ ਅਤੇ ਉਨ੍ਹਾਂ ਦਾ ਵਾਤਾਵਰਣ ਵੀ ਭਾਰਤੀ ਸਭਿਆਚਾਰ ਦੇ ਅਨੁਸਾਰੀ ਰਿਹਾ ਹੈ।

ਸ਼ੈਲੀ ਦੀ ਦ੍ਰਿਸ਼ਟੀ ਤੋਂ ਕਿੱਸਿਆਂ ਨੂੰ ਦੋ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ। ਇਕ ਉਹ ਕਿੱਸੇ ਹਨ ਜਿਨ੍ਹਾਂ ਵਿਚ ਕਥਾ ਨੂੰ ਬਹੁਤ ਵਿਸਤਾਰ ਨਾਲ ਕਿਹਾ ਗਿਆ ਹੈ ਅਤੇ ਵਿਸਥਾਰ ਦਾ ਮੂਲ ਕਾਰਣ ਵਸਤੂ-ਵਰਣਨ ਹੈ। ਹੀਰ ਵਾਰਸ ਵਿਸਤਾਰ ਵਾਲਾ ਕਿੱਸਾ ਹੈ। ਦੂਜੀ ਸ਼ੈਲੀ ਹੈ ਸੰਖੇਪ ਵਰਣਨ ਦੀ। ਕਵੀ ਸਾਗਰ ਨੂੰ ਗਾਗਰ ਵਿਚ ਭਰਨ ਦਾ ਯਤਨ ਕਰਦਾ ਹੈ। ਹਾਸ਼ਮ ਦੀ ਕਿੱਸਾ-ਸ਼ੈਲੀ ਸੰਖੇਪਤਾ ਵਾਲੀ ਹੈ।

ਜਿਨ੍ਹਾਂ ਕਿੱਸਾਕਾਰਾਂ ਨੇ ਪ੍ਰੇਮ ਦੇ ਨਿੱਜੀ ਅਨੁਭਵ ਦੇ ਆਧਾਰ ਤੇ ਕਿੱਸਾ-ਰਚਨਾ ਕੀਤੀ ਹੈ ਉਨ੍ਹਾਂ ਦੀ ਸ਼ੈਲੀ ਪ੍ਰਵਾਹਮਾਨ ਅਤੇ ਸੁਭਾਵਿਕ ਹੈ। ਹਰ ਗੱਲ ਮਨ ਉੱਤੇ ਅਸਰ ਕਰਦੀ ਹੈ। ਜਿਨ੍ਹਾਂ ਦਾ ਨਿੱਜੀ ਅਨੁਭਵ ਨਹੀਂ, ਉਨ੍ਹਾਂ ਦਾ ਸਾਰਾ ਕਥਨ ਬਨਾਵਟੀ ਹੈ, ਨਿਰਜਿੰਦ ਹੈ।

ਜਦੋਂ ਕਿੱਸਾਕਾਰਾਂ ਦੇ ਬੋਲ ਅਨੁਭਵ ਦੀ ਕੁਖ ਵਿਚੋਂ ਜਨਮ ਲੈਂਦੇ ਹਨ, ਤਾਂ ਉਨ੍ਹਾਂ ਦੇ ਲਿਖੇ ਬਹੁਤ ਸਾਰੇ ਵਾਕ ਸਤਿ-ਕਥਨਾਂ ਦਾ ਰੂਪ ਧਾਰਣ ਕਰ ਲੈਂਦੇ ਹਨ। ਅਜਿਹੇ ਕਥਨ ਬਹੁਤ ਪ੍ਰਭਾਵਸ਼ਾਲੀ ਹੁੰਦੇ ਹਨ ਅਤੇ ਕਵੀਆਂ ਦੀ ਨਿੱਜੀ ਪਛਾਣ ਰਖਦੇ ਹਨ।

**ਸਿਰਜਣ-ਵਿਧੀ**

ਕਿੱਸੇ ਦੀ ਰਚਨਾ ਦੀ ਪ੍ਰੇਰਣਾ ਆਮ ਤੌਰ 'ਤੇ ਉਸ ਵੇਲੇ ਹੁੰਦੀ ਹੈ ਜਦੋਂ ਜੀਵਨ ਵਿਚ ਭਵਿਖ ਬਾਰੇ ਚਿੰਤਾ ਘਟ ਅਤੇ ਵਰਤਮਾਨ ਦੇ ਭੋਗ ਵਲ ਜ਼ਿਆਦਾ ਹੋਵੇ :

ਵਾਰਿਸ ਸ਼ਾਹ ਮੀਆਂ ਗੰਨਾ ਜਗ ਸਾਰਾ,
ਮਜ਼ਾ ਚਖ ਲੈ ਪੋਰੀਆਂ ਪੋਰੀਆਂ ਦਾ।

ਇਸ ਤੋਂ ਇਲਾਵਾ, ਬਹੁਤ ਸਾਰੇ ਕਿੱਸਾਕਾਰ ਖੁਦ ਪ੍ਰੇਮ ਦਾ ਨਾਟਕ ਖੇਡ ਚੁਕੇ ਹੁੰਦੇ ਹਨ ਅਤੇ ਆਪਣੀਆਂ ਕੁੰਠਿਤ ਭਾਵਨਾਵਾਂ ਨੂੰ ਰੂਪਮਾਨ ਕਰਨ ਲਈ ਕਿਸੇ ਵਾਪਰੀ ਜਾਂ ਕਲਪੀ ਹੋਈ ਕਥਾ ਦਾ ਸਹਾਰਾ ਲੈ ਕੇ ਕਿੱਸਾ ਲਿਖਦੇ

ਹਨ। ਕਿੱਸਾਕਾਰ ਗੁਲਾਮ ਰਸੂਲ ਨੇ ਕਿਹਾ ਹੈ :

ਲਿਖਾਂ ਮੈਂ ਦਰਦ ਆਪਣੇ ਦਾ ਫਸਾਨਾ,
ਸੱਸੀ ਪੁੰਨੂੰ ਦਾ ਕਰ ਬਹਾਨਾ।

ਅਜ ਕਲ ਉਪਰੋਕਤ ਰਚਨਾ-ਪ੍ਰੇਰਣਾ ਕਿੱਸਿਆਂ ਦੀ ਥਾਂ 'ਤੇ ਹੋਰ ਸਾਹਿਤ-ਰੂਪਾਂ ਦੀ ਸਿਰਜਣਾ ਵਲ ਕੇਂਦਰਿਤ ਹੋ ਗਈ ਹੈ। ਕਿੱਸੇ, ਅਸਲ ਵਿਚ, ਬੀਤੇ ਯੁਗ ਦੀ ਸਾਹਿਤਿਕ ਅਭਿਵਿਅਕਤੀ ਦੇ ਸਾਧਨ ਸਨ। ਹੁਣ ਇਸ ਦੀ ਸਿਰਜਣਾ ਲਗਭਗ ਖਤਮ ਹੋ ਚੁਕੀ ਹੈ ਅਤੇ ਨਾ ਹੀ ਇਸ ਦਾ ਕੋਈ ਉਜਲਾ ਭਵਿਸ਼ ਹੈ।

ਫਿਰ ਵੀ ਕਿੱਸਾ ਲਿਖਣ ਦੀ ਵਿਧੀ ਬਾਰੇ ਕੁਝ ਸਪਸ਼ਟ ਕਰ ਦੇਣਾ ਉਚਿਤ ਹੋਵੇਗਾ। ਇਸ ਵਿਚ ਕਿਸੇ ਪ੍ਰੇਮ ਜਾਂ ਰੋਮਾਂਸ ਦੀ ਕਥਾ ਨੂੰ ਕਥਾਤਮਕ ਢੰਗ ਨਾਲ ਵਰਣਨ ਕਰਨਾ ਹੁੰਦਾ ਹੈ। ਇਸ ਦਾ ਆਰੰਭ ਮੰਗਲਾਚਰਣ (ਹਮਦ) ਨਾਲ ਕੀਤਾ ਜਾਂਦਾ ਹੈ। ਕਥਾਨਕ ਦਾ ਆਰੰਭ ਨਾਇਕ ਜਾਂ ਨਾਇਕਾ ਦੇ ਪਰਿਵਾਰ ਅਤੇ ਜਨਮ ਦੀਆਂ ਘਟਨਾਵਾਂ ਨਾਲ ਸ਼ੁਰੂ ਕਰਕੇ ਫਿਰ ਦੂਜੀ ਧਿਰ ਦੇ ਪਰਿਵਾਰ ਅਤੇ ਜਨਮ ਦੀਆਂ ਘਟਨਾਵਾਂ ਨੂੰ ਲਿਆ ਕੇ ਦੋਹਾਂ ਨੂੰ ਨੌਜਵਾਨੀ ਵੇਲੇ ਕਿਸੇ ਨਾ ਕਿਸੇ ਢੰਗ ਨਾਲ ਅਚਾਨਕ ਮਿਲਾਇਆ ਜਾਂਦਾ ਹੈ। ਬਸ ਇਥੋਂ ਹੀ ਪ੍ਰੇਮ ਦਾ ਆਖਿਆਨ ਆਰੰਭ ਹੋ ਜਾਂਦਾ ਹੈ। ਦੋਹਾਂ ਦਾ ਆਪਸ ਵਿਚ ਮਿਲਣਾ, ਇਕ ਦੂਜੇ ਉਤੇ ਨਿਛਾਵਰ ਹੋਣਾ, ਸਮਾਜ ਨੂੰ ਇਹ ਖੁਲ੍ਹ ਪ੍ਰਵਾਨ ਨਾ ਹੋਣਾ, ਦੋਹਾਂ ਨੂੰ ਮਿਲਣੋਂ ਰੋਕਣਾ, ਨਾ ਰੁਕਣ ਤੇ ਦੋਹਾਂ ਦਾ ਦੁਖਦਾਇਕ ਅੰਤ, ਆਦਿ ਘਟਨਾਵਾਂ ਇਕ ਸੂਰਤ ਵਿਚ ਪਰੋਈਆਂ ਜਾਂਦੀਆਂ ਹਨ, ਕਥਾਨਕ ਲਗਾਤਾਰ ਚਲਦਾ ਹੈ। ਇਸ ਵਿਚ ਨਾ ਕੋਈ ਸਰਗ ਹੁੰਦੇ ਹਨ, ਨਾ ਖੰਡ, ਬਸ ਸਾਰਾ ਕਥਾਨਕ ਇਕ ਇਕਾਈ ਵਾਂਗ ਵਰਣਿਤ ਹੁੰਦਾ ਹੈ। ਲੋੜ ਅਨੁਸਾਰ ਕੋਈ-ਕੋਈ ਕਵੀ ਨਿੱਕੇ-ਨਿੱਕੇ ਉਪਸਿਰਲੇਖ ਦੇ ਕੇ ਕਥਾ-ਪ੍ਰਸੰਗਾਂ ਨੂੰ ਸਪਸ਼ਟ ਕਰਦਾ ਜਾਂਦਾ ਹੈ। ਜਿਥੇ ਕਵੀ ਨੇ ਆਪਣੇ ਵਲੋਂ ਕੁਝ ਕਹਿਣਾ ਹੁੰਦਾ ਹੈ, ਉਥੇ ਕਲਾਮ-ਸ਼ਾਇਰ ਜਾਂ ਇਸ ਪ੍ਰਕਾਰ ਦੀ ਕੋਈ ਹੋਰ ਵਿਅਕਤੀ-ਸੂਚਕ ਉਕਤੀ ਵਰਤੀ ਜਾਂਦੀ ਹੈ।

ਇਸ ਤਰ੍ਹਾਂ ਕਿੱਸਾ ਕਿਸੇ ਖਾਸ ਰਚਨਾ-ਮਰਯਾਦਾ ਜਾਂ ਯੋਜਨਾ ਨੂੰ ਅਪਣਾ ਕੇ ਨਹੀਂ ਚਲਦਾ। ਆਮ ਤੌਰ ਤੇ ਕਿੱਸਾਕਾਰ ਇਕੋ ਛੰਦ ਵਿਚ ਹੀ ਆਪਣੀ ਰਚਨਾ ਨਿਬੇੜ ਦਿੰਦਾ ਹੈ। ਉਸ ਨੂੰ ਬਾਰ ਬਾਰ ਛੰਦ ਬਦਲਣ ਦੀ ਲੋੜ ਨਹੀਂ ਪੈਂਦੀ। ਵਿਵਰਣਾਤਮਕ ਰਚਨਾ ਹੋਣ ਕਾਰਣ ਲੰਮੇ ਛੰਦਾਂ ਦੀ ਵਰਤੋਂ ਕੀਤੀ ਜਾਂਦੀ ਹੈ। ਬੈਂਤ ਅਤੇ ਦੁਵੈਯਾ ਇਸਦੇ ਕਥਾਨਕ ਦੇ ਅਨੁਕੂਲ ਛੰਦ ਹਨ। ਕਈ ਥਾਵਾਂ ਤੇ ਛੰਦਬੰਦੀ ਨਿਰੀ ਤੁਕਬੰਦੀ ਹੁੰਦੀ ਹੈ। ਇਸ ਦਾ ਕਾਰਣ ਅਭਿਆਸ ਦੀ ਘਾਟ ਹੈ।

**ਵਰਗੀਕਰਣ**

ਕਿੱਸਿਆਂ ਦਾ ਵਰਗੀਕਰਣ ਆਮ ਤੌਰ 'ਤੇ ਦੋ ਢੰਗਾਂ ਨਾਲ ਕੀਤਾ ਜਾਂਦਾ ਹੈ। ਇਕ ਵਰਗੀਕਰਣ ਦਾ ਆਧਾਰ ਉਸ ਵਿਚ ਵਰਣਿਤ ਵਿਸ਼ਾ ਹੈ। ਇਸ ਪੱਖ ਤੋਂ ਕਿੱਸਿਆਂ ਦੇ ਹੇਠ ਲਿਖੇ ਵਰਗ ਬਣਦੇ ਹਨ :

1) *ਪ੍ਰੇਮ ਪ੍ਰਧਾਨ ਕਿੱਸੇ* ਉਹ ਹਨ ਜਿਨ੍ਹਾਂ ਵਿਚ ਕੇਵਲ ਪ੍ਰੇਮ ਦੀ ਕਿਸੇ ਕਥਾ ਨੂੰ ਚਿਤਰਿਆ ਗਿਆ ਹੋਵੇ। ਹੀਰ ਰਾਂਝਾ, ਸੱਸੀ ਪੁੰਨੂ ਆਦਿ ਦੇ ਕਿੱਸੇ ਇਸੇ ਵਰਗ ਵਿਚ ਰਖੇ ਜਾਣਗੇ।
2) *ਰੋਮਾਂਸ ਪ੍ਰਧਾਨ ਕਿੱਸੇ* ਉਹ ਹਨ ਜਿਨ੍ਹਾਂ ਵਿਚ ਪ੍ਰੇਮ ਦੀ ਕਥਾ ਦੇ ਨਾਲ ਨਾਲ ਅਨੋਖੀਆ ਘਟਨਾਵਾਂ, ਕਰਾਮਾਤਾਂ ਵੀ ਸ਼ਾਮਲ ਕਰ ਲਈਆਂ ਜਾਂਦੀਆਂ ਹਨ। ਪ੍ਰੇਮ ਦੇ ਸੁਭਾਵਿਕ ਵਿਕਾਸ ਤੋਂ ਹਟ ਕੇ ਬਹੁਤੀਆਂ ਗੱਲਾਂ ਉਲਾਰ ਵਿਚ ਕੀਤੀਆਂ ਜਾਂਦੀਆਂ ਹਨ ਅਤੇ ਗ਼ੈਰ-ਮਨੁੱਖੀ ਪਾਤਰਾਂ ਨੂੰ ਵੀ ਸ਼ਾਮਲ ਕਰ ਲਿਆ ਜਾਂਦਾ ਹੈ। ਮੀਆਂ ਮੁਹੰਮਦ ਬਖਸ਼ ਦਾ ਲਿਖਿਆ ਕਿੱਸਾ 'ਸੈਫ਼ਲ ਮਲੂਕ' ਇਸੇ ਵਰਗ ਦੀ ਰਚਨਾ ਹੈ।
3) *ਫੁਟਕਲ ਕਿੱਸੇ :* ਉਪਰੋਕਤ ਦੋਹਾਂ ਵਰਗਾਂ ਵਿਚੋਂ ਬਚ ਰਹੇ ਕਿੱਸੇ ਇਸ ਵਰਗ ਵਿਚ ਰੱਖੇ ਜਾ ਸਕਦੇ ਹਨ। ਅਜਿਹੇ ਕਿੱਸੇ ਅਧਿਕਤਰ ਮਾਲਵੇ ਦੇ ਕਵੀਸ਼ਰਾਂ ਨੇ ਲਿਖੇ ਹਨ ਜਿਨ੍ਹਾਂ ਵਿਚ ਪ੍ਰੇਮ ਜਾਂ

ਰੋਮਾਂਸ ਦੀ ਥਾਂ ਸੂਰਮਿਆਂ ਦੀ ਬਹਾਦਰੀ, ਦੇਸ਼-ਪਿਆਰ, ਸਮਾਜ-ਸੁਧਾਰ ਆਦਿ ਵਿਸ਼ਿਆਂ ਨੂੰ ਅਧਿਕ ਉਘਾੜਿਆ ਹੁੰਦਾ ਹੈ।

ਕਿੱਸਿਆਂ ਦੇ ਵਰਗੀਕਰਣ ਦਾ ਦੂਜਾ ਆਧਾਰ ਹੈ ਉਨ੍ਹਾਂ ਵਿਚ ਵਰਣਿਤ ਕਥਾਨਕ ਦਾ ਪਿਛੋਕੜ। ਇਸ ਪੱਖੋਂ ਕਿੱਸਿਆਂ ਦੇ ਚਾਰ ਵਰਗ ਬਣਦੇ ਹਨ :

1) *ਵਿਦੇਸ਼ੀ ਕਿੱਸੇ*-ਜਿਨ੍ਹਾਂ ਕਿੱਸਿਆਂ ਵਿਚ ਵਿਦੇਸ਼ੀ ਕਥਾਵਾਂ ਹੁੰਦੀਆਂ ਹਨ, ਜਿਵੇਂ ਸ਼ੀਰੀਂ ਫਰਹਾਦ, ਲੈਲਾ ਮਜਨੂੰ, ਯੂਸਫ ਜ਼ੁਲੈਖਾਂ।
2) *ਪੰਜਾਬੀ ਕਿੱਸੇ*-ਅਜਿਹੇ ਕਿੱਸਿਆ ਦਾ ਸੰਬੰਧ ਪੰਜਾਬ ਦੀਆਂ ਲੋਕ ਪ੍ਰਸਿੱਧ ਕਥਾਵਾਂ ਨਾਲ ਹੈ, ਜਿਵੇਂ ਹੀਰ ਰਾਂਝਾ, ਮਿਰਜ਼ਾ ਸਾਹਿਬਾਂ, ਪੂਰਨ ਭਗਤ।
3) *ਭਾਰਤੀ ਕਿੱਸੇ*-ਜਿਨ੍ਹਾਂ ਕਿੱਸਿਆਂ ਦੇ ਕਥਾ-ਸਰੋਤ ਭਾਰਤੀ ਸਾਹਿਤ ਅਤੇ ਪਰੰਪਰਾਵਾਂ ਹਨ, ਜਿਵੇਂ ਰੂਪ ਬਸੰਤ, ਮਾਧਵਾਨਲ ਕਾਮਕੰਦਲਾ, ਨਲ ਦਮਯੰਤੀ।
4) *ਅੰਤਰ-ਰਾਸ਼ਟਰੀ ਕਿੱਸੇ*-ਇਸ ਪ੍ਰਕਾਰ ਦੇ ਕਿੱਸਿਆਂ ਵਿਚ ਨਾਇਕ ਅਤੇ ਨਾਇਕਾ ਵੱਖ ਵੱਖ ਦੇਸ਼ਾਂ ਜਾਂ ਵਾਤਾਵਰਣਾਂ ਨਾਲ ਸੰਬੰਧ ਰਖਦੇ ਹਨ, ਜਿਵੇਂ ਸੱਸੀ ਪੁੰਨੂੰ, ਸੋਹਣੀ ਮੇਹੀਂਵਾਲ।

ਸਚਮੁਚ ਕਿੱਸਾ-ਕਾਵਿ ਪੰਜਾਬੀ ਦੀ ਮਹੱਤਵਪੂਰਣ ਕਾਵਿ-ਧਾਰਾ ਹੈ ਕਿਉਂਕਿ ਇਸ ਦਾ ਨਿਖੜਵਾਂ ਸਰੂਪ, ਨਿਵੇਕਲੀ ਰਚਨਾ-ਵਿਧੀ ਅਤੇ ਵਖਰਾ ਹੀ ਸੰਦੇਸ਼ ਹੈ।

## ਕਾਫ਼ੀ

**ਪ੍ਰਕ੍ਰਿਤੀ**

ਜਦੋਂ ਵੀ ਕੋਈ ਨਵਾਂ ਵਿਚਾਰ ਜਾਂ ਭਾਵਨਾ ਪੈਦਾ ਹੁੰਦੀ ਹੈ ਤਾਂ ਉਸ ਨੂੰ ਸਹੀ ਰੂਪ ਵਿਚ ਪ੍ਰਗਟਾਉਣ ਲਈ ਉਸ ਦੇ ਅਨੁਸਾਰ ਕਾਵਿ-ਰੂਪ ਜਾਂ ਸ਼ੈਲੀ ਜਨਮ ਲੈਂਦੀ ਹੈ। ਸੂਫ਼ੀ ਸਾਧਨਾ ਜਜ਼ਬਿਆਂ ਦਾ ਇਕ ਨਵਾਂ ਰੂਪ, ਇਕ ਨਵਾਂ ਅਨੁਭਵ ਲੈ ਕੇ ਆਈ ਅਤੇ ਉਸ ਨੂੰ ਪ੍ਰਗਟਾਉਣ ਲਈ ਨਵਾਂ ਹੀ ਢੰਗ ਸਾਹਮਣੇ ਆਇਆ। ਇਸ ਜਜ਼ਬੇ ਵਿਚ ਵਿਯੋਗ ਦੀ ਪੀੜ ਸੀ, ਇਸ਼ਕ ਦੀ ਤੀਬਰਤਾ ਸੀ, ਇਲਾਹੀ ਵਿਸਮਾਦੀ ਰੰਗ ਸੀ, ਆਪਣੇ ਪ੍ਰੀਤਮ ਅਗੇ ਅਰਜ਼ੋਈ ਸੀ। ਇਸ ਜਜ਼ਬੇ ਲਈ ਜੋ ਢੁੱਕਵਾਂ ਰੂਪ ਸਾਹਮਣੇ ਆਇਆ, ਉਹ ਕਾਫ਼ੀ ਅਖਵਾਇਆ।

'ਕਾਫ਼ੀ' ਅਰਬੀ ਸ਼ਬਦ ਹੈ ਅਤੇ ਵਿਦਵਾਨਾ ਨੇ ਇਸ ਦੇ ਅਰਥ ਭਿੰਨ ਭਿੰਨ ਢੰਗ ਨਾਲ ਕੀਤੇ ਹਨ-ਅਗੇ-ਅਗੇ ਚਲਣ ਵਾਲਾ, ਲੋੜ ਪੂਰੀ ਕਰਨ ਵਾਲਾ, ਕਫਾਇਤ ਕਰਨ ਵਾਲਾ, ਵਾਰ-ਵਾਰ ਆਉਣਾ।

ਕਾਵਿ-ਖੇਤਰ ਵਿਚ ਭਾਈ ਕਾਨ੍ਹ ਸਿੰਘ ਅਨੁਸਾਰ 'ਕਾਫ਼ੀ' ਛੰਦ ਦਾ ਉਹ ਪਦ ਹੈ, ਜੋ ਸਥਾਈ (ਰਹਾਉ) ਹੋਵੇ, ਜਿਸ ਪਿਛੋਂ ਹੋਰ ਤੁਕਾਂ ਗਾਯਨ ਸਮੇਂ ਜੋੜੀਆਂ ਜਾਣ, ਅਤੇ ਜੋ ਬਾਰ ਬਾਰ ਗੀਤ ਦੇ ਤਾਲ ਬਿਸਰਾਮ ਪਰ ਆਵੇ। ਇਹ ਕੋਈ ਛੰਦ ਦੀ ਖਾਸ ਜਾਤਿ ਨਹੀਂ ਹੈ।

ਕੁਝ ਵਿਦਵਾਨਾ ਨੇ ਕਾਫ਼ੀ ਨੂੰ ਇਕ ਰਾਗਨੀ ਵੀ ਲਿਖਿਆ ਹੈ। ਪਰ ਕਾਫ਼ੀਆਂ ਦੇ ਰਾਗਾਂ ਵਿਚ ਲਿਖੇ ਹੋਣ ਕਾਰਣ ਇਸ ਨੂੰ ਰਾਗਨੀ ਕਹਿ ਸਕਣਾ ਸਰਲ ਨਹੀਂ ਹੈ।

**ਪਰਿਭਾਸ਼ਾ**

ਕਾਫ਼ੀ ਗਾਉਣ ਲਈ ਲਿਖੀ ਇਕ ਅਜਿਹੀ ਕਾਵਿ-ਰਚਨਾ ਹੈ ਜਿਸ ਲਈ ਕੋਈ ਵਿਸ਼ੇਸ਼ ਛੰਦ ਨਿਸ਼ਚਿਤ ਨਹੀਂ ਹੈ ਅਤੇ ਉਹ ਕਿਸੇ ਵੀ ਰਾਗ ਵਿਚ ਗਾਈ ਜਾ ਸਕਦੀ ਹੈ। ਸੰਗੀਤਮਈ ਹੋਣਾ ਇਸ ਦੀ ਬੁਨਿਆਦੀ ਲੋੜ ਹੈ। ਜਜ਼ਬੇ ਦੀ ਤੀਬਰਤਾ ਇਸ ਦੀ ਜਿੰਦ-ਜਾਨ ਹੈ।

**ਤੱਤ**

ਕਾਫੀ ਦੇ ਤੱਤਾਂ ਦਾ ਵੇਰਵਾ ਇਸ ਪ੍ਰਕਾਰ ਹੈ :

1) *ਰਹੱਸਵਾਦੀ ਅਨੁਭਵ* 'ਕਾਫ਼ੀ' ਦਾ ਪਹਿਲਾ ਤੱਤ ਹੈ। ਚੂੰਕਿ ਇਸ ਦਾ ਆਰੰਭ ਸੂਫ਼ੀ ਕਵੀਆਂ ਤੋਂ ਹੋਇਆ,

ਇਸ ਲਈ ਅਧਿਆਤਮਿਕ ਵਿਸ਼ੇ ਅਤੇ ਰਹੱਸਵਾਦੀ ਅਨੁਭਵ ਤੋਂ ਬਿਨਾ ਇਹ ਸਖਣੀ ਪ੍ਰਤੀਤ ਹੁੰਦੀ ਹੈ।

2) *ਲਹਿੰਦੀ ਉਪਭਾਸ਼ੀ ਨੁਹਾਰ* ਇਸ ਦਾ ਦੂਜਾ ਤੱਤ ਹੈ। ਸ਼ੁਰੂ ਦੇ ਸੂਫੀ ਫ਼ਕੀਰ ਅਧਿਕਤਰ ਮੁਲਤਾਨ ਦੇ ਇਲਾਕੇ ਵਿਚ ਆ ਕੇ ਰਹੇ ਸਨ। ਇਸ ਲਈ ਪੰਜਾਬੀ ਵਿਚ ਕਾਫ਼ੀ ਲਹਿੰਦੀ ਭਾਸ਼ਾ ਵਿਚ ਲਿਖੀ ਜਾਣੀ ਸ਼ੁਰੂ ਹੋਈ। ਫਿਰ ਉਸੇ ਦਾ ਪ੍ਰਭਾਵ ਬਾਅਦ ਦੇ ਕਾਫ਼ੀਕਾਰਾਂ ਨੇ ਗ੍ਰਹਿਣ ਕੀਤਾ।

3) *ਰਾਗਾਤਮਕਤਾ* ਕਾਫ਼ੀ ਦਾ ਤੀਜਾ ਤੱਤ ਹੈ। ਇਹ ਸੂਫ਼ੀ ਫ਼ਕੀਰਾਂ ਦੀਆਂ ਮਜਲਸਾਂ ਦੀ ਜੰਮ-ਪਲ ਹੈ। ਵਜਦ ਅਤੇ ਆਵੇਸ਼ ਵਿਚ ਸਰਲ ਮਨ ਦਾ ਨਿਰਛਲ ਪ੍ਰਗਟਾਵਾ ਕਿਸੇ ਖਾਸ ਛੰਦ ਨੂੰ ਨਾ ਅਪਣਾਉਂਦਾ ਹੋਇਆ ਵੀ ਸੰਗੀਤ ਦਾ ਸੁੰਦਰ ਮਾਹੌਲ ਪੈਦਾ ਕਰ ਦਿੰਦਾ ਹੈ।

4) *ਸਮੂਹ ਲਈ ਪ੍ਰੇਰਣਾ* ਦਾ ਹੋਣਾ ਕਾਫ਼ੀ ਦਾ ਚੌਥਾ ਤੱਤ ਹੈ। ਇੱਥੋਂ ਤਕ ਕਿ ਇਨ੍ਹਾਂ ਨੂੰ ਜਨ-ਸਮੂਹ ਵਿਚ ਹੀ ਗਾਇਆ ਜਾਂਦਾ ਹੈ। ਇਸ ਲਈ ਇਨ੍ਹਾਂ ਨੂੰ ਸਮੂਹ-ਗਾਨ ਦਾ ਨਾਂ ਵੀ ਦਿੱਤਾ ਜਾਂਦਾ ਹੈ। ਸੂਫ਼ੀ ਫ਼ਕੀਰ ਪ੍ਰੇਮ ਰਸ ਨਾਲ ਭਰੀਆਂ ਕਾਫ਼ੀਆਂ ਗਾਉਣ ਵੇਲੇ ਵਜਦ ਵਿਚ ਆ ਕੇ ਨਚ ਉਠਦੇ ਸਨ ਅਤੇ ਮੁੱਖ ਸੂਫ਼ੀ ਉਚੀ ਸੁਰ ਵਿਚ ਪਹਿਲਾਂ ਰੱਬ ਦੇ ਪਿਆਰ ਦਾ ਕੋਈ ਗੀਤ ਗਾਉਂਦਾ ਸੀ ਅਤੇ ਬਾਕੀ ਸਿਰ ਹਿਲਾ ਹਿਲਾ ਕੇ ਤਾਲ ਦਿੰਦੇ ਰਹਿੰਦੇ ਸਨ। ਪਰ ਜਦੋਂ ਬੰਦ ਦੀ ਅੰਤਲੀ ਤੁਕ ਆਉਂਦੀ ਤਾਂ ਸਾਰੇ ਉਸ ਨੂੰ ਰਲ ਕੇ ਗਾਉਂਦੇ ਸਨ।

**ਸਿਰਜਣ-ਵਿਧੀ**

ਕਾਫ਼ੀ ਦੀ ਸਿਰਜਣ-ਵਿਧੀ ਦੀ ਕੋਈ ਸੀਮਾ ਨਿਸ਼ਚਿਤ ਨਹੀਂ ਕੀਤੀ ਜਾ ਸਕਦੀ। ਅਸਲ ਵਿਚ, ਜਦੋਂ ਅਨੁਭਵ ਦੀ ਸ਼ਿਦਤ ਹੋ ਜਾਂਦੀ ਹੈ ਤਾਂ ਕਵੀ ਆਪਣੀ ਗੱਲ ਕਹਿਣ ਲਈ ਬੇਸਬਰਾ ਹੋ ਜਾਂਦਾ ਹੈ। ਉਹ ਕਿਵੇਂ ਕਹਿੰਦਾ ਹੈ, ਇਹ ਉਸ ਦਾ ਆਪਣਾ ਨਿਜੀ ਅੰਦਾਜ਼ ਹੈ। ਇਸ ਲਈ ਕਾਫ਼ੀ ਦਾ ਕੋਈ ਖਾਸ ਪੈਟਰਨ ਨਿਸ਼ਚਿਤ ਨਹੀਂ ਕੀਤਾ ਜਾ ਸਕਦਾ। ਆਮ ਤੌਰ ਤੇ ਪਹਿਲਾਂ ਕਵੀ ਟੇਕ ਦੀ ਤੁਕ ਰਚ ਲੈਂਦਾ ਹੈ ਅਤੇ ਫਿਰ ਉਸ ਦੁਆਲੇ ਆਪਣੀਆਂ ਭਾਵਨਾਵਾਂ ਨੂੰ ਸਿਰਜਦਾ ਹੈ। ਇਹ ਭਾਵਨਾ ਦੋ ਦੋ, ਤਿੰਨ ਤਿੰਨ, ਚਾਰ ਚਾਰ ਤੁਕਾਂ ਦੀਆਂ ਹੁੰਦੀਆਂ ਹਨ ਅਤੇ ਟੇਕ ਵਾਲੀ ਤੁਕ ਇਨ੍ਹਾਂ ਦੇ ਅੰਤ ਉਤੇ ਆਉਂਦੀ ਹੈ। ਤੁਕਾਂ ਦੀ ਗਿਣਤੀ ਦੇ ਹਿਸਾਬ ਨਾਲ ਇਨ੍ਹਾਂ ਦੇ ਨਾਂ ਵੀ ਰਖੇ ਜਾਂਦੇ ਹਨ, ਜਿਵੇਂ ਮੁਸਲਸ ਕਾਫ਼ੀ, ਮੁਰਬਾ ਕਾਫ਼ੀ, ਮੁਸਦਸ ਕਾਫ਼ੀ।

ਪਰ ਸੱਚ ਤਾਂ ਇਹ ਹੈ ਕਿ ਕਾਫ਼ੀ ਮੁਕਤਕ ਕਾਵਿ ਹੈ ਅਤੇ ਮੁਕਤਕ ਕਾਵਿ ਦਾ ਰਚਨਾ-ਵਿਧਾਨ ਹਰ ਕਵੀ ਦਾ ਆਪਣਾ ਨਿਵੇਕਲਾ ਹੁੰਦਾ ਹੈ। ਵੇਖਣੀ ਤਾਂ ਕੇਵਲ ਉਸ ਵਿਚ ਭਾਵਨਾ ਜਾਂ ਅਨੁਭੂਤੀ ਦੀ ਤੀਬਰਤਾ ਹੈ ਅਤੇ ਉਸ ਨੂੰ ਕਾਫ਼ੀ ਰਚਨਾ-ਵਿਧਾਨ ਕਿਥੋਂ ਤਕ ਸਫ਼ਲਤਾ ਪੂਰਵਕ ਸਿਰੇ ਚੜ੍ਹਾ ਸਕਿਆ ਹੈ।

**ਵਰਗੀਕਰਣ**

ਪੰਜਾਬੀ ਵਿਚ ਕਾਫ਼ੀ ਸੂਫ਼ੀ ਕਵੀਆਂ ਦੀ ਦੇਣ ਹੈ। ਬਾਬਾ ਫ਼ਰੀਦ ਦੇ ਨਾਂ 'ਤੇ ਵੀ ਕਾਫ਼ੀ ਉਪਲਬਧ ਹੈ। ਕਈ ਗੁਰੂ ਸਾਹਿਬਾਨ ਨੇ ਵੀ ਕਾਫ਼ੀਆਂ ਰਚੀਆਂ ਹਨ। ਗੁਰਮਤਿ ਵਿਚ ਕਾਫ਼ੀ ਰਚਣ ਦੀ ਪਰੰਪਰਾ ਗੁਰੂ ਨਾਨਕ ਸਾਹਿਬ ਨੇ ਤਿੰਨ ਕਾਫ਼ੀਆਂ ਰਚ ਕੇ ਕੀਤੀ। ਸ਼ਾਹ ਹੁਸੈਨ, ਬੁਲ੍ਹੇ ਸ਼ਾਹ ਆਦਿ ਸੂਫ਼ੀ ਕਵੀਆਂ ਤੋਂ ਇਲਾਵਾ ਕਈ ਹਿੰਦੂ ਭਗਤਾਂ ਅਤੇ ਸੂਫ਼ੀ ਰੁਚੀ ਵਾਲੇ ਕਵੀਆਂ ਨੇ ਵੀ ਬਹੁਤ ਸਾਰੀਆਂ ਕਾਫ਼ੀਆਂ ਲਿਖੀਆਂ। ਇਸ ਤਰ੍ਹਾਂ ਸੂਫ਼ੀ ਰਹੱਸਵਾਦੀ ਅਨੁਭਵ ਤੋਂ ਇਲਾਵਾ ਕਾਫ਼ੀਆਂ ਦਾ ਵਿਸ਼ੇ-ਖੇਤਰ ਹੋਰ ਵਿਆਪਕ ਹੋ ਗਿਆ। ਇਸ ਲਈ ਇਨ੍ਹਾਂ ਵਿਚ ਕਈ ਪ੍ਰਕਾਰ ਦੇ ਭੇਦ ਕੀਤੇ ਜਾਣ ਲਗੇ। ਕੁਝ ਕੁ ਪ੍ਰਮੁਖ ਵਰਗ ਇਸ ਪ੍ਰਕਾਰ ਹਨ :

1) ***ਰਹੱਸਵਾਦੀ ਕਾਫ਼ੀਆਂ*** ਉਹ ਹਨ ਜਿਨ੍ਹਾਂ ਵਿਚ ਸੂਫ਼ੀ ਰਹੱਸਵਾਦੀ ਅਨੁਭਵ ਪ੍ਰਗਟਾਇਆ ਗਿਆ ਹੋਵੇ। ਇਹ ਅਧਿਕਤਰ ਸੂਫ਼ੀ ਕਵੀਆਂ ਦੀਆਂ ਲਿਖੀਆਂ ਹੋਈਆਂ ਹਨ।

2) ***ਉਪਦੇਸ਼ਾਤਮਕ ਕਾਫ਼ੀਆਂ*** ਵਿਚ ਜਿਗਿਆਸੂਆਂ ਨੂੰ ਉਦੇਸ਼ ਦੇ ਕੇ ਚੰਗੇ ਮਾਰਗ ਉਤੇ ਚਲਣ ਦੀ ਗੱਲ ਕਹੀ ਜਾਂਦੀ ਹੈ।

3) ***ਪ੍ਰੇਮ ਪ੍ਰਧਾਨ ਕਾਫ਼ੀਆ*** ਵਿਚ ਪ੍ਰੇਮ ਦੇ ਸੱਚੇ ਸੁੱਚੇ ਰੂਪ ਨੂੰ ਰੂਪਾਇਤ ਕੀਤਾ ਜਾਂਦਾ ਹੈ।

4) ***ਸਮਾਜਿਕ ਕਾਫ਼ੀਆਂ*** ਉਹ ਹਨ ਜਿਨ੍ਹਾਂ ਵਿਚ ਅਧਿਆਤਮਿਕਤਾ ਦੇ ਨਾਲ ਨਾਲ ਮਨੁੱਖ ਦੇ ਸਮਾਜਿਕ ਜੀਵਨ ਨੂੰ ਸੁਧਾਰਨ ਦਾ ਉਪਦੇਸ਼ ਦਰਜ ਹੁੰਦਾ ਹੈ। ਸਮੁੱਚੇ ਤੌਰ ਤੇ ਪ੍ਰੇਮ ਰਸ ਵਿਚ ਗੜੂੰਦ ਕਾਫ਼ੀਆਂ ਦੇਸੀ ਉਪਮਾਨਾਂ, ਪ੍ਰਸੰਗਾਂ, ਰੂਪਕਾਂ ਨਾਲ ਭਰਪੂਰ ਮਨੁੱਖੀ ਮਨ ਦੇ ਜਜ਼ਬੇ ਨੂੰ ਬੜੀ ਤੀਬਰਤਾ ਨਾਲ ਪੇਸ਼ ਕਰਨ ਵਾਲੀਆਂ ਕਾਵਿ ਰਚਨਾਵਾਂ ਹਨ।

## ਨਿਬੰਧ

ਸੰਸਕ੍ਰਿਤ ਦੇ ਵਿਦਵਾਨਾਂ ਨੇ ਸਾਹਿਤ ਨੂੰ ਮਨੁੱਖੀ ਹਿੱਤਾਂ ਦਾ ਸਮਰਥਕ ਮੰਨਿਆ ਤੇ ਉਸ ਵਿਚ 'ਸਤਿਅਮ, ਸ਼ਿਵਮ, ਸੁੰਦਰਮ' ਵਿਸ਼ੇਸ਼ਤਾਵਾਂ ਦੀ ਹੋਂਦ ਦੀ ਜ਼ਰੂਰਤ ਨੂੰ ਸਵੀਕਾਰ ਕੀਤਾ ਹੈ। ਸਾਹਿਤ ਵਿਚ ਇਹਨਾਂ ਵਿਸ਼ੇਸ਼ਤਾਵਾਂ ਦਾ ਪ੍ਰਗਟਾਵਾ ਅਜਿਹੇ ਸੁੰਦਰ ਢੰਗ ਨਾਲ ਕੀਤਾ ਜਾਂਦਾ ਹੈ ਕਿ ਉਹ ਸੁਹਜ ਦਿੰਦਾ ਹੈ ਤੇ ਮਨੁੱਖੀ ਮਨ ਨੂੰ ਸ਼ਕਤੀਸ਼ਾਲੀ ਪ੍ਰੇਰਨਾ ਬਖਸ਼ਦਾ ਹੈ।

ਭਾਵੇਂ ਵਿਆਪਕ ਅਰਥਾਂ ਵਿਚ ਗਿਆਨ, ਵਿਗਿਆਨ, ਮਨੋਵਿਗਿਆਨ, ਅਰਥ-ਸ਼ਾਸਤਰ, ਇਤਿਹਾਸ, ਰਾਜਨੀਤੀ, ਧਰਮ ਤੇ ਨੈਤਿਕ ਸ਼ਾਸਤਰ ਦੀਆਂ ਰਚਨਾਵਾਂ ਵੀ ਸਾਹਿਤ ਹੀ ਗਿਣੀਆਂ ਜਾਂਦੀਆਂ ਹਨ ਪਰ ਇਹ ਸਾਰੀਆਂ ਰਚਨਾਵਾਂ ਨਿਰੋਲ ਸਾਹਿਤ ਦੇ ਖੇਤਰ ਵਿਚ ਨਹੀਂ ਆਉਂਦੀਆਂ, ਕਿਉਂਕਿ ਜਿੱਥੇ ਵਿਗਿਆਨ ਸੱਚ ਸਥੂਲ ਹੁੰਦਾ ਹੈ, ਉੱਥੇ ਕਾਵਿਕ-ਸੱਚ ਤਰਲ ਤੇ ਸੂਖਮ ਹੁੰਦਾ ਹੈ। ਕਾਵਿਕ-ਸੱਚ ਵਿਚ ਭਾਵਾਂ ਦੀ ਤਰਲਤਾ ਅਤੇ ਕਲਪਨਾ ਦੀ ਸੂਖਮਤਾ ਰਲੀ ਹੁੰਦੀ ਹੈ।

ਸਾਹਿਤ ਨੂੰ ਮੁੱਖ ਤੌਰ ਤੇ ਦੋ ਵਰਗਾਂ ਵਿਚ ਵੰਡਿਆ ਜਾਂਦਾ ਹੈ :

1. ਪਦ 2. ਗੱਦ

ਕਵਿਤਾ ਆਮ ਤੌਰ ਤੇ ਛੰਦ-ਬੱਧ ਸਾਹਿਤਕ ਰਚਨਾ ਹੁੰਦੀ ਹੈ ਜਿਸ ਵਿਚ ਬੁੱਧੀ ਦੀ ਥਾਂ ਭਾਵਾਂ ਦੀ ਪ੍ਰਧਾਨਤਾ ਹੁੰਦੀ ਹੈ। ਇਸ ਕਾਰਨ ਕਵਿਤਾ ਨੂੰ ਭਾਵਾਂ ਦੀ ਰਾਣੀ ਕਿਹਾ ਗਿਆ ਹੈ। ਇਸ ਦੇ ਉਲਟ ਵਾਰਤਕ ਜਾਂ ਗੱਦ ਸਾਧਾਰਣ ਬੋਲ ਚਾਲ ਦੀ ਭਾਸ਼ਾ ਵਿਚ ਕੀਤੀ ਹੋਈ ਇਕ ਛੰਦ-ਰਹਿਤ ਰਚਨਾ ਹੁੰਦੀ ਹੈ ਜਿਸ ਵਿਚ ਭਾਵਾਂ ਦੀ ਥਾਂ ਬੁੱਧੀ ਤੇ ਦਲੀਲ ਦੀ ਪ੍ਰਧਾਨਤਾ ਹੁੰਦੀ ਹੈ। ਜਿਥੇ ਕਾਵਿ ਦੀ ਰਚਨਾ ਕਰਨ ਵਾਲਾ ਲੇਖਕ ਲੈਅ ਤਾਲ ਅਤੇ ਰਿਦਮ ਆਦਿ ਦਾ ਵਿਸ਼ੇਸ਼ ਤੌਰ ਤੇ ਧਿਆਨ ਰੱਖਦਾ ਹੈ, ਉੱਥੇ ਵਾਰਤਕ ਜਾਂ ਗੱਦ ਲੇਖਕ ਨੂੰ ਇਸ ਤਰ੍ਹਾਂ ਦੀ ਪਾਬੰਦੀ ਸਵੀਕਾਰ ਕਰਨ ਦੀ ਜ਼ਰੂਰਤ ਨਹੀਂ। ਲੈਅ, ਸੁਰ ਤਾਲ ਤੇ ਤੁਕਾਂਤ ਪੈਦਾ ਕਰਨ ਅਰਥਾਤ ਕਾਵਿਕ ਵਾਯੂ ਮੰਡਲ ਉਤਪੰਨ ਕਰਨ ਲਈ ਕਾਵਿਕ ਰਚਨਾ ਵਿਚ ਸ਼ਬਦ ਜੜਤ ਅਤੇ ਪਿੰਗਲ ਦਾ ਵਿਸ਼ੇਸ਼ ਧਿਆਨ ਰਖਣਾ ਪੈਂਦਾ ਹੈ। ਇਸ ਪ੍ਰਕਾਰ ਕਾਵਿ ਵਿਚ ਬਿੰਬਾਂ, ਪ੍ਰਤੀਕਾਂ ਅਤੇ ਅਲੰਕਾਰ ਦੀ ਹੋਂਦ ਜ਼ਰੂਰੀ ਹੋ ਜਾਂਦੀ ਹੈ। ਲੈਅ, ਤਾਲ, ਤੋਲ ਅਤੇ ਤੁਕਾਂਤ ਦੀ ਹੋਂਦ ਸਦਕਾ ਕਾਵਿਕ ਰਚਨਾਵਾਂ ਵਿਚ ਗੱਦ-ਰਚਨਾਵਾਂ ਦੇ ਟਾਕਰੇ ਤੇ ਵਧੇਰੇ ਰਸ ਪੈਦਾ ਹੋ ਜਾਂਦਾ ਹੈ।

ਵਾਰਤਕ ਨੂੰ ਭਾਸ਼ਾ ਦੇ ਵਿਆਕਰਣ ਦੇ ਨਿਯਮਾਂ ਦੀ ਪਾਲਣਾ ਕਰਨ ਦੀ ਵੀ ਮਜਬੂਰੀ ਹੁੰਦੀ ਹੈ ਪਰ ਕਵਿਤਾ ਇਨ੍ਹਾਂ ਵਿਆਕਰਣ ਨਿਯਮਾਂ ਦੀ ਕੈਦ ਤੋਂ ਮੁਕਤ ਹੈ। ਕਵਿਤਾ ਵਿਚ ਤੁਕਾਂਤ ਪੈਦਾ ਕਰਨ ਦੀ ਮਜਬੂਰੀ ਕਾਰਨ ਕਈ ਵਾਰੀ ਸ਼ਬਦਾਂ ਨੂੰ ਭੰਨ ਤੋੜ ਕੇ ਅਜਿਹੇ ਰੂਪ ਵਿਚ ਵਰਤ ਲਿਆ ਜਾਂਦਾ ਹੈ ਜਿਹੜਾ ਰੂਪ ਵਿਆਕਰਣਕ ਤੌਰ ਤੇ ਅਸ਼ੁੱਧ ਹੁੰਦਾ ਹੈ ਪਰ ਵਾਰਤਕ ਵਿਚ ਇਸ ਪ੍ਰਕਾਰ ਦੀ ਕੋਈ ਭੰਨ ਤੋੜ ਨਹੀਂ ਕੀਤੀ ਜਾ ਸਕਦੀ।

ਭਾਵਾਂ ਤੇ ਕਲਪਨਾ ਦੀ ਬਹੁਲਤਾ ਕਾਰਨ ਕਵਿਤਾ ਨੂੰ ਦਿਲ ਦੀ ਹੂਕ ਅਤੇ ਉਸ ਦੇ ਟਾਕਰੇ ਉੱਤੇ ਵਿਚਾਰਾਂ ਤੇ ਬੁੱਧੀ ਦੀ ਬਹੁਲਤਾ ਕਰਕੇ ਵਾਰਤਕ ਨੂੰ ਦਿਮਾਗ ਦੀ ਬੋਲੀ ਆਖਿਆ ਜਾਂਦਾ ਹੈ। ਪਰ ਕਿਉਂਕਿ ਭਾਵਾਂ ਦਾ ਸਹੀ ਤੌਰ ਤੇ ਨਿਰੂਪਣ ਕਰਨ ਲਈ ਸੌ ਫੀਸਦੀ ਢੁਕਵੇਂ ਸ਼ਬਦ ਮਿਲਣੇ ਔਖੇ ਹੋ ਜਾਂਦੇ ਹਨ, ਇਸ ਲਈ ਕਵਿਤਾ ਵਿਚ ਇਨ੍ਹਾਂ ਦੇ ਭਾਵਾਂ ਨੂੰ ਸੰਕੇਤਾਂ, ਬਿੰਬਾਂ ਅਤੇ ਕਲਪਨਾ ਚਿੱਤਰਾਂ ਦੀ ਸਹਾਇਤਾ ਨਾਲ ਪ੍ਰਗਟ ਕਰਨ ਦਾ ਯਤਨ ਕੀਤਾ ਜਾਂਦਾ ਹੈ। ਇਸ ਦੇ ਫਲਸਰੂਪ ਕਵਿਤਾ ਵਿਚ ਵਿਸਥਾਰ ਦੀ ਥਾਂ ਸੰਜਮ ਅਤੇ ਫੈਲਾਅ ਦੀ ਥਾਂ ਸੰਕੋਚ ਆ ਜਾਂਦਾ ਹੈ। ਇਸ ਟਾਕਰੇ ਉੱਤੇ ਵਾਰਤਕ ਵਿਚ ਵਿਚਾਰਾਂ ਨੂੰ ਨਿਆਇ ਯੁਕਤ ਅਤੇ ਦਲੀਲ ਸਹਿਤ ਪੇਸ਼ ਕੀਤਾ ਜਾਂਦਾ ਹੈ। ਵਿਚਾਰਾਂ ਤੇ ਦਲੀਲ ਦੀ ਪੁਸ਼ਟੀ ਲਈ ਉਦਾਹਰਣ ਅਤੇ ਦ੍ਰਿਸ਼ਟਾਂਤ ਦੇਣੇ ਪੈਂਦੇ ਹਨ ਇਸ ਕਰਕੇ ਵਾਰਤਕ ਵਿਚ ਵਿਸਥਾਰ ਤੇ ਫੈਲਾਅ ਆ

ਜਾਂਦਾ ਹੈ।

ਪਿੱਛੇ ਕੀਤੀ ਵਿਚਾਰ ਤੋਂ ਕਦਾਚਿਤ ਇਹ ਨਹੀਂ ਸਮਝ ਲੈਣਾ ਚਾਹੀਦਾ ਕਿ ਨਿਰੋਲ ਬੋਲ ਚਾਲ ਵਿਚ ਵਰਤੇ ਜਾਂਦੇ ਵਾਕ ਵਾਰਤਕ ਨੂੰ ਜਨਮ ਦੇ ਸਕਦੇ ਹਨ। ਸਾਹਿਤ ਦਾ ਇਕ ਰੂਪ ਹੋਣ ਦੇ ਨਾਤੇ ਵਾਰਤਕ ਵਿਚ ਅਜਿਹੇ ਸਾਰੇ ਗੁਣ ਹੋਣੇ ਚਾਹੀਦੇ ਹਨ ਜਿਹੜੇ ਕਿਸੇ ਕਿਰਤ ਨੂੰ ਸਾਹਿਤ ਬਣਾਉਂਦੇ ਹਨ।

ਗੱਦ ਦਾ ਇਕ ਨਿਸ਼ਚਿਤ ਵਿਧਾਨ ਹੁੰਦਾ ਹੈ ਜਿਸ ਦਾ ਵਿਗਿਆਨ ਆਧਾਰ ਹੁੰਦਾ ਹੈ। ਗਿਆਨ, ਵਿਗਿਆਨ ਤੇ ਸਮਾਜਿਕ ਸ਼ਾਸਤਰ ਦੀਆਂ ਪੁਸਤਕਾਂ ਨੂੰ ਨਿਰੋਲ ਸਾਹਿਤ ਦਾ ਅੰਗ ਨਹੀਂ ਮੰਨਿਆ ਜਾਂਦਾ। ਇੱਥੇ ਇਹ ਗੱਲ ਵੀ ਇਹ ਲਿਖਣੀ ਜ਼ਰੂਰੀ ਜਾਪਦੀ ਹੈ ਕਿ ਭਾਵੇਂ ਗਿਆਨ ਤੇ ਸਮਾਜਕ ਸ਼ਾਸਤਰ ਨਾਲ ਸੰਬੰਧਤ ਰਚਨਾਵਾਂ ਆਮ ਤੌਰ ਤੇ ਵਾਰਤਕ ਵਿਚ ਲਿਖੀਆਂ ਜਾਂਦੀਆਂ ਹਨ, ਪਰ ਇਨ੍ਹਾਂ ਨੂੰ ਸਾਹਿਤਕ ਸ਼ਬਦਾਵਲੀ ਵਿਚ ਵਾਰਤਕ ਕਹਿਣਾ ਉਚਿਤ ਨਹੀਂ। ਇਸ ਕਿਸਮ ਦੀਆਂ ਰਚਨਾਵਾਂ ਨਿਰਸੰਦੇਹ ਮਨੁੱਖ ਦੀ ਬੌਧਿਕ ਸੰਤੁਸ਼ਟੀ ਕਰਦੀਆਂ ਹਨ, ਪਰ ਉਹ ਆਮ ਤੌਰ ਤੇ ਸੁਹਜ-ਸੁਆਦ ਪ੍ਰਦਾਨ ਨਹੀਂ ਕਰਦੀਆਂ ਹਨ। ਉਹ ਨਾ ਤਾਂ ਪਾਠਕ ਦੇ ਭਾਵਾਂ ਨੂੰ ਟੁੰਬਦੀਆਂ ਹਨ ਤੇ ਨਾ ਹੀ ਉਸ ਦੀ ਕਲਪਨਾ ਨੂੰ ਪ੍ਰਚੰਡ ਕਰਦੀਆਂ ਹਨ। ਇਸੇ ਕਰਕੇ ਉਹ ਸਾਹਿਤਕ ਮਾਪ ਦੰਡਾਂ ਅਨੁਸਾਰ ਸਾਹਿਤ ਦੇ ਖੇਤਰ ਵਿਚ ਨਹੀਂ ਆਉਂਦੀਆਂ, ਪਰ ਜਦੋਂ ਅਸੀਂ ਕਿਸੇ ਵਾਰਤਕ ਰਚਨਾ ਦਾ ਪਾਠ ਕਰਦੇ ਹਾਂ ਤਾਂ ਸਾਨੂੰ ਕੇਵਲ ਕਿਸੇ ਵਿਸ਼ੇ ਸੰਬੰਧੀ ਜਾਣਕਾਰੀ ਹੀ ਪ੍ਰਾਪਤ ਨਹੀਂ ਹੁੰਦੀ ਸਗੋਂ ਨਾਲ ਹੀ ਨਾਲ ਸਾਡੀ ਸੁਹਜ ਭੁੱਖ ਦੀ ਤ੍ਰਿਪਤੀ ਵੀ ਹੁੰਦੀ ਹੈ। ਇਸ ਦੇ ਨਾਲ ਹੀ ਸਾਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਜਿਨ੍ਹਾਂ ਕਿਰਤਾਂ ਦਾ ਵਿਸ਼ਾ ਭਾਵੇਂ ਵਿਗਿਆਨਕ, ਦਾਰਸ਼ਨਿਕ, ਰਾਜਨੀਤਕ, ਮਨੋਵਿਗਿਆਨਿਕ ਅਤੇ ਧਾਰਮਿਕ ਆਦਿ ਹੋਵੇ। ਜੇਕਰ ਉਨ੍ਹਾਂ ਵਿਚ ਵਿਸ਼ੇ ਦਾ ਨਿਰੂਪਣ ਸਾਹਿਤਕ ਢੰਗ ਨਾਲ ਕੀਤਾ ਗਿਆ ਹੋਵੇ ਤਾਂ ਅਜਿਹੀਆਂ ਕਿਰਤਾਂ ਸਾਹਿਤ ਦਾ ਅੰਗ ਹੁੰਦੀਆਂ ਹਨ ਤੇ ਜੇਕਰ ਉਹ ਵਾਰਤਕ ਵਿਚ ਕੀਤੀਆਂ ਗਈਆਂ ਹੋਣ ਤਾਂ ਉਨ੍ਹਾਂ ਦੀ ਵਾਰਤਕ ਸਾਹਿਤਕ ਹੁੰਦੀ ਹੈ। ਇਸ ਲਈ ਵਾਰਤਕ ਦਾ ਵਿਸ਼ਾ ਕੋਈ ਵੀ ਹੋ ਸਕਦਾ ਹੈ। ਵਿਸ਼ੇ ਦੇ ਪੱਖੋਂ ਇਸ ਉੱਤੇ ਕੋਈ ਪਾਬੰਦੀ ਨਹੀਂ ਹੈ, ਇਸ ਵਿਸ਼ੇ ਦਾ ਪ੍ਰਗਟਾ ਕਲਾਤਮਕ ਹੋਣਾ ਜ਼ਰੂਰੀ ਹੈ।

ਇਸ ਵਿਚਾਰ ਤੋਂ ਬਾਅਦ ਅਸੀਂ ਵਾਰਤਕ ਦੀ ਪਰਿਭਾਸ਼ਾ ਇਸ ਤਰ੍ਹਾਂ ਕਰ ਸਕਦੇ ਹਾਂ :-

ਵਾਰਤਕ ਸਾਹਿਤ ਦਾ ਉਹ ਰੂਪ ਹੈ ਜਿਸ ਵਿਚ ਕਿਸੇ ਵਿਸ਼ੇ ਦਾ ਪ੍ਰਗਟਾ ਸਾਧਾਰਨ ਬੋਲ ਚਾਲ ਦੇ ਨੇੜੇ ਦੀ ਭਾਸ਼ਾ ਵਿਚ ਅਜਿਹੇ ਬੌਧਿਕ ਅਤੇ ਨਿਆਇ-ਯੁਕਤ ਢੰਗ ਨਾਲ ਕੀਤਾ ਜਾਂਦਾ ਹੈ ਕਿ ਉਹ ਭਾਵਾਂ ਦੀ ਥਾਂ ਬੁੱਧੀ ਅਤੇ ਕਲਪਨਾ ਦੀ ਥਾਂ ਤਰਕ ਨੂੰ ਪ੍ਰਧਾਨਤਾ ਦੇਵੇ, ਵਿਆਕਰਣ ਨਿਯਮਾਂ ਦੀ ਪਾਲਣਾ ਕਰੇ ਪਰ ਇੰਜ ਕਰਨ ਦੇ ਬਾਵਜੂਦ ਪਾਠਕ ਨੂੰ ਸੁਹਜ-ਸੁਆਦ ਦੇਵੇ ਅਤੇ ਸਾਹਿਤ ਦੇ ਆਮ ਗੁਣਾਂ ਦਾ ਧਾਰਣੀ ਹੋਵੇ। ਸੰਖੇਪ ਵਿਚ ਗੱਦ ਦਾ ਸੰਬੰਧ ਬੁੱਧੀ ਨਾਲ ਹੈ।

ਇਸ ਪਰਿਭਾਸ਼ਾ ਦੀ ਕਸਵੱਟੀ ਤੇ ਪਰਖਿਆ ਲੈਅ, ਤਾਲ, ਤੁਕਾਂਤ ਅਤੇ ਛੰਦ ਰਹਿਤ ਰਚਨਾਵਾਂ ਜਿਹੜੀਆਂ ਕਿਸੇ ਵਿਸ਼ੇ ਦਾ ਬੌਧਿਕ ਵਿਸ਼ਲੇਸ਼ਣ ਕਰਦੀਆਂ ਹੋਈਆਂ ਸੁਹਜ ਸੁਆਦ ਵੀ ਦਿੰਦੀਆਂ ਹਨ, ਵਾਰਤਕ ਖੇਤਰ ਵਿਚ ਗਿਣੀਆਂ ਜਾਂਦੀਆਂ ਹਨ, ਜਿਵੇਂ ਪ੍ਰਸਿੱਧ ਅੰਗਰੇਜ਼ੀ ਨਾਵਲਕਾਰ ਐਚ.ਜੀ. ਵੈਲਜ਼ ਦੀਆਂ ਰਚਨਾਵਾਂ।

**ਵਾਰਤਕ ਦੇ ਤੱਤ**

ਜਿਥੇ ਕਵਿਤਾ ਦੇ ਚਾਰ ਮੁੱਖ ਤੱਤ, ਭਾਵ ਤੱਤ, ਕਲਪਨਾ ਤੱਤ, ਬੁੱਧੀ ਤੱਤ ਅਤੇ ਸ਼ੈਲੀ ਤੱਤ ਮੰਨੇ ਜਾਂਦੇ ਹਨ, ਉੱਥੇ ਗੱਦ ਵਿਚ ਹੇਠ ਲਿਖੇ ਤੱਤਾਂ ਦੀ ਹੋਂਦ ਜ਼ਰੂਰੀ ਖ਼ਿਆਲ ਕੀਤੀ ਜਾਂਦੀ ਹੈ :

1. **ਬੁੱਧੀ ਤੱਤ** : ਗੱਦ ਦੀ ਪਰਿਭਾਸ਼ਾ ਵਿਚ ਇਸ ਤੱਤ ਦਾ ਉਲੇਖ ਆ ਚੁੱਕਾ ਹੈ। ਜਿੱਥੇ ਕਵਿਤਾ ਵਿਚ ਭਾਵਾਂ ਤੇ ਕਲਪਨਾ ਨੂੰ ਪ੍ਰਧਾਨ ਸਥਾਨ ਪ੍ਰਾਪਤ ਹੈ, ਉੱਥੇ ਵਾਰਤਕ ਵਿਚ ਬੁੱਧੀ ਨੂੰ ਪ੍ਰਮੁੱਖ ਮੰਨਿਆ ਜਾਂਦਾ ਹੈ। ਵਾਰਤਕ ਵਿਚ ਵਿਸ਼ੇ ਨੂੰ ਬੌਧਿਕ ਪੱਧਰ ਤੇ ਬਿਆਨ ਕੀਤਾ ਜਾਂਦਾ ਹੈ ਤੇ ਉਸ ਦੀ ਸਪੱਸ਼ਟਤਾ ਲਈ ਦਲੀਲਾਂ ਅਤੇ ਤਰਕਾਂ ਦਾ ਸਹਾਰਾ ਲਿਆ ਜਾਂਦਾ ਹੈ। ਅਰਸਤੂ ਨੇ ਜਿੱਥੇ ਆਪਣੀ ਮਹਾਨ ਰਚਨਾ 'ਕਾਵਿ ਸ਼ਾਸਤਰ' (Poetics) ਵਿਚ ਜਿਥੇ ਮਹਾਂ-ਕਾਵਿ ਤੇ ਦੁਖਾਂਤ ਨਾਟਕ ਬਾਰੇ ਭਰਪੂਰ ਚਰਚਾ ਕੀਤੀ ਹੈ, ਉੱਥੇ ਵਿਖਿਆਨ ਸ਼ਾਸਤਰ (Rhetoric) ਸੰਬੰਧੀ ਵੀ ਕਾਫ਼ੀ ਕੁਝ

ਲਿਖਿਆ ਹੈ। ਅਸੀਂ ਆਪ ਵੇਖਦੇ ਹਾਂ ਕਿ ਵਿਖਿਆਨ ਕਰਤਾ ਵਿਖਿਆਨ ਨੂੰ ਵਧੇਰੇ ਮਨੋਰੰਜਕ, ਪ੍ਰਭਾਵਸ਼ਾਲੀ ਤੇ ਸ਼ਕਤੀਸ਼ਾਲੀ ਬਣਾਉਣ ਦਾ ਪੂਰਾ ਯਤਨ ਕਰਦੇ ਹਨ। ਇਕ ਚੰਗੇ ਵਿਖਿਆਨ ਵਿਚ ਚੰਗੀ ਵਾਰਤਕ ਦੇ ਤੱਤ ਬਹੁਤ ਸੁਹਣੀ ਤਰ੍ਹਾਂ ਸੰਮਿਲਿਤ ਹੁੰਦੇ ਹਨ।

ਵਾਰਤਕ ਕਿਉਂਕਿ ਦਿਮਾਗ ਦੀ ਬੋਲੀ ਹੈ ਇਸ ਲਈ ਉਸ ਵਿਚ ਬੁੱਧੀ ਦੀ ਪ੍ਰਧਾਨਤਾ ਦਾ ਹੋਣਾ ਕੁਦਰਤੀ ਗੱਲ ਹੈ। ਇਹ ਮੂਲ ਅੰਸ਼ ਉਸ ਨੂੰ ਸਾਹਿਤ ਦੇ ਦੂਜੇ ਪ੍ਰਮੁੱਖ ਰੂਪ - ਕਵਿਤਾ ਨਾਲੋਂ ਨਿਖੇੜਦਾ ਹੈ। ਹਰ ਵਿਚਾਰ ਨੂੰ ਯੁਕਤੀ ਮੂਲਕ ਤਾਂ ਹੀ ਪ੍ਰਗਟ ਕੀਤਾ ਜਾ ਸਕਦਾ ਹੈ ਜੇਕਰ ਲੇਖਕ ਉਸ ਨੂੰ ਆਪਣੀ ਦਿਮਾਗੀ ਟਕਸਾਲ ਵਿਚ ਪੂਰੀ ਤਰ੍ਹਾਂ ਭੰਨ ਘੜ ਲਵੇ। ਬੁੱਧੀ ਦਾ ਖੇਤਰ ਗਿਆਨ ਦਾ ਖੇਤਰ ਹੈ। ਇਸ ਲਈ ਕਈ ਵਿਦਵਾਨ ਬੁੱਧੀ-ਤੱਤ ਦੀ ਥਾਂ 'ਗਿਆਨ ਤੱਤ' ਨੂੰ ਵਾਰਤਕ ਦਾ ਜ਼ਰੂਰੀ ਤੱਤ ਸਮਝਦੇ ਹਨ। ਇਨ੍ਹਾਂ ਵਿਚ ਕੋਈ ਭਿੰਨ ਭੇਦ ਨਹੀਂ। ਗਿਆਨ ਬੁੱਧੀ ਦੇ ਸਹਾਰੇ ਹੀ ਪ੍ਰਗਟ ਹੁੰਦਾ ਹੈ। ਬੁੱਧੀ ਹੀ ਨਿਆਇ ਅਤੇ ਤਰਕ ਨੂੰ ਜਨਮ ਦਿੰਦੀ ਹੈ। ਨਿਆਇ ਅਤੇ ਤਰਕ ਦੇ ਸਹਾਰੇ ਹੀ ਵਿਸ਼ੇ ਦੇ ਪੱਖ ਅਤੇ ਉਸ ਦੇ ਵਿਰੋਧ ਵਿਚ ਦਲੀਲਾਂ ਦਿੱਤੀਆਂ ਜਾ ਸਕਦੀਆਂ ਹਨ ਤਾਂ ਜੋ ਵਿਸ਼ੇ ਨੂੰ ਹਰ ਪ੍ਰਕਾਰ ਸਪੱਸ਼ਟ ਰੂਪ ਵਿਚ ਪੇਸ਼ ਕੀਤਾ ਜਾ ਸਕੇ। ਸੰਭਵ ਜਾਂ ਅਸੰਭਵ ਦੀ ਪਛਾਣ ਬੁੱਧੀ ਤੱਤ ਰਾਹੀਂ ਹੀ ਕੀਤੀ ਜਾ ਸਕਦੀ ਹੈ। ਪੁਰਾਤਨ ਕਾਲ ਵਿਚ ਮਨੁੱਖ ਦੀ ਬੁੱਧੀ ਘੱਟ ਵਿਕਸਿਤ ਸੀ ਜਿਸ ਕਰਕੇ ਪੁਰਾਤਨ ਕਾਲ ਦੀਆਂ ਰਚਨਾਵਾਂ ਵਿਚ ਅਸੰਭਵ, ਘਟਨਾਵਾਂ, ਕਰਾਮਾਤਾਂ ਅਤੇ ਨਾ ਮੰਨਣ ਯੋਗ ਗੱਲਾਂ ਦਾ ਜ਼ਿਕਰ ਵੀ ਹੁੰਦਾ ਸੀ। ਇਨ੍ਹਾਂ ਦੇ ਫਲਸਰੂਪ ਲਿਖਤਾਂ ਵਿਚ ਕਾਵਿਕ ਅੰਸ਼ ਦੀ ਬਹੁਲਤਾ ਹੁੰਦੀ ਸੀ। ਇਹੋ ਕਾਰਨ ਹੈ ਕਿ ਉਦੋਂ ਅਜੇ ਕਵਿਤਾ ਹੀ ਹੋਂਦ ਵਿਚ ਆਈ ਸੀ। ਜਦੋਂ ਵਾਰਤਕ ਲਿਖਣੀ ਆਰੰਭ ਹੋਈ ਤਾਂ ਉਸ ਵਿਚ ਬੁੱਧੀ ਦੇ ਨਾਲ ਨਾਲ ਭਾਵਾਂ ਦੀ ਚਾਸ਼ਨੀ ਵੀ ਅਧਿਕ ਹੁੰਦੀ ਸੀ। ਇਸ ਦੇ ਪਰਿਣਾਮ ਸਰੂਪ ਪੁਰਾਤਨ ਵਾਰਤਕ ਕਾਵਿ-ਮਈ ਹੁੰਦੀ ਸੀ। ਆਧੁਨਿਕ ਕਾਲ ਵਿਚ ਵਾਰਤਕ ਵਿਚ ਬੁੱਧੀ ਤੱਤ ਨੂੰ ਸਭ ਤੋਂ ਉੱਚਾ ਸਥਾਨ ਦਿੱਤਾ ਜਾਂਦਾ ਹੈ ਤੇ ਇਹੀ ਤੱਤ ਇਸ ਸਾਹਿਤ ਰੂਪ ਤੋਂ ਕਵਿਤਾ ਨੂੰ ਵਖਰਿਆਉਂਦਾ ਹੈ। ਕਿਸੇ ਵਰਣਨਯੋਗ ਵਸਤੂ ਨੂੰ ਕ੍ਰਮ ਅਤੇ ਸੰਗਤੀ ਪ੍ਰਦਾਨ ਕਰਨਾ ਬੁੱਧੀ ਦਾ ਹੀ ਕੰਮ ਹੈ। ਇਸ ਤਰ੍ਹਾਂ ਭਾਵਾਂ ਨੂੰ ਸਪੱਸ਼ਟ ਕਰਨ ਦਾ ਕੰਮ ਵੀ ਬੁੱਧੀ ਤੱਤ ਹੀ ਕਰਦਾ ਹੈ।

ਕਵਿਤਾ ਵਿਚ ਕੋਈ ਵਿਚਾਰ ਜਾਂ ਭਾਵ ਅਸਪੱਸ਼ਟ ਜਾਂ ਧੁੰਧਲੇ ਵੀ ਰਹਿ ਜਾਇਆ ਕਰਦੇ ਹਨ ਕਿਉਂ ਜੋ ਉੱਥੇ ਭਾਵ ਤੇ ਕਲਪਨਾ ਬੁੱਧੀ ਉੱਤੇ ਭਾਰੂ ਹੁੰਦੇ ਹਨ ਪਰ ਵਾਰਤਕ ਵਿਚ ਅਸਪਸ਼ਟਤਾ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ। ਹਰ ਵਿਚਾਰ ਨੂੰ ਪੂਰੀ ਤਰ੍ਹਾਂ ਖੋਲ੍ਹ ਕੇ ਬਿਆਨ ਕਰਨਾ ਪੈਂਦਾ ਹੈ। ਜੇਕਰ ਭਾਵ ਤੇ ਕਲਪਨਾ ਦੇ ਕੁਝ ਅੰਸ਼ ਵਾਰਤਕ ਵਿਚ ਆ ਵੀ ਜਾਣ ਤਾਂ ਵੀ ਉਹ ਬੁੱਧੀ ਦੇ ਅਧੀਨ ਹੁੰਦੇ ਹਨ। ਇਸ ਲਈ ਵਾਰਤਕ ਬੁੱਧੀ ਤੱਤ ਦੇ ਸਹਾਰੇ ਪਾਠਕ ਨੂੰ ਸੌਖਿਆਂ ਹੀ ਸਮਝ ਆ ਜਾਂਦੀ ਹੈ।

2. **ਭਾਵ ਤੱਤ** : ਭਾਵੇਂ ਵਾਰਤਕ ਵਿਚ ਬੁੱਧੀ ਤੱਤ ਦਾ ਪ੍ਰਮੁੱਖ ਸਥਾਨ ਹੈ, ਪਰ ਕਿਉਂ ਜੋ ਵਾਰਤਕ ਸਾਹਿਤ ਦਾ ਇਕ ਰੂਪ ਹੈ, ਇਸ ਨੇ ਪਾਠਕ ਨੂੰ ਹਲੂਣਨਾ ਹੈ, ਇਸ ਵਿਚ ਭਾਵ - ਤੱਤ ਦੀ ਹੋਂਦ ਵੀ ਜ਼ਰੂਰੀ ਹੈ। ਇਸ ਤੱਤ ਦੀ ਮਾਤਰਾ ਏਨੀ ਕੁ ਹੋਣੀ ਚਾਹੀਦੀ ਹੈ ਕਿ ਵਾਰਤਕ ਲਿਖਾਰੀ ਦੀ ਰਚਨਾ ਪਾਠਕ ਨੂੰ ਟੁੰਬ ਸਕੇ ਅਤੇ ਉਹ ਆਪਣੇ ਮਾਨਸਿਕ ਵਿਚਾਰਾਂ ਨੂੰ ਪਾਠਕ ਨਾਲ ਇਸ ਤਰ੍ਹਾਂ ਸਾਂਝਾ ਕਰੇ ਕਿ ਪਾਠਕ ਸੁਤੇ ਸਿਧ ਹੀ ਉਨ੍ਹਾਂ ਦਾ ਪ੍ਰਭਾਵ ਕਬੂਲ ਕਰ ਸਕੇ। ਭਾਵਾਂ ਦੀ ਅਣਹੋਂਦ ਵਾਰਤਕ ਨੂੰ ਰੁੱਖੀ, ਖੁਸ਼ਕ, ਨੀਰਸ, ਨਾ ਪੜ੍ਹਨ ਯੋਗ ਤੇ ਅਕਾਊ ਬਣਾ ਸਕਦੀ ਹੈ। ਵਿਗਿਆਨ, ਅਰਥ ਸ਼ਾਸਤਰ, ਦਰਸ਼ਨ, ਮਨੋਵਿਗਿਆਨ, ਆਦਿ ਵਿਸ਼ਿਆਂ ਦੀਆਂ ਰਚਨਾਵਾਂ ਵਿਚ ਬੁੱਧੀ ਤੱਤ ਤਾਂ ਹੁੰਦਾ ਹੈ ਪਰ ਭਾਵ ਤੱਤ ਨਹੀਂ ਹੁੰਦਾ। ਇਸ ਕਰਕੇ ਇਨ੍ਹਾਂ ਖੇਤਰਾਂ ਦੀਆਂ ਰਚਨਾਵਾਂ ਨੂੰ ਸਾਹਿਤ ਖੇਤਰ ਵਿਚ ਨਹੀਂ ਗਿਣਦੇ। ਕਿਸੇ ਵਾਰਤਕ ਰਚਨਾ ਨੂੰ ਸਾਹਿਤ ਵਿਚ ਤਾਂ ਹੀ ਸਥਾਨ ਮਿਲ ਸਕਦਾ ਹੈ ਜੇਕਰ ਉਸ ਵਿਚ ਭਾਵ-ਤੱਤ ਯੋਗ ਮਾਤਰਾ ਵਿਚ ਮੌਜੂਦ ਹੋਵੇ। ਉਹ ਹੋਵੇ ਤਾਂ ਬੁੱਧੀ ਤੱਤ ਦੇ ਅਧੀਨ ਪਰ ਹੋਵੇ ਜ਼ਰੂਰ। ਉਸ ਦੀ ਹੋਂਦ ਰਚਨਾ ਨੂੰ ਨਿਰੋਲ ਬੌਧਿਕ ਨਹੀਂ ਰਹਿਣ ਦਿੰਦੀ, ਕਲਾਤਮਕ ਬਣਾ ਦਿੰਦੀ ਹੈ ਤੇ ਅਸੀਂ ਜਾਣਦੇ ਹਾਂ ਕਿ ਕਲਾਤਮਕਤਾ ਹੀ ਕਿਸੇ ਰਚਨਾ ਨੂੰ ਸਾਹਿਤ ਵਿਚ ਸਨਮਾਨ ਯੋਗ ਥਾਂ ਦਿਵਾਉਣ ਦਾ ਕਾਰਨ ਬਣਦੀ ਹੈ।

3. **ਭਾਸ਼ਾਈ ਤੱਤ** : ਵਿਚਾਰਾਂ ਤੇ ਭਾਵਾਂ ਨੂੰ ਸਪੱਸ਼ਟ ਰੂਪ ਪ੍ਰਗਟ ਕਰਨ ਲਈ ਵਾਰਤਕ ਲਿਖਾਰੀ ਨੂੰ ਭਾਸ਼ਾ ਦਾ ਸਹਾਰਾ ਲੈਣਾ ਪੈਂਦਾ ਹੈ। ਜਿਥੇ ਕਵਿਤਾ ਵਿਚ ਲੈਅ, ਤਾਲ ਤੇ ਤੁਕਾਂਤ ਦੀ ਬੰਦਸ਼ ਕਰਕੇ ਭਾਸ਼ਾ ਵਿਚ ਵਿਆਕਰਣਕ ਨਿਯਮਾਂ ਦੀ ਉਲੰਘਣਾ ਵੀ ਮੁਆਫ਼ ਕੀਤੀ ਜਾ ਸਕਦੀ ਹੈ ਉੱਥੇ ਵਾਰਤਕ ਵਿਚ ਇਹ ਛੋਟ ਨਹੀਂ ਦਿੱਤੀ ਜਾ ਸਕਦੀ। ਭਾਸ਼ਾ ਦੀ ਵਰਤੋਂ ਹੀ ਕਿਸੇ ਲਿਖਾਰੀ ਨੂੰ ਸਾਹਿਤ ਖੇਤਰ ਵਿਚ ਉੱਚਾ ਸਥਾਨ ਦਿਵਾ ਸਕਦੀ ਹੈ। ਭਾਸ਼ਾਈ ਤੱਤਾਂ ਨੂੰ ਹੇਠ ਲਿਖੇ ਉਪਲੇਖਾਂ ਅਧੀਨ ਵਿਚਾਰਿਆ ਜਾ ਸਕਦਾ ਹੈ।

(ੳ) **ਸ਼ਬਦ** : ਸ਼ਬਦ ਵਾਰਤਕ ਦੀ ਛੋਟੀ ਤੋਂ ਛੋਟੀ ਇਕਾਈ ਹੈ। ਲੇਖਕ ਨੂੰ ਭਾਸ਼ਾ ਦੇ ਸ਼ਬਦਾਂ ਤੇ ਉਨ੍ਹਾਂ ਦੇ ਅਰਥਾਂ ਦਾ ਪੂਰਾ ਪੂਰਾ ਗਿਆਨ ਹੋਣਾ ਚਾਹੀਦਾ ਹੈ। ਇਸ ਗਿਆਨ ਦੇ ਆਸਰੇ ਉਹ ਸ਼ਬਦਾਂ ਦੀ ਢੁੱਕਵੀਂ ਵਰਤੋਂ ਕਰ ਸਕਦਾ ਹੈ। ਸ਼ਬਦ ਉਹ ਕੱਚਾ ਮਸਾਲਾ ਹਨ ਜਿਨ੍ਹਾਂ ਨਾਲ ਵਾਰਤਕ ਦੀ ਇਮਾਰਤ ਦੀ ਉਸਾਰੀ ਕੀਤੀ ਜਾ ਸਕਦੀ ਹੈ। ਇਨ੍ਹਾਂ ਰਾਹੀਂ ਹੀ ਲੇਖਕ ਦੇ ਵਿਚਾਰ ਕਲਾਮਈ ਰੂਪ ਧਾਰਨ ਕਰਦੇ ਹਨ। ਬਹੁਤੇ ਪੰਡਤਾਊ, ਬੋਝਲ ਤੇ ਔਖੇ ਸ਼ਬਦਾਂ ਦੀ ਵਰਤੋਂ ਵਾਰਤਕ ਨੂੰ ਅਸਪਸ਼ਟ ਅਤੇ ਗੁੰਝਲਦਾਰ ਬਣਾ ਦਿੰਦੀ ਹੈ।

(ਅ) **ਵਾਕ ਅਤੇ ਪੈਰ੍ਹੇ** : ਸ਼ਬਦਾਂ ਦੇ ਵਿਆਕਰਣਕ ਮੇਲ ਤੋਂ ਵਾਕ ਅਤੇ ਵਾਕਾਂ ਦੀ ਲੜੀ ਤੋਂ ਪੈਰ੍ਹੇ ਬਣਦੇ ਹਨ। ਵਾਰਤਕ ਨੂੰ ਕਲਾਮਈ ਤੇ ਸਾਹਿਤਕ ਬਣਾਉਣ ਲਈ ਇਹ ਜ਼ਰੂਰੀ ਹੈ ਕਿ ਵਾਕ ਵਿਆਕਰਣਕ ਤੌਰ ਤੇ ਸ਼ੁੱਧ ਹੋਣ ਤੇ ਉਹ ਇਕ ਲੜੀ ਵਿਚ ਪਰੋਤੇ ਹੋਣ। ਵਾਰਤਕ ਰਚਨਾ ਪੈਰ੍ਹਿਆਂ ਵਿਚ ਵੰਡੀ ਹੋਵੇ ਤੇ ਹਰ ਪੈਰ੍ਹੇ ਵਿਚ ਇਕ ਮੁੱਖ ਵਿਚਾਰ ਨੂੰ ਖੋਲ੍ਹਿਆ ਗਿਆ ਹੋਵੇ। ਇਕ ਪੈਰ੍ਹੇ ਦਾ ਦੂਜੇ ਨਾਲ ਵਿਸ਼ਾਗਤ ਸੰਬੰਧ ਹੋਵੇ ਤਾਂ ਜੋ ਵਾਰਤਕ ਰਚਨਾ ਉਸ ਵਿਸ਼ੇ ਦਾ ਯੁਕਤੀ ਸੰਗਤ ਪ੍ਰਗਟਾ ਕਰ ਸਕੇ।

4. **ਸ਼ੈਲੀ ਤੱਤ** : ਵਿਚਾਰਾਂ ਅਤੇ ਭਾਵਾਂ ਨੂੰ ਲੇਖਕ ਸ਼ਬਦਾਂ ਦੇ ਮਾਧਿਅਮ ਰਾਹੀਂ ਪੇਸ਼ ਕਰਦੇ ਹਨ ਪਰ ਜਦੋਂ ਤੱਕ ਇਹ ਪੇਸ਼ਕਾਰੀ ਕਲਾਮਈ ਨਾ ਹੋਵੇ, ਵਾਰਤਕ ਸਾਹਿਤਕ ਨਹੀਂ ਬਣ ਸਕਦੀ। ਇਸ ਕਲਾਮਈ ਪ੍ਰਗਟਾ ਰਚਨਾ ਦਾ ਕੋਈ ਰੂਪ-ਵਿਧਾਨ ਹੋਣਾ ਚਾਹੀਦਾ ਹੈ। ਵਿਚਾਰਾਂ ਤੇ ਭਾਵਾਂ ਨੂੰ ਕਿਸੇ ਵਿਉਂਤ ਬੱਧ ਤਰੀਕੇ ਨਾਲ ਕਿਸੇ ਤਰਤੀਬ ਵਿਚ ਰੱਖ ਕੇ ਪ੍ਰਗਟ ਕਰਨ ਨਾਲ ਹੀ ਰਚਨਾ ਨੂੰ ਰੌਚਿਕ ਤੇ ਰਸਦਾਇਕ ਬਣਾਇਆ ਜਾ ਸਕਦਾ ਹੈ। ਇਸ ਤੱਤ ਸਦਕਾ ਹੀ ਲੇਖਕ ਦੀ ਰਚਨਾ ਨੂੰ ਦੂਜੇ ਤੋਂ ਵਖਰਿਆਇਆ ਜਾ ਸਕਦਾ ਹੈ।

**ਵਰਗੀਕਰਣ** : ਵਾਰਤਕ ਦਾ ਵਰਗੀਕਰਣ ਵਿਸ਼ਾ ਪੱਖ, ਸ਼ੈਲੀ ਪੱਖ ਅਤੇ ਉਦੇਸ਼ ਜਾਂ ਮਨੋਰਥ ਦੇ ਪੱਖ ਤੋਂ ਕੀਤਾ ਜਾ ਸਕਦਾ ਹੈ। ਇਨ੍ਹਾਂ ਅੰਗਾਂ ਦੇ ਆਧਾਰ ਤੇ ਹੀ ਵਾਰਤਕ ਦਾ ਵਰਗੀਕਰਣ ਕੀਤਾ ਜਾ ਸਕਦਾ ਹੈ।

(ੳ) **ਗਿਆਨਮਈ ਵਾਰਤਕ** : ਅਜਿਹੀ ਵਾਰਤਕ ਵਿਚ ਸਕੂਲ, ਕਾਲਜ ਦੀਆਂ ਪਾਠ-ਪੁਸਤਕਾਂ, ਨਿਬੰਧ, ਖੋਜ-ਪ੍ਰਬੰਧ, ਵਿਸ਼ਵ ਕੋਸ਼ ਤੇ ਪੱਤਰਾਂ ਵਿਚ ਪ੍ਰਕਾਸ਼ਿਤ ਹੋਣ ਵਾਲੀਆਂ ਰਿਪੋਰਟਾਂ ਸ਼ਾਮਿਲ ਕੀਤੀਆਂ ਜਾ ਸਕਦੀਆਂ ਹਨ। ਇਨ੍ਹਾਂ ਸਾਰੀਆਂ ਲਿਖਤਾਂ ਵਿਚ ਕਿਸੇ ਬਾਰੇ ਜਾਣਕਾਰੀ ਦਿੱਤੀ ਗਈ ਹੁੰਦੀ ਹੈ। ਲੇਖਕ ਵਿਸ਼ੇ ਦੇ ਹਰ ਪੱਖ ਤੇ ਚਾਨਣਾ ਪਾਉਣ ਦਾ ਯਤਨ ਕਰਦਾ ਹੈ ਪਰ ਇਸ ਵਿਚੋਂ ਕੇਵਲ ਉਹ ਰਚਨਾ ਹੀ ਸਾਹਿਤ ਖੇਤਰ ਵਿਚ ਗਿਣੀ ਜਾਵੇਗੀ ਜਿਹੜੀ ਸਾਹਿਤਕ ਮਾਪ ਦੰਡਾਂ ਤੇ ਪੂਰੀ ਉਤਰਦੀ ਹੋਵੇ ਇਸ ਦੀ ਉਦਾਹਰਣ ਹੇਠਾਂ ਦਿੱਤੀ ਜਾਂਦੀ ਹੈ।

"ਸਾਡੀ ਅੱਖ ਦਾ ਆਨਾ ਕਨਵੈਕਸ ਲੈਨਜ਼ ਹੈ। ਕਨਵੈਕਸ ਲੈਨਜ਼ ਦਾ ਖਾਸਾ ਇਹ ਹੈ ਕਿ ਜੇ ਇਸ ਦੇ ਸਾਹਮਣੇ ਇਕ ਬੱਤੀ ਜਾਂ ਕੋਈ ਚੀਜ਼ ਰੱਖੀ ਜਾਵੇ ਤਾਂ ਲੈਨਜ਼ ਦੇ ਦੂਜੇ ਪਾਸੇ ਉਸ ਬੱਤੀ ਦਾ ਅਕਸ ਬਣੇਗਾ। ਇਹ ਅਕਸ ਬੱਤੀ ਨਾਲੋਂ ਬਹੁਤ ਛੋਟਾ ਹੋਵੇਗਾ। ਇਹ ਸਾਇੰਸ ਦਾ ਛੋਟਾ ਜਿਹਾ ਤਜਰਬਾ ਹੈ ਜਿਸ ਨੂੰ ਛੋਟੀਆਂ ਜਮਾਤਾਂ ਦੇ ਵਿਦਿਆਰਥੀ ਕਰਦੇ ਹਨ। ਸਾਡੀ ਅੱਖ ਦਾ ਆਨਾ ਭੀ ਕਨਵੈਕਸ ਲੈਨਜ਼ ਹੋਣ ਕਰਕੇ ਇਹੋ ਕਿਰਿਆ ਹੀ ਕਰਦਾ ਹੈ।"[1]

ਸ. ਕਪੂਰ ਸਿੰਘ ਆਈ.ਸੀ.ਐਸ. ਦੀ ਕਾਫ਼ੀ ਵਾਰਤਕ ਰਚਨਾ ਖਾਸ ਕਰਕੇ 'ਬਹੁ ਵਿਸਥਾਰ' ਨਾਂ ਦੀ ਪੁਸਤਕ ਇਸੇ ਵਰਗ ਵਿਚ ਗਿਣੀ ਜਾ ਸਕਦੀ ਹੈ।

(ਅ) **ਬਿਰਤਾਂਤੀ ਵਾਰਤਕ** : ਇਸ ਪ੍ਰਕਾਰ ਦੀ ਵਾਰਤਕ ਵਿਚ ਕਿਸੇ ਵਸਤੂ ਜਾਂ ਘਟਨਾ ਦਾ ਪੂਰਾ ਪੂਰਾ ਵਿਵਰਣ ਦਿੱਤਾ ਜਾਂਦਾ ਹੈ, ਇਹ ਆਮ ਤੌਰ ਤੇ ਬਾਹਰਮੁੱਖੀ ਹੁੰਦਾ ਹੈ ਤੇ ਇਸ ਵਿਚ ਲੇਖਕ ਦਾ ਵਿਅਕਤਿਤਵ ਪ੍ਰਗਟ ਨਹੀਂ

ਹੁੰਦਾ। ਇਸ ਦਾ ਇਹ ਅਰਥ ਨਹੀਂ ਕਿ ਅਜਿਹੀ ਵਾਰਤਕ ਉੱਤੇ ਲਿਖਾਰੀ ਦੀ ਸ਼ਖਸ਼ੀਅਤ ਦਾ ਪ੍ਰਭਾਵ ਨਹੀਂ ਹੁੰਦਾ। ਜਿੱਥੋਂ ਤੱਕ ਵਾਰਤਕ ਸ਼ੈਲੀ ਦਾ ਸੰਬੰਧ ਹੈ ਉਸ ਵਿਚ ਤਾਂ ਲੇਖਕ ਦੇ ਵਿਅਕਤਿਤਵ ਦੀ ਮੋਹਰ ਛਾਪ ਲੱਗੀ ਹੁੰਦੀ ਹੈ ਪਰ ਘਟਨਾ ਜਾਂ ਵਸਤੂ ਦੇ ਵਰਣਨ ਲਈ ਵਸਤੂਗਤ ਤਰੀਕੇ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਢੰਗ ਆਮ ਤੌਰ ਤੇ ਨਾਵਲਾਂ ਵਿਚ ਵਰਤਿਆ ਜਾਂਦਾ ਹੈ। ਇਸ ਦੀਆਂ ਮਿਸਾਲਾਂ ਨਾਨਕ ਸਿੰਘ, ਭਾਈ ਵੀਰ ਸਿੰਘ ਤੇ ਸੰਤ ਸਿੰਘ ਸੇਖੋਂ ਦੇ ਨਾਵਲਾਂ ਵਿਚੋਂ ਲੱਭੀਆਂ ਜਾ ਸਕਦੀਆਂ ਹਨ। ਲਾਲ ਸਿੰਘ ਕਮਲਾ ਅਕਾਲੀ ਦੇ ਸਫ਼ਰਨਾਮਿਆਂ (ਮੇਰਾ ਵਲੈਤੀ ਸਫਰਨਾਮਾ ਅਤੇ ਸੈਲਾਨੀ ਦੇਸ਼ ਭਗਤ) ਵਿਚੋਂ ਵੀ ਸਾਨੂੰ ਇਸ ਪ੍ਰਕਾਰ ਦੀ ਵਾਰਤਕ ਮਿਲਦੀ ਹੈ। ਜਿਵੇਂ ਕਿ :

"ਝੀਲ ਦੇ ਕਿਨਾਰੇ ਕੀ ਸਨ ਮੇਲੇ ਲੱਗੇ ਹੋਏ ਸਨ। ਹਵਾ ਤੇ ਮੋਟਰ ਕਿਸ਼ਤੀਆਂ, ਨਾਉਣ ਵਾਲੇ ਸ਼ੁਕੀਨ, ਕੰਢੇ ਬੈਠ ਕੇ ਬੋਤਲ ਨਾਲ ਰੋਗ ਲਾਉਣ ਵਾਲੇ ਫੱਕੜ, ਕਿਨਾਰਿਆਂ ਉੱਤੇ ਸੋਹਣੀ ਥਾਂ ਅਮੀਰਾਂ ਦੇ ਮੰਜ਼ਰ ਤੇ ਮਾਮੂਲੀ ਥਾਂ ਮਾਹੀਗਰਾਂ ਦੇ ਝੌਂਪੜੇ ਆਪਣੇ ਪਰਛਾਵੇਂ ਨਾਲ ਪਾਣੀ ਵਿਚ ਬਹਾਰ ਲਾ ਰਹੇ ਸਨ। ਥਾਂ ਥਾਂ ਨਿੱਕੇ ਪੁਲ ਜਿਹੇ ਬਣੇ ਹੋਏ ਸਨ। ਝੀਲ ਦੀ ਪੂਰਬੀ ਗੁੱਠ ਦੇ ਕੋਲ ਦਰਿਆ ਰੋਨ ਝੀਲ ਵਿਚ ਰਲਦਾ ਹੈ।"[2]

(ੲ) **ਵਿਆਖਿਆਮਈ ਵਾਰਤਕ** : ਇਸ ਪ੍ਰਕਾਰ ਦੀ ਵਾਰਤਕ ਉਦੋਂ ਉਪਜਦੀ ਹੈ ਜਦੋਂ ਕੋਈ ਲੇਖਕ ਆਪਣੇ ਵਿਚਾਰਾਂ ਨੂੰ ਤਰਕ ਸੰਗਤ ਤਰੀਕੇ ਨਾਲ ਪੇਸ਼ ਕਰਦਾ ਹੈ। ਅਜਿਹੀ ਵਾਰਤਕ ਵਿਚ ਦਲੀਲਾਂ, ਦ੍ਰਿਸ਼ਟਾਂਤ ਅਤੇ ਮਿਸਾਲਾਂ ਦੀ ਯੋਗ ਵਰਤੋਂ ਕੀਤੀ ਹੁੰਦੀ ਹੈ। ਪ੍ਰਿੰਸੀਪਲ ਤੇਜਾ ਸਿੰਘ ਦੇ ਕਈ ਲੇਖਾਂ ਵਿਚ ਇਸ ਕਿਸਮ ਦੀ ਵਾਰਤਕ ਦੀਆਂ ਸੁੰਦਰ ਉਦਾਹਰਣਾਂ ਲੱਭ ਸਕਦੀਆਂ ਹਨ :

"ਘਰ ਇੱਟਾਂ ਜਾਂ ਵੱਟਿਆਂ ਦੇ ਬਣੇ ਕੋਠੇ ਨੂੰ ਨਹੀਂ ਕਹਿੰਦੇ। ਘਰ ਤੋਂ ਭਾਵ ਉਹ ਥਾਂ ਹੈ ਜਿਥੇ ਮਨੁੱਖ ਦੇ ਪਿਆਰ ਤੇ ਸੱਧਰਾਂ ਪਲਦੀਆਂ ਹਨ, ਜਿਥੇ ਬਾਲਪਣ ਵਿਚ ਮਾਂ ਭੈਣ ਤੇ ਭਰਾ ਕੋਲੋਂ ਲਾਡ ਲਿਆ ਹੁੰਦਾ ਹੈ, ਜਿਥੇ ਜਵਾਨੀ ਵਿਚ ਸਾਰੇ ਜਹਾਨ ਨੂੰ ਗਾਹ ਲਿਤਾੜ ਕੇ ਖੱਟੀ ਕਮਾਈ ਕਰਕੇ ਮੁੜ ਆਉਣ ਨੂੰ ਜੀ ਕਰਦਾ ਹੈ, ਜਿਥੇ ਬੁਢਾਪੇ ਵਿਚ ਬਹਿ ਕੇ ਸਾਰੇ ਜੀਵਨ ਦੇ ਝਮੇਲਿਆਂ ਤੋਂ ਮਿਲੀ ਵਿਹਲ ਨੂੰ ਆਰਾਮ ਨਾਲ ਕੱਟਣ ਵਿਚ ਇਉਂ ਸੁਆਦ ਆਉਂਦਾ ਹੈ ਜਿਵੇਂ ਬਚਪਨ ਵਿਚ ਮਾਂ ਦੀ ਝੋਲੀ ਵਿਚ ਸੁਆਦ ਆਉਂਦਾ ਸੀ।"[3]

(ਸ) **ਦਾਰਸ਼ਨਿਕ ਵਾਰਤਕ** : ਜਿਸ ਵਾਰਤਕ ਰਚਨਾ ਵਿਚ ਕਿਸੇ ਦਾਰਸ਼ਨਿਕ ਵਿਸ਼ੇ ਤੇ ਚਰਚਾ ਕੀਤੀ ਗਈ ਹੋਵੇ, ਉਹ ਦਾਰਸ਼ਨਿਕ ਵਾਰਤਕ ਅਖਵਾਉਂਦੀ ਹੈ। ਕਪੂਰ ਸਿੰਘ ਆਈ.ਸੀ.ਐਸ. ਦੇ ਲੇਖ 'ਛੇ ਦਰਸ਼ਨ' (ਬਹੁਵਿਸਥਾਰ) ਸ਼ੰਕਰਾਚਾਰੀਆਂ (ਸਪਤਸ੍ਰਿੰਗ) ਇਸ ਵਰਗ ਦੀ ਵਾਰਤਕ ਰਚਨਾ ਹਨ। ਡਾ. ਬਲਬੀਰ ਸਿੰਘ ਨੇ ਵੀ ਇਸੇ ਪ੍ਰਕਾਰ ਦੀ ਵਾਰਤਕ ਰਚਨਾ ਕੀਤੀ ਹੈ।

(ਹ) **ਇਤਿਹਾਸਕ ਵਾਰਤਕ** : ਜਿਸ ਵਾਰਤਕ ਰਚਨਾ ਵਿਚ ਇਤਿਹਾਸਕ ਵਿਸ਼ਿਆਂ ਜਾਂ ਇਤਿਹਾਸਕ ਵਿਅਕਤੀਆਂ ਬਾਰੇ ਜਾਣਕਾਰੀ ਦਿੱਤੀ ਗਈ ਹੋਵੇ, ਉਹ ਇਤਿਹਾਸਕ ਵਾਰਤਕ ਅਖਵਾਉਂਦੀ ਹੈ। ਗਿਆਨੀ ਹੀਰਾ ਸਿੰਘ ਦਰਦ ਦੀ ਪੁਸਤਕ 'ਮੇਰੀਆਂ ਇਤਿਹਾਸਕ ਯਾਦਾਂ' ਇਸ ਕਿਸਮ ਦੀ ਵਾਰਤਕ ਦੇ ਨਮੂਨੇ ਵਜੋਂ ਪੇਸ਼ ਕੀਤੀ ਜਾ ਸਕਦੀ ਹੈ। 'ਸੇਵਾ ਸਿੰਘ ਠੀਕਰੀਵਾਲਾ' (ਲੇਖਕ ਪ੍ਰੋ. ਗੁਰਚਰਨ ਸਿੰਘ) ਵਿਚ ਵੀ ਸਾਨੂੰ ਇਤਿਹਾਸਕ ਵਾਰਤਕ ਦੇ ਦਰਸ਼ਨ ਹੁੰਦੇ ਹਨ।

(ਕ) **ਧਾਰਮਿਕ ਵਾਰਤਕ** : ਅਜਿਹੀ ਵਾਰਤਕ ਵਿਚ ਧਾਰਮਿਕ ਵਿਸ਼ਿਆਂ ਤੇ ਚਰਚਾ ਕੀਤੀ ਹੁੰਦੀ ਹੈ। ਪ੍ਰੋ. ਸਾਹਿਬ ਸਿੰਘ ਦੇ ਧਾਰਮਿਕ ਲੇਖ, ਕੁਝ 'ਹੋਰ ਧਾਰਮਿਕ ਲੇਖ', 'ਸਰਬਤ ਦਾ ਭਲਾ', 'ਸਦਾਚਾਰ ਲੇਖ' ਆਦਿ ਪੁਸਤਕਾਂ ਵਿਚ ਦਰਜ ਲੇਖ ਧਾਰਮਿਕ ਵਾਰਤਕ ਦੇ ਖੇਤਰ ਵਿਚ ਆਉਂਦੇ ਹਨ। ਪ੍ਰਿੰਸੀਪਲ ਜੋਧ ਸਿੰਘ, ਸ਼ੇਰ ਸਿੰਘ, ਪ੍ਰਿੰ. ਨਿਰੰਜਨ ਸਿੰਘ ਦੁਆਰਾ ਰਚੀ ਗਈ ਵਾਰਤਕ ਵੀ ਇਸੇ ਸ਼੍ਰੇਣੀ ਵਿਚ ਆਉਂਦੀ ਹੈ।

ਸ਼ੈਲੀ ਦੇ ਪੱਖੋਂ ਵਾਰਤਕ ਵਰਗੀਕਰਣ ਹੇਠ ਲਿਖੇ ਅਨੁਸਾਰ ਕੀਤਾ ਜਾ ਸਕਦਾ ਹੈ।

(ੳ) **ਟਕਸਾਲੀ ਵਾਰਤਕ** : ਅਜਿਹੀ ਸ਼ੈਲੀ ਵਿਚ ਭਾਸ਼ਾਈ ਤੇ ਵਿਆਕਰਣ ਸ਼ੁੱਧਤਾ ਦਾ ਵਿਸ਼ੇਸ਼ ਧਿਆਨ ਰੱਖਿਆ ਜਾਂਦਾ ਹੈ। ਪੰਜਾਬੀ ਵਿਚ ਪ੍ਰਿੰਸੀਪਲ ਤੇਜਾ ਸਿੰਘ ਦੀ ਵਾਰਤਕ ਇਸ ਵਰਗ ਵਿਚ ਗਿਣੀ ਜਾਂਦੀ ਹੈ।

(ਅ) **ਕਾਵਿਕ ਵਾਰਤਕ** : ਜਿਸ ਵਾਰਤਕ ਨੂੰ ਲੇਖਕ, ਉਪਮਾਵਾਂ, ਅਲੰਕਾਰਾਂ ਅਤੇ ਵਿਸ਼ੇਸ਼ਣਾਂ, ਆਦਿ ਨਾਲ ਸ਼ਿੰਗਾਰ

ਕੇ ਸੁੰਦਰ ਬਣਾ ਕੇ ਅਤੇ ਆਪਣੇ ਭਾਵਾਂ ਦੀ ਪੁੱਠ ਚਾੜ੍ਹ ਕੇ ਇਸ ਪ੍ਰਕਾਰ ਲਿਖੇ ਕਿ ਉਸ ਵਿਚ ਬੁੱਧੀ ਦੀ ਥਾਂ ਭਾਵਾਂ ਦੀ ਪ੍ਰਧਾਨਤਾ ਪ੍ਰਤੀਤ ਹੋਵੇ ਤਾਂ ਉਹ ਕਾਵਿਕ ਵਾਰਤਕ ਹੋਵੇਗੀ। ਜਨਮ ਸਾਖੀਆਂ ਦੀ ਵਾਰਤਕ ਅਤੇ ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਵਾਰਤਕ ਇਸ ਤਰ੍ਹਾਂ ਦੀ ਹੈ।

(ੲ) **ਵਿਅੰਗਾਤਮਕ ਵਾਰਤਕ** : ਜਦੋਂ ਵਾਰਤਕ ਲਿਖਾਰੀ ਆਪਣੀ ਰਚਨਾ ਵਿਚ ਵਿਅੰਗ, ਚੋਟ ਤੇ ਚੋਭ ਦੀ ਵਰਤੋਂ ਕਰਦਾ ਹੈ ਤਾਂ ਉਹ ਵਿਅੰਗਾਤਮਕ ਵਾਰਤਕ ਨੂੰ ਜਨਮ ਦੇਂਦਾ ਹੈ। ਚਰਨ ਸਿੰਘ ਸ਼ਹੀਦ, ਗੁਰਨਾਮ ਸਿੰਘ ਤੀਰ, ਸੂਬਾ ਸਿੰਘ ਅਤੇ ਹਰਿੰਦਰ ਸਿੰਘ ਰੂਪ ਇਸ ਕਿਸਮ ਦੀ ਵਾਰਤਕ ਲਿਖਣ ਵਾਲੇ ਸਫ਼ਲ ਲਿਖਾਰੀ ਸਨ।

(ਸ) **ਨਾਟਕੀ ਵਾਰਤਕ** : ਜਦੋਂ ਕੋਈ ਨਾਟਕਕਾਰ ਪਾਤਰਾਂ ਦੀ ਵਾਰਤਾਲਾਪ ਨੂੰ ਉੱਚ ਸਾਹਿਤਕ ਪੱਧਰ ਤੇ ਪੇਸ਼ ਕਰਦਾ ਹੈ ਤਾਂ ਅਜਿਹੀ ਵਾਰਤਾਲਾਪ ਨਾਟਕੀ ਵਿਚਾਰ ਗੱਲਬਾਤ ਉਦਾਹਰਣ ਦੇ ਤੌਰ ਤੇ ਪੇਸ਼ ਕੀਤੀ ਜਾ ਸਕਦੀ ਹੈ।

ਜੇਕਰ ਉਦੇਸ਼ ਜਾਂ ਮਨੋਰਥ ਦੀ ਦ੍ਰਿਸ਼ਟੀ ਤੋਂ ਵਾਰਤਕ ਦਾ ਵਰਗੀਕਰਣ ਕਰਨਾ ਹੋਵੇ ਤਾਂ (ੳ) ਉਪਦੇਸ਼ਾਤਮਕ ਵਾਰਤਕ (ਅ) ਸੁਧਾਰਕ ਵਾਰਤਕ (ੲ) ਪਰੰਪਰਾਤਮਕ ਵਾਰਤਕ, ਆਦਿ ਵੰਨਗੀਆਂ ਗਿਣੀਆਂ ਜਾ ਸਕਦੀਆਂ ਹਨ।

**ਨਿਬੰਧ**

ਫੁਟਕਲ ਤੌਰ ਤੇ ਵਾਰਤਕ ਵਿਚ ਗੋਸ਼ਟਾਂ, ਪਰਮਾਰਥ, ਬਚਨ, ਲੇਖ, ਨਿਬੰਧ, ਪ੍ਰਬੰਧ ਆਦਿ ਵੀ ਸੰਮਿਲਿਤ ਹਨ। ਵਾਰਤਕ ਦਾ ਘੇਰਾ ਬੜਾ ਵਿਸ਼ਾਲ ਹੈ। ਇਸ ਵਿਚ ਨਾਵਲ, ਨਿੱਕੀ ਕਹਾਣੀ, ਨਾਟਕ ਅਤੇ ਇਕਾਂਗੀ ਜਿਹੜੇ ਆਮ ਤੌਰ ਤੇ ਵਾਰਤਕ ਵਿਚ ਲਿਖੇ ਜਾਂਦੇ ਹਨ, ਉਹ ਵੀ ਗਿਣੇ ਜਾ ਸਕਦੇ ਹਨ ਤੇ ਇਸ ਤੋਂ ਛੁੱਟ ਖੋਜ, ਆਲੋਚਨਾ ਅਤੇ ਸਾਹਿਤ ਦੇ ਇਤਿਹਾਸ ਦੀਆਂ ਪੁਸਤਕਾਂ ਸ਼ਾਮਲ ਕੀਤੀਆਂ ਜਾ ਸਕਦੀਆਂ ਹਨ ਪਰੰਤੂ ਨਿਰੋਲ ਵਾਰਤਕ ਵਿਚ ਅਸੀਂ ਹੇਠ ਲਿਖੀਆਂ ਵੰਨਗੀਆਂ ਨੂੰ ਸ਼ਾਮਲ ਕਰ ਸਕਦੇ ਹਾਂ :

ਜੀਵਨੀ, ਸ੍ਵੈ-ਜੀਵਨੀ , ਸਫ਼ਰਨਾਮਾ, ਲੇਖ, ਨਿਬੰਧ, ਅਤੇ ਰੇਖਾ ਚਿਤਰ ਆਦਿ

ਇਨ੍ਹਾਂ ਵਿਚੋਂ ਲੇਖ, ਨਿਬੰਧ ਵਾਰਤਕ ਵਿਚ ਵਿਸ਼ੇਸ਼ ਸਥਾਨ ਰਖਦੇ ਹਨ। ਇਨ੍ਹਾਂ ਦੀ ਪਰਿਭਾਸ਼ਾ, ਵਿਸ਼ੇਸ਼ਤਾਈਆਂ ਅਤੇ ਪਰਸਪਰ ਅੰਤਰ ਜਾਣਨਾ ਵੀ ਜ਼ਰੂਰੀ ਹੈ।

ਭਾਵੇਂ ਲੇਖ ਤੇ ਨਿਬੰਧ ਸ਼ਬਦਾਂ ਨੂੰ ਸਮਾਨ ਅਰਥਾਂ ਵਿਚ ਵਰਤ ਲਿਆ ਜਾਂਦਾ ਹੈ ਤੇ ਇਸ ਤੋਂ ਭਾਵ ਕਿਸੇ ਵਿਸ਼ੇ ਬਾਰੇ ਵਾਰਤਕ ਵਿਚ ਅਜਿਹੀ ਰਚਨਾ ਹੁੰਦੀ ਹੈ ਜਿਸ ਵਿਚ ਉਸ ਵਿਸ਼ੇ ਦੇ ਲਗਭਗ ਸਾਰੇ ਪੱਖਾਂ ਉੱਤੇ ਚਾਨਣਾ ਪਾਇਆ ਗਿਆ ਹੋਵੇ, ਪਰ ਲੇਖ ਸ਼ਬਦ ਵਧੇਰੇ ਵਿਆਪਕ ਅਰਥਾਂ ਵਿਚ ਵਰਤਿਆ ਜਾਂਦਾ ਤੇ ਨਿਬੰਧ ਉੱਚ ਕੋਟੀ ਦੇ ਲੇਖਾਂ ਲਈ ਪ੍ਰਯੋਗ ਵਿਚ ਆਉਂਦਾ ਹੈ। ਨਿਬੰਧ ਅਸਲ ਵਿਚ ਆਧੁਨਿਕ ਕਾਲ ਦਾ ਸਾਹਿਤਕ ਰੂਪ ਹੈ। ਵਿਦਵਾਨ ਜਾਨਸਨ ਨੇ ਲੇਖ ਨੂੰ ਦਿਮਾਗੀ ਉਘੜੀ ਦੁਗੜੀ ਉਡਾਣ ਅਤੇ ਸਾਹਿਤ ਦਾ ਅਨਿਯਮਿਤ ਅਣਪਚਿਆ ਹੋਇਆ ਅੰਗ[1] (1. A loose sally of mind and irregular undigested piece of literature.) ਆਖਿਆ। ਉਦੋਂ ਅਜੇ ਇਸ ਸਾਹਿਤਕ ਰੂਪ ਨੇ ਆਪਣੀ ਜੁਆਨ ਅਵਸਥਾ ਨਹੀਂ ਸੀ ਵੇਖੀ। ਨਿਬੰਧ ਛੋਟੇ ਆਕਾਰ ਦੀ ਉਹ ਗਦ-ਰਚਨਾ ਹੁੰਦੀ ਹੈ ਜਿਹੜੀ ਆਪਣੇ ਆਪ ਵਿਚ ਪੂਰਨ ਹੁੰਦੀ ਹੈ, ਜਿਸ ਵਿਚ ਕਿਸੇ ਵਿਸ਼ੇ ਦੇ ਕਿਸੇ ਇਕ ਪੱਖ ਉੱਤੇ ਰਚਨਾ ਕੀਤੀ ਹੁੰਦੀ ਹੈ। ਨਿਬੰਧ ਵਿਚੋਂ ਨਿਬੰਧਕਾਰਾਂ ਦੀ ਸ਼ਖਸੀਅਤ ਸਾਫ ਵਿਖਾਈ ਦਿੰਦੀ ਹੈ। ਇਸ ਕਰਕੇ ਅਲੇਗਜੈਂਡਰ ਸਮਿਥ ਨੇ ਨਿਬੰਧ ਨੂੰ ਸਰੋਦੀ ਗੀਤ ਨਾਲ ਉਪਮਾ ਦਿੱਤੀ।[1] ਨਿਬੰਧ ਗੱਦ ਦੀ ਅਤਿ ਸੂਖਮ ਵੰਨਗੀ ਹੈ। ਇਹ ਆਪਣੇ ਆਪ ਵਿਚ ਸੰਪੂਰਣ ਇਕਾਈ ਹੈ।

ਪੱਛਮੀ ਵਿਦਵਾਨ ਇਹ ਮੰਨਦੇ ਹਨ ਕਿ ਨਿਬੰਧ ਦਾ ਆਕਾਰ ਏਨਾ ਕੁ ਹੋਣਾ ਚਾਹੀਦਾ ਹੈ ਕਿ ਉਸ ਨੂੰ ਸੌਖੀ

---

1. 'ਮਨ ਦੀ ਖੇਡ' - ਰਚਿਤ ਪ੍ਰਿੰਸੀਪਲ ਨਿਰੰਜਨ ਸਿੰਘ।
2. 'ਸਵਿਟਰਜ਼ਰਲੈਂਡ ਦੀ ਯਾਤਰਾ' (ਮੇਰਾ ਵਲੈਤੀ ਸਫਰਨਾਮਾ) - ਲਾਲ ਸਿੰਘ ਕਮਲਾ ਅਕਾਲੀ।
3. 'ਘਰ ਦਾ ਪਿਆਰ' (ਨਵੀਆਂ ਸੋਚਾਂ) - ਪ੍ਰੋ. ਤੇਜਾ ਸਿੰਘ।

ਤਰ੍ਹਾਂ ਇਕ ਬੈਠਕ ਵਿਚ ਪੜ੍ਹਿਆ ਜਾ ਸਕੇ ਜਿਵੇਂ ਕਿ ਨਿੱਕੀ ਕਹਾਣੀ ਜਾਂ ਇਕਾਂਗੀ ਨੂੰ ਪੜ੍ਹਿਆ ਜਾ ਸਕਦਾ ਹੈ। ਨਿਬੰਧ ਵਿਚ ਕਿਸੇ ਸਿਧਾਂਤ ਨੂੰ ਪ੍ਰਗਟਾਉਣ ਦਾ ਮੰਤਵ ਨਹੀਂ ਹੁੰਦਾ ਸਗੋਂ ਕਿਸੇ ਵਿਸ਼ੇ ਬਾਰੇ ਹਰ ਪ੍ਰਕਾਰ ਦੀ ਜਾਣਕਾਰੀ ਨੂੰ ਪੇਸ਼ ਕਰਨਾ ਹੁੰਦਾ ਹੈ। ਚੰਗਾ ਨਿਬੰਧਕਾਰ ਆਪਣੇ ਨਿਬੰਧ ਵਿਚ ਇਕ ਵਿਚਾਰ ਤੇ ਹੀ ਕੇਂਦ੍ਰਿਤ ਰਹਿੰਦਾ ਹੈ। ਇਧਰ ਉਧਰ ਦੀਆਂ ਫਜ਼ੂਲ ਗੱਲਾਂ ਲਈ ਇਸ ਵਿਚ ਕੋਈ ਸਥਾਨ ਨਹੀਂ ਹੁੰਦਾ। ਲੇਖਕ ਆਪਣੇ ਵਿਚਾਰਾਂ ਦਾ ਪ੍ਰਗਟਾਅ ਨਿਰਸੰਕੋਚ ਤੌਰ ਤੇ ਕਰਦਾ ਹੈ ਅਤੇ ਬੁੱਧੀ ਤੇ ਭਾਵਾਂ ਤੇ ਸੁਚੱਜੇ ਮੇਲ ਰਾਹੀਂ ਆਪਣੀ ਰਚਨਾ ਨੂੰ ਸਾਹਿਤਿਕ ਪੱਧਰ ਪ੍ਰਦਾਨ ਕਰਦਾ ਹੈ।

**ਵਾਰਤਕ ਸ਼ੈਲੀ** :

ਹਰ ਸਾਹਿਤਕਾਰ ਆਪਣੀ ਲਿਖਤ ਨੂੰ ਆਪਣੇ ਨਵੇਕਲੇ ਹੀ ਢੰਗ ਵਿਚ ਪੇਸ਼ ਕਰਦਾ ਹੈ। ਲੇਖਕ ਦੀ ਨਿੱਜੀ ਛੋਹ ਦੀ ਛਾਪ ਲਗਣ ਕਰਕੇ ਉਸ ਦੀ ਲਿਖਤ ਦੂਜਿਆਂ ਨਾਲੋਂ ਵੱਖਰੀ ਪਛਾਣੀ ਜਾ ਸਕਦੀ ਹੈ। ਜਦੋਂ ਕਿਸੇ ਪਾਸ ਕਹਿਣ ਨੂੰ ਕੁਝ ਹੋਵੇ ਤਾਂ ਉਹ ਉਸ ਨੂੰ ਕਹਿਣ ਦਾ ਵੱਖਰਾ ਢੰਗ ਵੀ ਲੱਭ ਲੈਂਦਾ ਹੈ। ਜਦੋਂ ਕਿਸੇ ਸਾਹਿਤਕਾਰ ਦੇ ਮਨ ਵਿਚ ਕੋਈ ਵਿਚਾਰ ਉਤਪੰਨ ਹੁੰਦੇ ਹਨ ਤਾਂ ਉਨ੍ਹਾਂ ਨੂੰ ਪ੍ਰਗਟ ਕਰਨ ਲਈ ਭਾਸ਼ਾ ਦਾ ਸਹਾਰਾ ਲੈਂਦਾ ਹੈ। ਭਾਸ਼ਾ ਨੂੰ ਵਰਨਣ ਕਰਨ ਦੀ ਯੋਗਤਾ ਹਰ ਇਕ ਦੀ ਵੱਖਰੀ ਵੱਖਰੀ ਹੁੰਦੀ ਹੈ। ਜਦੋਂ ਵਿਚਾਰ ਭਾਸ਼ਾ ਦੇ ਮਾਧਿਅਮ ਰਾਹੀਂ ਪ੍ਰਗਟ ਹੁੰਦੇ ਹਨ ਤਾਂ ਉਨ੍ਹਾਂ ਉੱਤੇ ਲੇਖਕ ਦੀ ਸ਼ਖਸੀਅਤ ਦੀ ਮੁਹਰ ਲੱਗ ਜਾਂਦੀ ਹੈ। ਪ੍ਰਸਿੱਧ ਅੰਗਰੇਜ਼ੀ ਸਾਹਿਤਕਾਰ ਅਲੈਗਜ਼ੈਂਡਰ ਪੋਪ ਨੇ ਸ਼ੈਲੀ ਨੂੰ ਵਿਚਾਰ ਦੀ ਪੋਸ਼ਾਕ[2] ਆਖਿਆ ਹੈ। ਜਦੋਂ ਕੋਈ ਵਿਚਾਰ ਕਿਸੇ ਲੇਖਕ ਦੀ ਨਿੱਜੀ ਭਾਸ਼ਾ ਤੇ ਉਸਦੇ ਨਿੱਜੀ ਢੰਗ ਦੁਆਰਾ ਅਭਿਵਿਅਕਤ ਹੁੰਦਾ ਹੈ ਤਾਂ ਲਿਖਤ ਵਿਸ਼ੇਸ਼ ਰੂਪ ਧਾਰਨ ਕਰਦੀ ਹੈ। ਇਹ ਰੂਪ ਕਿਸੇ ਦੂਜੇ ਸਾਹਿਤਕਾਰ ਦੀ ਲਿਖਤ ਦੇ ਰੂਪ ਤੋਂ ਵੱਖਰਾ ਤੇ ਨਵੇਕਲਾ ਹੁੰਦਾ ਹੈ। ਇਸ ਨਵੇਕਲੇ ਢੰਗ ਰਾਹੀਂ ਕਿਸੇ ਸਾਹਿਤਕਾਰ ਨੂੰ ਦੂਜੇ ਤੋਂ ਵੱਖਰਾ ਕਰਕੇ ਵੇਖ ਸਕਦੇ ਹਾਂ। ਇਹੀ ਹੀ ਉਸ ਦੀ ਸ਼ੈਲੀ ਹੁੰਦੀ ਹੈ।

ਆਪਣੀ ਵੱਖਰੀ ਸ਼ੈਲੀ ਬਣਾਉਣ ਲਈ ਵਾਰਤਕ ਲਿਖਾਰੀ ਨੂੰ ਵਿਸ਼ਾਲ ਅਧਿਐਨ ਤੇ ਉਸ ਅਧਿਐਨ ਦੇ ਆਧਾਰ ਉੱਤੇ ਲਿਖਣ ਦੀ ਚੋਖੀ ਮਸ਼ਕ ਹੋਣੀ ਚਾਹੀਦੀ ਹੈ। ਜਿਵੇਂ ਕੋਈ ਵਕਤਾ ਥਾਂ-ਥਾਂ ਉੱਤੇ ਭਾਸ਼ਣ ਦੇਣ ਉਪਰੰਤ ਬੋਲਣ ਦਾ ਇਕ ਵੱਖਰਾ ਲਹਿਜਾ ਤੇ ਨਵੇਕਲਾ ਢੰਗ ਗ੍ਰਹਿਣ ਕਰ ਲੈਂਦਾ ਹੈ, ਉਸੇ ਤਰ੍ਹਾਂ ਹੀ ਕੋਈ ਲਿਖਾਰੀ ਲਗਾਤਾਰ ਅਭਿਆਸ ਨਾਲ ਆਪਣੀ ਇਕ ਵੱਖਰੀ ਲਿਖਣ-ਸ਼ੈਲੀ ਬਣਾ ਲੈਂਦਾ ਹੈ ਭਾਵੇਂ ਕੋਈ ਆਪਣੀ ਮਾਤ ਭਾਸ਼ਾ ਵਿਚ ਹੀ ਲਿਖੇ ਉਸ ਨੂੰ ਉਸ ਭਾਸ਼ਾ ਦਾ ਵਿਆਕਰਣ ਉਸ ਦੀ ਸਾਹਿਤਕ ਪਰੰਪਰਾ ਬਾਰੇ ਪੂਰਨ ਜਾਣਕਾਰੀ ਹੋਣੀ ਚਾਹੀਦੀ ਹੈ। ਦੂਜੀਆਂ ਭਾਸ਼ਾਵਾਂ ਦੇ ਸ਼ਬਦਾਂ ਦੀ ਵਰਤੋਂ ਵੇਲੇ ਵੀ ਸਾਵਧਾਨੀ ਵਰਤਣੀ ਚਾਹੀਦੀ ਹੈ। ਉਨ੍ਹਾਂ ਬਦੇਸ਼ੀ ਸ਼ਬਦਾਂ ਨੂੰ ਆਪਣੀ ਭਾਸ਼ਾ ਦੇ ਸੁਭਾਅ ਅਨੁਸਾਰ ਅਪਨਾਉਣਾ ਚਾਹੀਦਾ ਹੈ।

ਸ਼ੈਲੀ ਹੀ ਮਨੁੱਖ ਹੈ, ਦਾ ਭਾਵ ਹੈ ਕਿ ਹਰ ਸਾਹਿਤਕਾਰ ਦੀ ਲਿਖਤੀ ਸ਼ੈਲੀ ਉੱਤੇ ਉਸ ਦੀ ਸ਼ਖਸੀਅਤ ਦੀ ਛਾਪ ਹੁੰਦੀ ਹੈ। ਚੰਗੀ ਵਾਰਤਕ ਸ਼ੈਲੀ ਵਿਚ ਹੇਠ ਲਿਖੇ ਗੁਣ ਹੁੰਦੇ ਹਨ :

1. ਵਾਰਤਕ ਸ਼ੈਲੀ ਦਾ ਸਭ ਤੋਂ ਪ੍ਰਸਿੱਧ ਗੁਣ ਉਸ ਦੇ ਨਿਵੇਕਲਾਪਨ, ਨਿਆਰਾਪਨ ਹੈ ਜਿਵੇਂ ਕਿਸੇ ਮਨੁੱਖ ਦਾ ਨਿਵੇਕਲਾਪਨ ਉਸ ਲਿਖਾਰੀ ਨੂੰ ਦੂਜਿਆਂ ਤੋਂ ਵੱਖ ਦਰਸਾਉਂਦਾ ਹੈ। ਇਸ ਨੂੰ ਮੌਲਿਕਤਾ ਦਾ ਨਾਂ ਵੀ ਦਿੱਤਾ ਜਾ ਸਕਦਾ ਹੈ।
2. ਚੰਗੀ ਵਾਰਤਕ ਸ਼ੈਲੀ ਦਾ ਦੂਜਾ ਗੁਣ ਸਪੱਸ਼ਟਤਾ ਹੈ। ਇਹ ਉਸ ਹਾਲਤ ਵਿਚ ਹੀ ਸੰਭਵ ਹੈ ਜੇਕਰ ਲਿਖਾਰੀ ਨੂੰ ਵਿਸ਼ੇ ਦਾ ਵਿਸ਼ਾਲ ਗਿਆਨ ਹੋਵੇ ਤੇ ਉਸ ਦਾ ਆਪਣੇ ਵਿਚਾਰਾਂ ਨੂੰ ਸਪੱਸ਼ਟ ਤੌਰ ਤੇ ਵਰਨਣ ਕਰਨ ਲਈ ਭਾਸ਼ਾ ਉੱਤੇ ਪੂਰਨ ਅਧਿਕਾਰ ਹੋਵੇ।
3. ਵਾਰਤਕ ਕਿਉਂਕਿ ਦਿਮਾਗ ਦੀ ਬੋਲੀ ਹੈ ਇਸ ਲਈ ਇਸ ਵਿਚ ਪ੍ਰਗਟ ਕੀਤੇ ਵਿਚਾਰ, ਦਲੀਲ

ਅਤੇ ਨਿਆਇ ਉੱਤੇ ਆਧਾਰਤ ਹੋਣੇ ਚਾਹੀਦੇ ਹਨ। ਉਸ ਨੂੰ ਆਪਣੇ ਵਿਚਾਰਾਂ ਦੀ ਪੁਸ਼ਟੀ ਕਰਨ ਲਈ ਦਲੀਲਾਂ ਦੇਣੀਆਂ ਆਉਂਦੀਆਂ ਹੋਣ ਤੇ ਆਪਣੇ ਖਿਆਲਾਂ ਨੂੰ ਯੁਕਤੀ-ਸੰਗਤ ਪੇਸ਼ ਕਰਨ ਦੀ ਜਾਂਚ ਆਉਂਦੀ ਹੋਵੇ। ਇਸ ਕਰਕੇ ਨਿਆਇਸ਼ੀਲਤਾ ਚੰਗੀ ਸ਼ੈਲੀ ਦਾ ਪ੍ਰਮੁੱਖ ਲੱਛਣ ਹੈ।

4. ਵਾਰਤਕ ਸ਼ੈਲੀ ਦਾ ਇਕ ਹੋਰ ਚੰਗਾ ਗੁਣ ਸੁਭਾਵਕਤਾ ਹੈ। ਭਾਸ਼ਾ ਦੇ ਸਹੀ ਗਿਆਨ ਤੋਂ ਬਗੈਰ ਸ਼ਬਦਾਂ ਦੀ ਚੋਣ ਅਤੇ ਉਨ੍ਹਾਂ ਦਾ ਪ੍ਰਭਾਵ ਸੰਭਵ ਨਹੀਂ। ਲੇਖਕ ਨੂੰ ਭਾਸ਼ਾ ਦੀ ਸਮਰਥਾ, ਠੇਠਤਾ ਤੇ ਪ੍ਰਮਾਣਿਕਤਾ ਬਾਰੇ ਵਿਸ਼ਾਲ ਜਾਣਕਾਰੀ ਹੋਣੀ ਜ਼ਰੂਰੀ ਹੈ।

5. ਚੰਗੀ ਵਾਰਤਕ ਸ਼ੈਲੀ ਵਿਚ ਸੁਮਾਪ ਦਾ ਹੋਣਾ ਲਾਜ਼ਮੀ ਗਿਣਿਆ ਜਾਂਦਾ ਹੈ। ਸੁਮਾਪ ਤੋਂ ਭਾਵ ਤਰਤੀਬ ਤੇ ਕ੍ਰਮ ਹੈ, ਸੁਮਾਪ ਲਿਆਉਣ ਲਈ ਵਾਰਤਕ ਲਿਖਤ ਨੂੰ ਪੈਰ੍ਹਿਆਂ ਵਿਚ ਵੰਡਣਾ ਪੈਂਦਾ ਹੈ ਪਰ ਪੈਰ੍ਹਿਆਂ ਵਿਚ ਇਕੋ ਇਕ ਖ਼ਿਆਲ ਹੋਣਾ ਚਾਹੀਦਾ ਹੈ ਪਰ ਪੈਰ੍ਹੇ ਇਕ ਦੂਜੇ ਨਾਲ ਇਕੋ ਸੰਗਲੀ ਵਿਚ ਪਰੋਏ ਹੋਣ। ਉਨ੍ਹਾਂ ਦਾ ਆਪਸ ਵਿਚ ਅਤੁੱਟ ਸੰਬੰਧ ਹੋਵੇ। ਪੈਰ੍ਹੇ ਨਾ ਹੀ ਬਹੁਤ ਛੋਟੇ ਅਤੇ ਨਾ ਹੀ ਬਹੁਤ ਵੱਡੇ ਹੋਣੇ ਚਾਹੀਦੇ ਹਨ। ਲਿਖਤ ਦਾ ਆਕਰ ਨਾ ਬਹੁਤ ਲੰਬਾ ਅਤੇ ਨਾ ਹੀ ਛੋਟਾ ਹੋਣਾ ਚਾਹੀਦਾ ਹੈ।

6. ਚੰਗੀ ਵਾਰਤਕ ਸ਼ੈਲੀ ਲਈ ਵਿਆਕਰਣਕ ਸ਼ੁੱਧਤਾ ਦੀ ਅਵੱਸ਼ਕਤਾ ਹੁੰਦੀ ਹੈ। ਇਸ ਸ਼ੁੱਧਤਾ ਦੀ ਅਣਹੋਂਦ ਵਿਚ ਸ਼ੈਲੀ ਨਿਰਬਲ ਤੇ ਸ਼ਕਤੀਹੀਨ ਹੋ ਜਾਂਦੀ ਹੈ।

## ਵਾਰਤਕ ਦੇ ਰੂਪ ਨਿਬੰਧ ਦੀ ਪ੍ਰਕ੍ਰਿਤੀ

ਵਾਰਤਕ ਵਿਚ ਸਾਹਿਤ ਦੇ ਕਿਹੜੇ ਕਿਹੜੇ ਰੂਪ ਗਿਣੇ ਜਾ ਸਕਦੇ ਹਨ ਇਸ ਬਾਰੇ ਕਾਫ਼ੀ ਵਾਦ-ਵਿਵਾਦ ਹੈ। ਵਾਰਤਕ ਦਾ ਘੇਰਾ ਬੜਾ ਵਿਸ਼ਾਲ ਹੈ। ਆਮ ਤੌਰ ਤੇ ਨਾਵਲ, ਨਿੱਕੀ ਕਹਾਣੀ, ਨਾਟਕ ਅਤੇ ਇਕਾਂਗੀ ਨੂੰ ਵੀ ਵਾਰਤਕ ਵਿਚ ਸ਼ਾਮਲ ਕੀਤਾ ਜਾਂਦਾ ਹੈ ਪਰੰਤੂ ਕੁਝ ਵਿਦਵਾਨ ਖੋਜ, ਆਲੋਚਨਾ ਅਤੇ ਸਾਹਿਤ ਤੇ ਇਤਿਹਾਸ ਦੀਆਂ ਪੁਸਤਕਾਂ ਨੂੰ ਵੀ ਸ਼ਾਮਲ ਕਰਦੇ ਹਨ। ਨਿਰੋਲ ਵਾਰਤਕ ਵਿਚ ਜੀਵਨੀ, ਸਵੈ-ਜੀਵਨੀ, ਸਫ਼ਰਨਾਮਾ, ਲੇਖ, ਨਿਬੰਧ ਤੇ ਰੇਖਾ-ਚਿੱਤਰ ਨੂੰ ਵੀ ਸ਼ਾਮਲ ਕੀਤਾ ਜਾਂਦਾ ਹੈ।

ਲੇਖ ਅਤੇ ਨਿਬੰਧ ਦੇ ਆਪਸੀ ਅੰਤਰ ਨੂੰ ਜਾਣ ਲੈਣਾ ਅਤੀ ਜ਼ਰੂਰੀ ਹੈ। ਲੇਖ ਇਕ ਵਿਸਤਾਰ ਵਾਲੀ ਰਚਨਾ ਹੈ। ਇਸ ਦੇ ਆਕਾਰ ਬਾਰੇ ਨਿਸ਼ਚਿਤ ਰੂਪ ਵਿਚ ਕੁਝ ਵੀ ਨਹੀਂ ਕਿਹਾ ਜਾ ਸਕਦਾ। ਲੇਖ ਵਿਚ ਵਾਰਤਕਕਾਰ ਗੱਦ-ਸ਼ੈਲੀ ਦੇ ਨਿਯਮਾਂ ਦੀ ਪਾਲਣਾ ਵਿਗਿਆਨਕ ਰੂਪ ਵਿਚ ਨਹੀਂ ਕਰਦਾ। ਲੇਖ ਸ਼ਬਦ ਵਧੇਰੇ ਵਿਆਪਕ ਅਰਥਾਂ ਵਿਚ ਵਰਤ ਲਿਆ ਜਾਂਦਾ ਹੈ। ਨਿਬੰਧ ਅਸਲ ਵਿਚ ਉੱਚ ਕੋਟੀ ਦੀ ਵਾਰਤਕ ਹੈ। ਨਿਬੰਧ ਨੂੰ ਆਧੁਨਿਕ ਰੂਪ ਦੀ ਵਾਰਤਕ ਕਿਹਾ ਜਾਂਦਾ ਹੈ ਜਿਵੇਂ ਆਧੁਨਿਕ ਸਾਹਿਤ ਵਿਧਾਵਾਂ ਗ਼ਜ਼ਲ, ਨਜ਼ਮ, ਰੁਬਾਈ, ਨਿੱਕੀ ਕਹਾਣੀ, ਇਕਾਂਗੀ ਤੇ ਨਾਵਲ ਆਦਿ।

ਨਿਬੰਧ ਵਾਰਤਕ ਦੀ ਇਕ ਅਤਿ ਕੋਮਲ ਵਿਧੀ ਹੈ ਜੋ ਲੇਖ ਵਾਂਗ ਵਿਚਾਰਾਂ ਦਾ ਬਹੁਤ ਬੋਝ ਨਹੀਂ ਝੱਲ ਸਕਦੀ। ਇਹ ਆਕਾਰ ਵਿਚ ਛੋਟੀ ਤੇ ਵਿਚਾਰਾਂ ਵਿਚ ਸੂਖਮ ਰੂਪ ਦੀ ਵਾਰਤਕ ਹੈ। ਇਸ ਦੀ ਤੁਲਨਾ ਨਿੱਕੀ ਕਹਾਣੀ ਨਾਲ ਕੀਤੀ ਜਾ ਸਕਦੀ ਹੈ। ਜਿਸ ਪ੍ਰਕਾਰ ਨਾਵਲ ਦੀ ਥਾਂ ਕਹਾਣੀ ਵਿਚ ਵਧੇਰੇ ਰੂਪਕ ਪਕਿਆਈ ਤੇ ਉੱਚ ਪ੍ਰਤਿਭਾ ਦੀ ਲੋੜ ਹੁੰਦੀ ਹੈ ਉਸੇ ਪ੍ਰਕਾਰ ਨਿਬੰਧ ਵਿਚ ਲੇਖਕ ਵੱਲੋਂ ਇਕ ਵੀ ਫ਼ਾਲਤੂ ਵਾਕ ਨਹੀਂ ਲਿਖਿਆ ਜਾ ਸਕਦਾ। ਪ੍ਰਤਿਭਾਸ਼ੀਲ ਨਿਬੰਧਕਾਰ ਆਪਣੇ ਨਿਬੰਧ ਵਿਚ ਇਕ ਵਿਚਾਰ ਤੇ ਹੀ ਕੇਂਦਰਿਤ ਰਹਿੰਦਾ ਹੈ। ਇਧਰ ਉਧਰ ਦੀਆਂ ਫਜ਼ੂਲ

---

1. The essay as a literary form resembles the lyric in so far as it is moulded by some central mood, whimsical, serious or satrirical.
2. Dress of thought.

ਗੱਲਾਂ ਲਈ ਇਸ ਵਿਚ ਕੋਈ ਸਥਾਨ ਨਹੀਂ ਹੁੰਦਾ। ਲੇਖਕ ਆਪਣੇ ਵਿਚਾਰਾਂ ਦਾ ਪ੍ਰਗਟਾਅ ਬੁੱਧੀ ਤੇ ਭਾਵਾਂ ਦੇ ਸੁਮੇਲ ਰਾਹੀਂ ਕਰਦਾ ਹੈ।

ਜਦੋਂ ਕੋਈ ਸਮਾਜ ਪੂੰਜੀਵਾਦੀ ਦੌਰ ਵਿਚ ਪ੍ਰਵੇਸ਼ ਕਰਦਾ ਹੈ, ਭਾਵ ਸਮਾਜ ਵਿਚ ਬੌਧਿਕ ਪ੍ਰਕ੍ਰਿਆ ਦਾ ਮਹੱਤਵ ਵੱਧ ਜਾਂਦਾ ਹੈ, ਤਾਂ ਉਸ ਸਮੇਂ ਸਮਾਜ ਵਿਚ ਵਾਰਤਕ ਹੋਂਦ ਵਿਚ ਆਉਂਦੀ ਹੈ। ਵਾਰਤਕ ਦਾ ਸੰਬੰਧ ਮੋਟੇ ਤੌਰ ਤੇ ਬੁੱਧੀ ਨਾਲ ਹੁੰਦਾ ਹੈ। ਜਦੋਂ ਵਾਰਤਕ ਦਾ ਸਾਹਿਤ ਵਿਚ ਪ੍ਰਭਾਵ ਵਧਦਾ ਹੈ ਉਸ ਸਮੇਂ ਨਿਬੰਧ ਹੋਂਦ ਵਿਚ ਆਉਂਦਾ ਹੈ। ਨਿਬੰਧ ਸਵੈ ਪ੍ਰਗਟਾ ਦਾ ਸਭ ਤੋਂ ਚੇਤੰਨ ਮਾਧਿਅਮ ਮੰਨਿਆ ਜਾਂਦਾ ਹੈ। ਅਸਲੀਅਤ ਵਿਚ ਹੁਣ ਤੱਕ ਲੇਖ ਦੀ ਪਰਿਭਾਸ਼ਾ ਬਾਕੀ ਆਧੁਨਿਕ ਸਾਹਿਤ ਰੂਪਾਂ ਵਾਂਗ ਨਿਸ਼ਚਿਤ ਨਹੀਂ ਹੋਈ। ਆਰੰਭ ਵਿਚ ਨਿਬੰਧ ਵੀ ਵਾਰਤਕ ਦਾ ਅਨਿਸ਼ਚਿਤ, ਨਿਯਮ ਰਹਿਤ ਪ੍ਰਗਟਾਵਾ ਸੀ। ਇਸੇ ਲਈ ਜਾਨਸਨ ਨੇ ਨਿਬੰਧ ਨੂੰ ਵਿਉਂਤ ਵਜੋਂ ਸੱਖਣੀ ਅਤੇ ਅਣਪਚੀ ਰਚਨਾ ਕਿਹਾ ਸੀ। ਆਰੰਭ ਵਿਚ ਇਹ ਕਿਸੇ ਵਿਸ਼ੇ ਦਾ ਸੰਪੂਰਣ ਪ੍ਰਗਟਾਅ ਨਹੀਂ ਸੀ ਕਰਦੀ ਸਗੋਂ ਇਸ ਦੇ ਲੇਖਕ ਦੇ ਵਿਅਕਤੀਤਵ ਦੀ ਸ਼ਮੂਲੀਅਤ ਇਸ ਵਿਚ ਲੋੜ ਤੋਂ ਜ਼ਿਆਦਾ ਹੁੰਦੀ ਸੀ। ਇਹ ਗੱਲ ਕਹਿਣ ਸਮੇਂ ਜਾਨਸਨ ਦਾ ਵਧੇਰੇ ਧਿਆਨ ਇਸ ਦੇ ਰੂਪਕ ਪੱਖ ਵੱਲ ਸੀ। ਨਿਬੰਧ ਕਲਾ ਦਾ ਇਤਿਹਾਸ ਵੀ ਨਿਸ਼ਚਿਤ ਰੂਪ ਵਿਚ ਨਹੀਂ ਲਿਖਿਆ ਗਿਆ।

ਅੰਗਰੇਜ਼ੀ ਭਾਸ਼ਾ ਵਿਚ ਇਸ ਲਈ Essay ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਇਸ ਸ਼ਬਦ ਦੇ ਸ਼ਾਬਦਿਕ ਅਰਥ ਯਤਨ ਜਾਂ ਹੰਭਲਾ ਹੈ। ਇਸ ਦਾ ਭਾਵ ਹੈ ਕਿ ਕਿਸੇ ਵਿਸ਼ੇ ਉੱਤੇ ਨਿੱਜੀ ਦ੍ਰਿਸ਼ਟੀਕੋਣ ਤੋਂ ਹੱਥ ਅਜਮਾਉਣਾ। ਲੰਮੇ ਅਰਸੇ ਤੱਕ ਨਿਬੰਧ ਰਚਨਾ ਹੁੰਦੀ ਰਹੀ, ਪਰ ਇਸ ਰਚਨਾ ਨੂੰ ਪਰਖਣ ਲਈ ਕੋਈ ਨਿਸ਼ਚਿਤ ਸੌਂਦਰਯ ਸਿਧਾਂਤ ਨਹੀਂ ਸਨ। ਜਿਵੇਂ ਅਕਸਰ ਹੁੰਦਾ ਹੈ ਜਦੋਂ ਕੋਈ ਸਾਹਿਤ ਰੂਪ ਹੋਂਦ ਵਿਚ ਆਉਂਦਾ ਹੈ ਉਸ ਨੂੰ ਪਰਖਣ ਲਈ ਸੌਂਦਰਯ ਸਿਧਾਂਤ ਇਕਦਮ ਹੋਂਦ ਵਿਚ ਨਹੀਂ ਆ ਜਾਂਦੇ। ਸਿਰਜਣਾਤਮਕ ਸਾਹਿਤ ਦਾ ਸੰਬੰਧ ਸਮਾਜਿਕ ਪ੍ਰਕ੍ਰਿਆ ਨਾਲ ਹੁੰਦਾ ਹੈ। ਸਮਾਜਿਕ ਪ੍ਰਕ੍ਰਿਆ ਦੇ ਵਿਕਾਸ ਨਾਲ ਹੀ ਸਾਹਿਤਕ ਵਿਧਾਵਾਂ ਪੈਦਾ ਹੁੰਦੀਆਂ ਤੇ ਉਨ੍ਹਾਂ ਦਾ ਵਿਕਾਸ ਹੁੰਦਾ ਹੈ। ਨਿਬੰਧ ਵੀ ਲੰਮੇ ਸਮੇਂ ਤੱਕ ਅਨਿਸ਼ਚਿਤ ਤੇ ਬੇ-ਵਿਉਂਤੇ ਰੂਪ ਵਿਚ ਲਿਖਿਆ ਜਾਂਦਾ ਰਿਹਾ ਹੈ। ਇਸ ਲਈ ਨਿਬੰਧ ਆਰੰਭ ਵਿਚ ਕੋਈ ਸੁੰਦਰ ਸਾਹਿਤਿਕ ਵਿਧਾ ਨਹੀਂ ਸੀ। ਕਾਫ਼ੀ ਅਰਸੇ ਉਪਰੰਤ ਨਿਬੰਧ ਨੇ ਸਾਹਿਤਿਕ ਕਿਰਤਾਂ ਵਿਚ ਸੰਪੂਰਣਤਾ ਦਾ ਪ੍ਰਭਾਵ ਪਾਇਆ।

ਨਿਬੰਧ ਦੇ ਵਿਕਾਸ ਕਰਨ ਉਪਰੰਤ ਹੁਣ ਇਸ ਦਾ ਨਾਮ ਆਧੁਨਿਕ ਵਿਧਾਵਾਂ ਵਿਚ ਲਿਆ ਜਾਂਦਾ ਹੈ। ਹਿੰਦੀ ਸਾਹਿਤ ਵਾਲੇ ਨਿਬੰਧ ਨੂੰ ਦੋ ਰੂਪਾਂ ਵਿਚ ਵੰਡਦੇ ਹਨ। ਜਿਸ ਨਿਬੰਧ ਵਿਚ ਲੇਖਕ ਭਾਵਾਂ ਨੂੰ ਪ੍ਰਮੁੱਖਤਾ ਦੇਂਦਾ ਹੈ, ਉਸ ਨੂੰ ਭਾਵਨਾਤਮਕ ਨਿਬੰਧ ਕਿਹਾ ਜਾਂਦਾ ਹੈ ਤੇ ਜਿਸ ਨਿਬੰਧ ਵਿਚ ਪ੍ਰਮੁੱਖਤਾ ਵਿਚਾਰਾਂ ਨੂੰ ਦਿੱਤੀ ਜਾਂਦੀ ਹੈ, ਉਸ ਨਿਬੰਧ ਨੂੰ ਵਿਚਾਰਾਤਮਕ ਨਿਬੰਧ ਕਿਹਾ ਜਾਂਦਾ ਹੈ। ਅੰਗਰੇਜ਼ੀ ਵਾਲੇ ਇਸੇ ਵੰਡ ਨੂੰ ਰਸਮੀ ਤੇ ਗ਼ੈਰ-ਰਸਮੀ ਵਰਗਾਂ ਵਿਚ ਵੰਡਦੇ ਹਨ। ਪ੍ਰੋ. ਪੂਰਨ ਸਿੰਘ ਦੇ ਨਿਬੰਧ ਪੰਜਾਬੀ ਵਿਚ ਭਾਵਨਾਤਮਕ ਤੇ ਗ਼ੈਰ-ਰਸਮੀ ਨਿਬੰਧਾਂ ਦੀ ਖੂਬਸੂਰਤ ਮਿਸਾਲ ਹਨ। ਅੰਗਰੇਜ਼ੀ ਵਿਚ ਇਸ ਦੀ ਪਰਿਭਾਸ਼ਾ ਇਕ ਥਾਂ ਇਸ ਤਰ੍ਹਾਂ ਕੀਤੀ ਗਈ ਹੈ ; ਨਿਬੰਧ ਵਾਰਤਕ ਵਿਚ ਸਿਰਜਿਆ ਹੋਇਆ ਸਰੋਦੀ ਗੀਤ ਹੈ। ਬਹੁਤੇ ਨਿਬੰਧ ਇਸ ਪਰਿਭਾਸ਼ਾ ਦੇ ਅੰਤਰਗਤ ਆਉਂਦੇ ਹਨ। ਇਸ ਵਰਗ ਵਿਚ ਆਲੋਚਨਾਤਮਕ ਤੇ ਵਿਗਿਆਨਕ ਨਿਬੰਧ ਨਹੀਂ ਆਉਂਦੇ। ਅਸਲ ਵਿਚ ਇਹ ਨਿਬੰਧ ਨਹੀਂ ਹੁੰਦੇ ਕਿਉਂਕਿ ਇਨ੍ਹਾਂ ਵਿਚ ਬੜੇ ਰਸਮੀ ਢੰਗ ਨਾਲ ਇਕ ਨਿਸ਼ਚਿਤ ਵਿਉਂਤ ਅਤੇ ਨਿਯਮ ਅਨੁਸਾਰ ਵਿਸ਼ੇ ਦਾ ਪ੍ਰਗਟਾਅ ਕੀਤਾ ਜਾਂਦਾ ਹੈ। ਵਿਸ਼ੇ ਦੇ ਹਰ ਪੱਖ ਨੂੰ ਘੋਖਣ ਉਪਰੰਤ ਕੁਝ ਨਤੀਜੇ ਕੱਢੇ ਜਾਂਦੇ ਹਨ। ਇਹਨਾਂ ਲਈ ਅੰਗਰੇਜ਼ੀ ਸ਼ਬਦ Treartise ਵਰਤਿਆ ਜਾਂਦਾ ਹੈ। ਇਸ ਲਈ ਇਨ੍ਹਾਂ ਨੂੰ ਵੀ ਰਸਮੀ ਨਿਬੰਧ ਆਖ ਸਕਦੇ ਹਾਂ। ਅਸਲ ਵਿਚ ਇਨ੍ਹਾਂ ਰਸਮੀ ਨਿਬੰਧਾਂ ਵਿਚ ਸਿਰਜਣਾਤਮਕਤਾ ਦੀ ਘਾਟ ਹੁੰਦੀ ਹੈ। ਇਨ੍ਹਾਂ ਵਿਚ ਵਿਗਿਆਨਿਕ ਨਿਯਮਾਂ ਦੀ ਬਹੁਲਤਾ ਤੇ ਲੇਖਕ ਦਾ ਸਵੈ-ਪ੍ਰਗਟਾਵਾ ਘੱਟ ਹੁੰਦਾ ਹੈ। ਇਸ ਲਈ ਰਸਮੀ ਨਿਬੰਧ

ਨੂੰ ਸਿਰਜਣਾਤਮਕ ਰਚਨਾ ਘੱਟ ਹੀ ਮੰਨਿਆ ਜਾਂਦਾ ਹੈ।

ਵਿਸ਼ਵ ਦੇ ਹਰ ਸਾਹਿਤ ਵਿਚ ਦੋਵੇਂ ਪ੍ਰਕਾਰ ਦੀਆਂ ਵੰਨਗੀਆਂ ਦੇ ਨਿਬੰਧ ਮਿਲ ਜਾਂਦੇ ਹਨ। ਅਸਲੀਅਤ ਵਿਚ ਨਿਬੰਧ ਇਕ ਸਿਰਜਣਾਤਮਕ ਰਚਨਾ ਹੈ, ਭਾਵੇਂ ਇਹ ਲਿਰਿਕ ਦਾ ਰੂਪ ਹੋਵੇ ਭਾਵੇਂ ਗੈਰ-ਰਸਮੀ ਵਾਰਤਾ। ਇਹ ਆਪਣੇ ਨਿਭਾ ਤੇ ਪ੍ਰਗਟਾਅ ਵਿਚ ਵਿਅਕਤੀਗਤ ਹੁੰਦਾ ਹੈ। ਸਰੋਦੀ ਗੀਤ (Lyric) ਸਵੈ-ਪ੍ਰਗਟਾਅ ਦੀ ਸਭ ਤੋਂ ਤੀਬਰ ਅਤੇ ਵੇਗ ਭਰਪੂਰ ਆਪ ਮੁਹਾਰੇ ਸਿਰਜੀ ਰਚਨਾ ਹੈ ਇਸ ਵਿਚ ਸ਼ਖਸੀ ਰੰਗ ਸਭ ਤੋਂ ਤੀਬਰ ਰੂਪ ਵਿਚ ਹੁੰਦੇ ਹਨ। ਲਿਰਿਕ ਭਾਵ ਸਰੋਦੀ ਗੀਤ ਤੇ ਨਿਬੰਧ ਇਸੇ ਲਈ ਹੀ ਮਿਲਦੇ ਹਨ ਕਿਉਂਕਿ ਨਿਬੰਧ ਵਿਚ ਵੀ ਇਕ ਚੇਤਨ ਸ਼ਖਸੀਅਤ ਸਵੈ-ਦ੍ਰਿਸ਼ਟੀਕੋਣ ਨੂੰ ਆਪਣੇ ਮੌਲਿਕ ਰੂਪ ਵਿਚ ਪੇਸ਼ ਕਰਦੀ ਹੈ। ਇਹਨਾਂ ਦਾ ਅੰਤਰ ਕੇਵਲ ਇਹ ਹੈ ਕਿ ਲਿਰਿਕ ਕਵਿਤਾ ਅਤੇ ਨਿਬੰਧ ਵਾਰਤਕ ਵਿਚ ਹੁੰਦਾ ਹੈ। ਨਿਬੰਧ ਵੀ ਇਕ ਆਪ ਮੁਹਾਰਾ ਵੇਗਮਈ ਪ੍ਰਗਟਾ ਹੀ ਹੈ। ਇਨ੍ਹਾਂ ਦੋਹਾਂ ਵਿਚ ਅੰਤਰ ਕੇਵਲ ਇਹੋ ਹੈ ਕਿ ਕਵਿਤਾ ਵਿਚ ਬਹੁਲਤਾ ਭਾਵਾਂ ਦੀ ਹੁੰਦੀ ਹੈ ਜਦੋਂ ਕਿ ਨਿਬੰਧ ਵਿਚ ਵਿਚਾਰ ਵੀ ਕਾਫ਼ੀ ਮਾਤਰਾ ਵਿਚ ਵਿਦਮਾਨ ਰਹਿੰਦੇ ਹਨ।

ਇਹ ਇਕ ਆਮ ਮੰਨਣ ਵਾਲੀ ਗੱਲ ਹੈ ਕਿ ਨਿਬੰਧ ਵਾਰਤਕ ਵਿਚ ਰਚੀ ਹੋਈ ਰਚਨਾ ਹੈ। ਵਾਰਤਕ ਦਾ ਮਾਧਿਅਮ ਹੀ ਬੌਧਿਕ ਹੈ। ਨਿਬੰਧ ਵਿਚ ਭਾਵ ਕਿੰਨੇ ਵੀ ਵੇਗਮਈ ਹੋਣ ਪਰ ਵਾਰਤਕ ਵਿਚ ਹੋਣ ਕਾਰਨ ਵਿਚਾਰਾਂ ਦੀ ਕੜੀ ਵੀ ਨਾਲੋ ਨਾਲ ਤੁਰਦੀ ਹੈ। ਸਾਰਤਰ ਅਨੁਸਾਰ ਵਾਰਤਕ ਵਿਚ ਲੇਖਕ ਆਪਣੇ ਭਾਵਾਂ ਨੂੰ ਕਿਸੇ ਦ੍ਰਿਸ਼ਟੀਕੋਣ ਰਾਹੀਂ ਪੇਸ਼ ਕਰਦਾ ਹੈ। ਵਾਰਤਕ ਆਪਣੇ ਇਸ ਦ੍ਰਿਸ਼ਟੀਕੋਣ ਲਈ ਵਚਨਬੱਧ ਹੈ। ਵਚਨਬੱਧਤਾ ਦੀ ਕਿਰਿਆ ਬੌਧਿਕ ਤੇ ਚੇਤੰਨ ਪ੍ਰਕ੍ਰਿਆ ਹੈ। ਹਰਬਰਟ ਰੀਡ ਵਾਰਤਕ ਨੂੰ ਇਕ ਉਸਾਰੂ ਰਚਨਾ ਕਹਿੰਦਾ ਹੈ। ਇਸ ਲਈ ਵਾਰਤਕ ਸਹਿਜ ਸੁਭਾ ਹੀ ਗਿਆਨ ਮਈ ਚੇਤਨਾ ਦੀ ਮੰਗ ਕਰਦੀ ਹੈ। ਜਦੋਂ ਨਿਬੰਧ ਵਾਰਤਕ ਵਿਚ ਲਿਖਿਆ ਜਾਂਦਾ ਹੈ ਤਾਂ ਇਹ ਵੀ ਇਕ ਗਿਆਨ ਭਰਪੂਰ ਸੰਪੂਰਨ ਪਰ ਵੇਗਮਈ ਸਿਰਜਣਾ ਬਣ ਜਾਂਦੀ ਹੈ।

ਲੇਖ ਵਧੇਰੇ ਵਿਚਾਰਾਤਮਕ ਹੁੰਦਾ ਹੈ, ਭਾਵਾਤਮਕ ਨਹੀਂ। ਪਰੰਤੂ ਵਿਚਾਰਾਤਮਕ ਉਸ ਰੂਪ ਵਿਚ ਨਹੀਂ ਜਿਸ ਰੂਪ ਵਿਚ ਵਿਗਿਆਨ ਉੱਤੇ ਲਿਖੇ ਲੇਖ ਹੁੰਦੇ ਹਨ। ਅੰਤ ਵਿਚ ਨਿਸ਼ਕਰਸ਼ ਦੇ ਤੌਰ ਤੇ ਇਹ ਆਖਿਆ ਜਾ ਸਕਦਾ ਹੈ ਕਿ ਨਿਬੰਧ, ਲੇਖ ਦੀ ਥਾਂ ਵਧੇਰੇ ਵਿਅਕਤੀਪੂਰਕ ਹੁੰਦਾ ਹੈ ਭਾਵੇਂ ਇਸ ਵਿਚੋਂ ਵਿਚਾਰਾਂ ਦੀ ਵੀ ਝਲਕ ਮਾਰਦੀ ਹੈ।

### ਸਹਾਇਕ ਪੁਸਤਕ

1. ਖੋਜ ਪਤ੍ਰਿਕਾ : ਵਾਰਤਕ ਵਿਸ਼ੇਸ਼ ਅੰਕ, ਪਬਲੀਕੇਸ਼ਨ ਬਿਉਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

## ਨਿੱਕੀ ਕਹਾਣੀ

ਕਿਸੇ ਚੀਜ਼ ਦਾ ਅਸਲੀ ਮੁੱਲ ਜਾਣਨ ਵਾਸਤੇ ਸਾਨੂੰ ਕੁਝ ਨਿਯਮਾਂ ਅਨੁਸਾਰ ਉਸ ਨੂੰ ਪਰਖਣਾ ਪੈਂਦਾ ਹੈ। ਕਿਸੇ ਸਾਹਿਤਕ ਕਿਰਤ ਨੂੰ ਪਰਖਣ ਲਈ ਜਿਹੜਾ ਢੰਗ ਅਸੀਂ ਵਰਤਦੇ ਹਾਂ, ਉਸ ਨੂੰ ਤਕਨੀਕ ਆਖਦੇ ਹਨ। ਇਸ ਤਰ੍ਹਾਂ ਤਕਨੀਕ ਇਕ ਅਜਿਹੀ ਕਸਵੱਟੀ ਹੈ ਜਿਸ ਰਾਹੀਂ ਅਸੀਂ ਕਿਸੇ ਸਾਹਿਤਕ ਕਿਰਤ ਨੂੰ ਪਰਖ ਕੇ ਉਸ ਦਾ ਸਹੀ ਮੁੱਲ ਪਾ ਸਕਦੇ ਹਾਂ।

ਨਿੱਕੀ ਕਹਾਣੀ ਨੂੰ ਪਰਖਣ ਲਈ ਵੀ ਇਸ ਦੀ ਤਕਨੀਕ ਤੋਂ ਜਾਣੂ ਹੋਣਾ ਜ਼ਰੂਰੀ ਹੈ। ਭਾਵ ਇਹ ਹੈ ਕਿ ਨਿੱਕੀ ਕਹਾਣੀ ਦੀਆਂ ਕੁਝ ਵਿਸ਼ੇਸ਼ਤਾਵਾਂ ਹੁੰਦੀਆਂ ਹਨ ਜਿਨ੍ਹਾਂ ਨੂੰ ਸਮੁੱਚੇ ਰੂਪ ਵਿਚ ਜਾਣਨ ਲਈ ਹੀ ਅਸੀਂ ਨਿੱਕੀ ਕਹਾਣੀ ਦੀ ਤਕਨੀਕ ਨੂੰ ਭਲੀ ਭਾਂਤ ਸਮਝ ਸਕਦੇ ਹਾਂ। ਹੇਠਾਂ ਅਸੀਂ ਇਕ ਇਕ ਕਰਕੇ ਕਹਾਣੀ ਦੇ ਜ਼ਰੂਰੀ ਤੱਤਾਂ ਸੰਬੰਧੀ ਵਿਸਤ੍ਰਿਤ ਰੂਪ ਵਿਚ ਚਰਚਾ ਕਰਾਂਗੇ।

1. **ਗੋਂਦ ਜਾਂ ਪਲਾਟ** : ਕਹਾਣੀ ਦੀ ਪਹਿਲੀ ਵਿਸ਼ੇਸ਼ਤਾ ਗੋਂਦ ਹੈ। ਗੋਂਦ ਘਟਨਾਵਾਂ ਦੇ ਉਸ ਸਮੂਹ ਨੂੰ ਕਿਹਾ ਜਾਂਦਾ ਹੈ ਜਿਸ ਨੂੰ ਇਕ ਖਾਸ ਤਰਤੀਬ ਨਾਲ ਕਹਾਣੀਕਾਰ ਇਕ ਕਲਾਤਮਕ ਰੂਪ ਬਖਸ਼ਦਾ ਹੈ। ਗੋਂਦ ਇਕ ਖਾਸ ਤਰ੍ਹਾਂ ਦਾ ਨਾਟਕੀ ਮੁੱਢ ਹੁੰਦਾ ਹੈ ਅਤੇ ਹੌਲੀ ਹੌਲੀ ਨਿੱਕੀ ਕਹਾਣੀ ਵਿਚਲੀ ਗੁੰਝਲ ਬਾਹਰੋਂ ਆਉਣੀ ਸ਼ੁਰੂ ਹੁੰਦੀ ਹੈ ਅਤੇ ਪੀਡੀ ਹੋ ਜਾਂਦੀ ਹੈ। ਜਿਥੇ ਇਹ ਬਹੁਤ ਉਲਝੀ ਹੋਈ ਜਾਪੇ ਅਤੇ ਪਾਠਕ ਨੂੰ ਇਹ ਪਤਾ ਨਾ ਲੱਗ ਸਕੇ ਕਿ ਲੇਖਕ ਹੁਣ ਉਸ ਨੂੰ ਕਿਹੜੇ ਪਾਸੇ ਮੋੜੇਗਾ ਉਸ ਨੂੰ ਕਹਾਣੀ ਦਾ ਮੱਧ ਮੰਨਿਆ ਜਾਂਦਾ ਹੈ। ਮੱਧ ਤੋਂ ਸਿਖਰ ਤੱਕ ਕਹਾਣੀਕਾਰ ਇਸ ਗੁੰਝਲ ਨੂੰ ਤਾਸ਼ ਦੇ ਮਾਹਿਰ ਖਿਡਾਰੀ ਵਾਂਗ ਅਜਿਹੀ ਸਿਆਣਪ ਨਾਲ ਖੇਲਦਾ ਹੈ ਕਿ ਪਾਠਕ ਦੀ ਸਮੁੱਚੀ ਰੁਚੀ ਉਸ ਨੂੰ ਜਾਣਨ ਵਿਚ ਲੱਗੀ ਰਹਿੰਦੀ ਹੈ। ਜਿਥੇ ਗੁੰਝਲ ਖੁੱਲ ਜਾਏ ਉਹ ਕਹਾਣੀ ਦਾ ਸਿਖਰ ਹੁੰਦਾ ਹੈ।

ਸਿਆਣਾ ਕਹਾਣੀਕਾਰ ਸਿਖਰ ਅਤੇ ਅੰਤ ਵਿਚ ਬਹੁਤਾ ਫਾਸਲਾ ਨਹੀਂ ਰੱਖਦਾ ਸਗੋਂ ਆਮ ਤੌਰ ਤੇ ਇਹ ਨਾਲੋ ਨਾਲ ਹੁੰਦੇ ਹਨ। ਇੰਜ ਨਾ ਕਰਨ ਵਾਲਾ ਕਹਾਣੀਕਾਰ ਉਸ ਅੱਲ੍ਹੜ ਸਵਾਣੀ ਵਾਂਗ ਹੁੰਦਾ ਹੈ ਜੋ ਮਟਕੀ ਵਿਚ ਰਿੜਕੇ ਜਾ ਰਹੇ ਦਹੀਂ ਉਪਰ ਮੱਖਣ ਆ ਜਾਣ ਤੇ ਵੀ ਮਧਾਣੀ ਮਾਰਨੀ ਜਾਰੀ ਰੱਖੇ। ਜਿਵੇਂ ਉਹ ਅੱਲੜ੍ਹ ਸਵਾਣੀ ਇੰਜ ਆਪਣਾ ਕੁਝ ਮੱਖਣ ਗਵਾ ਬੈਠਦੀ ਹੈ ਉਸੇ ਤਰ੍ਹਾਂ ਹੀ ਕਹਾਣੀਕਾਰ ਨਾਲ ਵੀ ਵਾਪਰਦਾ ਹੈ। ਨਿੱਕੀ ਕਹਾਣੀ ਦਾ ਅੰਤ ਨਾਟਕੀ, ਝਟਪਟਾ ਅਤੇ ਸੁਝਾਊ ਹੋਣਾ ਚਾਹੀਦਾ ਹੈ ਤਾਂ ਕਿ ਉਥੇ ਪੁਜ ਕੇ ਪਾਠਕ ਹੈਰਾਨ ਰਹਿ ਜਾਏ ਤੇ ਉਸ ਦਾ ਦਿਲ ਕਰੇ ਕਿ ਲੇਖਕ ਕਹਾਣੀ ਨੂੰ ਅੱਗੇ ਹੋਰ ਤੋਰਦਾ ਤਾਂ ਚੰਗਾ ਹੁੰਦਾ। ਇਸ ਸੁਝਾਊਪੁਣੇ ਨਾਲ ਲੇਖਕ ਬਹੁਤਾ ਕੁਝ ਨਾ ਕਹਿ ਕੇ ਵੀ ਸਭ ਕੁਝ ਕਹਿ ਜਾਂਦਾ ਹੈ।

ਕਹਾਣੀ ਵਿਚ ਪਲਾਟ ਦੇ ਨਾਲ ਉਪ-ਪਲਾਟ ਵੀ ਹੁੰਦੇ ਹਨ। ਪਲਾਟ ਦੋ ਪ੍ਰਕਾਰ ਦੇ ਹੋ ਸਕਦੇ ਹਨ-ਕਲਪਿਤ ਤੇ ਯਥਾਰਥਵਾਦੀ। ਇਹ ਸਮਾਜਿਕ, ਆਰਥਿਕ, ਧਾਰਮਿਕ, ਰੁਮਾਂਟਿਕ, ਸਿੱਖਿਆਦਾਇਕ, ਮਨੋਵਿਗਿਆਨਕ, ਰਾਜਨੀਤਿਕ ਆਦਿ ਸਭ ਪ੍ਰਕਾਰ ਦੇ ਹੋ ਸਕਦੇ ਹਨ। ਪਲਾਟ ਵਿਚ ਫਾਲਤੂ ਘਟਨਾਵਾਂ ਨਾਲ ਕਈ ਵਾਰ ਲਟਕਾ ਪੈਦਾ ਕੀਤਾ ਜਾਂਦਾ ਹੈ ਜਾਂ ਕਈ ਵਾਰ ਉਪ-ਪਲਾਟ ਨਾਲ ਕਹਾਣੀ ਗੁੰਝਲਦਾਰ ਬਣਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਪਰੰਤੂ ਆਧੁਨਿਕ ਨਿੱਕੀ ਕਹਾਣੀ ਵਿਚ ਅਜਿਹਾ ਕਰਨ ਨੂੰ ਗੁਣ ਨਹੀਂ ਮੰਨਿਆ ਜਾਂਦਾ ਕਿਉਂਕਿ ਅਜੋਕੀ ਕਹਾਣੀ ਵਿਸਤਾਰ ਦੀ ਥਾਂ ਡੂੰਘਾਈ ਵਲ ਜਾਣ ਤੇ ਇਕ ਵਿਸ਼ੇਸ਼ ਛਿਣ ਨੂੰ ਫੜਨ ਦਾ ਯਤਨ ਕਰਦੀ ਹੈ।

ਨਿੱਕੀ ਕਹਾਣੀ ਦੀ ਗੋਂਦ ਦੀ ਸਫਲਤਾ ਇਸ ਗੱਲ ਵਿਚ ਹੈ ਕਿ ਗੋਂਦ ਉਤਸੁਕਤਾ ਭਰਪੂਰ ਹੋਵੇ ਅਤੇ ਪਾਠਕ ਕਹਾਣੀ ਦੇ ਅੰਤ ਤਕ ਜਾਣਨ ਲਈ ਉਤਾਵਲਾ ਰਹੇ ਕਿ 'ਅੱਗੋਂ ਕੀ ਹੋਇਆ ?' ਇਸ ਦੇ ਨਾਲ ਇਹ ਵੀ ਪਤਾ ਲੱਗਦਾ ਰਹਿਣਾ ਚਾਹੀਦਾ ਹੈ ਕਿ ਕੁਝ ਕਿਉਂ ਹੋਇਆ ? ਪਲਾਟ ਤਾਂ ਹੀ ਸਫਲ ਮੰਨਿਆ ਜਾ ਸਕਦਾ ਹੈ ਜੇ ਹਰ ਘਟਨਾ ਦਾ ਕਾਰਣ ਸੁਭਾਵਿਕ ਹੀ ਪਤਾ ਲੱਗਦਾ ਰਹੇ। ਭਾਵ ਇਹ ਕਿ ਨਿੱਕੀ ਕਹਾਣੀ ਭਾਵੇਂ ਨਿੱਕੀ ਜ਼ਰੂਰ ਹੈ ਪਰ ਇਸ ਵਿਚ ਕਹਾਣੀ ਤੱਤ ਕਾਫੀ ਮਾਤਰਾ ਵਿਚ ਹੋਣਾ ਅਜੇ ਵੀ ਜ਼ਰੂਰੀ ਹੈ। ਇਸ ਗੱਲ ਵਿਚ ਸ਼ੱਕ ਨਹੀਂ ਕਿ ਅੱਜ ਦੀ ਕਹਾਣੀ ਕਲਾ ਵਿਚ ਗੋਂਦ ਦੀ ਮਹੱਤਤਾ ਘਟਾ ਦਿੱਤੀ ਗਈ ਹੈ ਅਤੇ ਇਸ ਦੀ ਥਾਂ ਜ਼ੋਰ ਹੁਣ ਪਾਤਰ ਉਸਾਰੀ ਉੱਤੇ ਹੁੰਦਾ ਹੈ (ਅਤੇ ਇਹ ਤਬਦੀਲੀ ਗੁਣਕਾਰੀ ਸਾਬਤ ਹੋ ਰਹੀ ਹੈ) ਪਰੰਤੂ ਇਸ ਦਾ ਅਰਥ ਕਦਾਚਿਤ ਨਹੀਂ ਕਿ ਨਿੱਕੀ ਕਹਾਣੀ ਵਿਚ ਕਹਾਣੀ ਅਤੇ ਗੋਂਦ ਨੂੰ ਬਿਲਕੁਲ ਹੀ ਤਿਲਾਂਜਲੀ ਦੇ ਦਿਤੀ ਜਾਵੇ ਜਾਂ ਦਿਤੀ ਜਾ ਸਕਦੀ ਹੈ। ਅਸਲ ਵਿਚ ਕਹਾਣੀ ਵਿਚ ਮਨੁੱਖੀ ਦਿਲਚਸਪੀ ਦਾ ਕਾਰਣ ਇਸ ਵਿਚ ਕਹਾਣੀ ਰਸ ਦਾ ਹੋਣਾ ਹੀ ਹੈ।

ਨਿੱਕੀ ਕਹਾਣੀ ਵਿਚ ਰੌਚਕਤਾ ਦਾ ਹੋਣਾ ਅਤਿ ਜ਼ਰੂਰੀ ਹੈ, ਨਹੀਂ ਤਾਂ ਕਹਾਣੀ ਆਪਣੀ ਆਤਮਾ ਗੁਆ ਬੈਠੇਗੀ। ਕਹਾਣੀ ਵਿਚ ਰੌਚਕਤਾ ਲਿਆਉਣ ਦੇ ਕਈ ਤਰੀਕੇ ਹਨ, ਪਰੰਤੂ ਗੋਂਦ ਨੂੰ ਕਲਾਤਮਕ ਤਰੀਕੇ ਨਾਲ ਬੀੜ ਕੇ ਉਤਸੁਕਤਾ ਪੈਦਾ ਕਰਨ ਨਾਲ ਇਹ ਆਮ ਤੌਰ ਤੇ ਪ੍ਰਾਪਤ ਹੋ ਜਾਂਦੀ ਹੈ। ਹਾਸ ਵਿਅੰਗ ਇਕ ਹੋਰ ਸਾਧਨ ਹੈ ਜਿਸ ਰਾਹੀਂ ਕਹਾਣੀ ਵਿਚ ਰੌਚਕਤਾ ਆ ਜਾਂਦੀ ਹੈ ਵਿਸ਼ੇ ਦੀ ਮੌਲਿਕਤਾ, ਅਜੀਬ ਘਟਨਾ ਦੀ ਚੋਣ ਅਤੇ ਆਪਣੀ ਸ਼ੈਲੀ

ਦੇ ਜ਼ੋਰ ਰਾਹੀਂ ਵੀ ਕਈ ਕਹਾਣੀਕਾਰ ਰੋਚਕਤਾ ਪੈਦਾ ਕਰ ਵਿਖਾਉਂਦੇ ਹਨ।

2. **ਪਾਤਰ ਉਸਾਰੀ** : ਨਿੱਕੀ ਕਹਾਣੀ ਵਿਚ ਪਾਤਰਾਂ ਦੀ ਗਿਣਤੀ ਘੱਟ ਰੱਖੀ ਜਾਏ। ਕੇਵਲ ਉਤਨੇ ਹੀ ਪਾਤਰਾਂ ਨੂੰ ਨਿੱਕੀ ਕਹਾਣੀ ਵਿਚ ਲਿਆਂਦਾ ਜਾਏ ਜਿੰਨਿਆਂ ਦਾ ਆਉਣਾ ਅਤਿ ਜ਼ਰੂਰੀ ਹੋਵੇ। ਕੋਈ ਪਾਤਰ ਬੇਲੋੜਾ ਨਾ ਹੋਵੇ। ਅੱਜ ਦਾ ਪਾਠਕ ਕਹਾਣੀ ਵਿਚ ਫਾਲਤੂ ਪਾਤਰ ਬਰਦਾਸ਼ਤ ਨਹੀਂ ਕਰ ਸਕਦਾ। ਇਸ ਤਰ੍ਹਾਂ ਪਾਤਰ-ਸੰਕੋਚ ਇਸ ਦਾ ਇਕ ਜ਼ਰੂਰੀ ਗੁਣ ਹੈ। ਇਨ੍ਹਾਂ ਵਿਚੋਂ ਚੁਣੇ ਹੋਏ ਪਾਤਰਾਂ ਵਿਚੋਂ ਆਮ ਤੌਰ ਤੇ ਇਕ ਹੀ ਮੁੱਖ ਪਾਤਰ ਬਣਾਇਆ ਜਾਂਦਾ ਹੈ ਜਿਸ ਦੇ ਦੁਆਲੇ ਸਾਰੀ ਕਹਾਣੀ ਘੁੰਮਦੀ ਹੈ। ਬਾਕੀ ਦੇ ਪਾਤਰ ਤਾਂ ਉਸ ਦੇ ਸਹਾਇਕ ਪਾਤਰ ਹੁੰਦੇ ਹਨ ਜਿਸ ਤਰ੍ਹਾਂ ਇਕੋ ਹੀ ਲਾੜਾ ਹੁੰਦਾ ਹੈ ਅਤੇ ਬਾਕੀ ਸਭ ਬਰਾਤੀ ਅਤੇ ਸ਼ਾਦੀ ਸਮੇਂ ਸਾਰੀ ਮਹੱਤਤਾ ਲਾੜੇ ਦੀ ਹੁੰਦੀ ਹੈ ਅਤੇ ਉਸ ਦੇ ਕਾਰਣ ਬਾਕੀ ਬਰਾਤੀਆਂ ਦੀ ਪੁੱਛ-ਗਿੱਛ ਹੁੰਦੀ ਹੈ। ਲਾੜੇ ਬਿਨਾਂ ਬਰਾਤੀ ਕੁਝ ਵੀ ਮੁੱਲ ਨਹੀਂ ਰਖਦੇ। ਬਰਾਤੀ ਤਾਂ ਲਾੜੇ ਦੇ ਵਿਆਹ ਵਿਚ ਕੇਵਲ ਸਹਾਇਕ ਮਨੁੱਖਾਂ ਦਾ ਕੰਮ ਕਰਦੇ ਹਨ। ਇਸ ਤਰ੍ਹਾਂ ਨਿੱਕੀ ਕਹਾਣੀ ਦਾ ਨਾਇਕ ਲਾੜੇ ਵਾਂਗ ਹੁੰਦਾ ਹੈ ਅਤੇ ਉਸ ਦੇ ਸਹਾਇਕ ਪਾਤਰ ਬਰਾਤੀਆਂ ਵਾਂਗ। ਇਹ ਮੁੱਖ ਪਾਤਰ ਕੋਈ ਵੀ ਹੋ ਸਕਦਾ ਹੈ ਇਸਤਰੀ, ਮਰਦ, ਬੱਚਾ, ਬੁੱਢਾ, ਪਸ਼ੂ, ਪੰਛੀ ਆਦਿ।

ਸਿਆਣਾ ਕਹਾਣੀਕਾਰ ਆਪਣਾ ਬਹੁਤ ਧਿਆਨ ਮੁੱਖ ਪਾਤਰ ਨੂੰ ਪੇਸ਼ ਕਰਨ ਵੇਲੇ ਦੇਂਦਾ ਹੈ ਤਾਂ ਕਿ ਉਹ ਸਹੀ ਅਰਥਾਂ ਵਿਚ ਮੁੱਖ ਪਾਤਰ ਬਣ ਸਕੇ। ਪਾਤਰ ਨੂੰ ਸਰੀਰਕ ਅਤੇ ਮਾਨਸਿਕ ਦੋਹਾਂ ਰੂਪਾਂ ਵਿਚ ਚਿਤਰਿਆ ਜਾਂਦਾ ਹੈ ਪਰੰਤੂ ਸਰੀਰਕ ਚਿਤਰਣ ਵੱਲ ਧਿਆਨ ਘੱਟ ਅਤੇ ਮਾਨਸਿਕ ਦਸ਼ਾ ਵੱਲ ਵਧੇਰੇ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਸਫਲ ਕਹਾਣੀਕਾਰ ਆਪਣੇ ਮੁੱਖ ਪਾਤਰ ਦਾ ਮਨੋਵਿਸ਼ਲੇਸ਼ਣ ਪੇਸ਼ ਕਰਦਾ ਹੈ ਤਾਂ ਕਿ ਪਾਠਕ ਉਸ ਦੀ ਕਹਾਣੀ ਦੇ ਪਾਤਰ ਨੂੰ ਅੰਦਰੋਂ ਵਧੇਰੇ ਜਾਣ ਸਕੇ ਕਿਉਂਕਿ ਅਸਲੀ ਮਨੁੱਖ ਸਾਡਾ ਅੰਦਰਲਾ ਮਨੁੱਖ ਹੀ ਹੈ ਬਾਹਰਲਾ ਰੂਪ ਤਾਂ ਧੋਖਾ ਵੀ ਹੋ ਸਕਦਾ ਹੈ। ਮੁੱਖ ਪਾਤਰ ਦੀ ਸਮੁੱਚੀ ਸ਼ਖਸੀਅਤ ਨਿੱਕੀ ਕਹਾਣੀ ਵਿਚ ਪੇਸ਼ ਨਹੀਂ ਕੀਤੀ ਜਾ ਸਕਦੀ (ਇਹ ਕੰਮ ਨਾਵਲ ਦਾ ਹੈ) ਇਸ ਲਈ ਨਿੱਕੀ ਕਹਾਣੀ ਦੇ ਲੇਖਕ ਨੂੰ ਚਾਹੀਦਾ ਹੈ ਕਿ ਉਹ ਆਪਣੇ ਚੁਣੇ ਹੋਏ ਮੁੱਖ ਪਾਤਰ ਦੀ ਸ਼ਖਸੀਅਤ ਦਾ ਉਹ ਪਹਿਲੂ ਨਾਟਕੀ ਰੂਪ ਵਿਚ ਉਜਾਗਰ ਕਰੇ ਜਿਸ ਦਾ ਸਿੱਧਾ ਸੰਬੰਧ ਕਹਾਣੀ ਦੇ ਵਿਸ਼ੇ ਨਾਲ ਹੋਵੇ। ਕਹਾਣੀਕਾਰ ਨੂੰ ਪਾਤਰਾਂ ਦੀ ਪਾਤਰ ਉਸਾਰੀ ਉਨ੍ਹਾਂ ਦੇ ਕਰਮਾਂ ਰਾਹੀਂ ਕਰਨੀ ਚਾਹੀਦੀ ਹੈ ਨਾ ਕਿ ਆਪਣੇ ਬਿਆਨਾਂ ਰਾਹੀਂ। ਪਾਠਕ ਨੂੰ ਇੰਝ ਮਹਿਸੂਸ ਹੋਵੇ ਕਿ ਪਾਤਰ ਨੂੰ ਉਹ ਆਪ ਜਾਣ ਰਿਹਾ ਹੈ ਨਾ ਕਿ ਲੇਖਕ ਉਸ ਨੂੰ ਉਸ ਬਾਰੇ ਦੱਸ ਰਿਹਾ ਹੈ। ਇਸ ਤਰ੍ਹਾਂ ਪਾਤਰ ਤੇ ਪਾਠਕ ਵਿਚਕਾਰ ਇਕ ਸਾਂਝ ਤੇ ਇਕਸੁਰਤਾ ਪੈਦਾ ਹੋ ਜਾਂਦੀ ਹੈ। ਸਿਆਣਾ ਕਹਾਣੀਕਾਰ ਪਾਠਕ ਅਤੇ ਪਾਤਰ ਵਿਚਕਾਰ ਜ਼ਿਆਦਾ ਦਖਲ ਦੇ ਕੇ ਕਿਸੇ ਪ੍ਰਕਾਰ ਦੀ ਰੁਕਾਵਟ ਨਹੀਂ ਬਣਦਾ।

3. **ਵਿਸ਼ੇ ਵਸਤੂ** : ਕਹਾਣੀਕਾਰ ਆਪਣੀ ਕਹਾਣੀ ਲਈ ਕਿਸੇ ਤਰ੍ਹਾਂ ਦਾ ਵੀ ਵਿਸ਼ਾ ਚੁਣ ਸਕਦਾ ਹੈ। ਪਰੰਤੂ ਮੌਲਿਕ ਵਿਸ਼ੇ ਦੀ ਚੋਣ ਚੰਗੇਰਾ ਪ੍ਰਭਾਵ ਪਾਉਂਦੀ ਹੈ। ਹਾਂ ਕਹਾਣੀਕਾਰ ਨੂੰ ਉਹ ਵਿਸ਼ਾ ਚੁਣਨਾ ਚਾਹੀਦਾ ਹੈ ਜਿਸ ਬਾਰੇ ਉਸ ਨੂੰ ਨਿੱਜੀ (ਜਾਤੀ) ਗਿਆਨ ਤੇ ਅਨੁਭਵ ਹੋਵੇ ਨਹੀਂ ਤਾਂ ਉਹ ਆਪਣੀ ਕਹਾਣੀ ਰਾਹੀਂ ਪਾਠਕ ਉਤੇ ਚੰਗਾ ਪ੍ਰਭਾਵ ਨਹੀਂ ਪਾ ਸਕੇਗਾ। ਨਿੱਕੀ ਕਹਾਣੀ ਲਈ ਵਿਸ਼ੇ ਦੀ ਚੋਣ ਕਰਨ ਸਮੇਂ ਲੇਖਕ ਨੂੰ ਖਾਸ ਧਿਆਨ ਦੇਣਾ ਪੈਂਦਾ ਹੈ। ਉਹ ਇਸ ਛੋਟੇ ਆਕਾਰ ਦੀ ਆਪਣੀ ਰਚਨਾ ਲਈ ਉਹ ਵਿਸ਼ੇ ਚੁਣੇ ਜੋ ਇਸ ਦੇ ਛੋਟੇ ਕਲਾਵੇ ਵਿਚ ਭਲੀ ਭਾਂਤ ਸਮਾ ਸਕੇ।

4. **ਪ੍ਰਭਾਵ ਦੀ ਏਕਤਾ** : ਜਿਹੜਾ ਕਹਾਣੀਕਾਰ ਕਹਾਣੀ ਵਿਚ ਸ਼ੁਰੂ ਤੋਂ ਅੰਤ ਤੱਕ ਪ੍ਰਭਾਵ ਦੀ ਏਕਤਾ ਕਾਇਮ ਨਹੀਂ ਰੱਖ ਸਕਦਾ ਉਹ ਸਫਲ ਕਹਾਣੀਕਾਰ ਨਹੀਂ ਮੰਨਿਆ ਜਾ ਸਕਦਾ। ਸਿਆਣਾ ਕਹਾਣੀਕਾਰ ਆਪਣੇ ਪ੍ਰਭਾਵ ਦੀ ਏਕਤਾ ਲਈ ਢੁੱਕਵੇਂ ਪਾਤਰ ਚੁਣਦਾ ਹੈ, ਲੋੜੀਂਦੀ ਗੋਂਦ ਘੜਦਾ ਹੈ ਅਤੇ ਆਪਣੀ ਸ਼ੈਲੀ ਦੇ ਰਾਹੀਂ ਚੁਣੀ ਗਈ ਸਾਰੀ ਸਾਮੱਗਰੀ ਨੂੰ ਇੰਝ ਪੇਸ਼ ਕਰਦਾ ਹੈ ਕਿ ਉਸ ਨੂੰ ਪ੍ਰਭਾਵ ਦੀ ਏਕਤਾ ਪ੍ਰਾਪਤ ਹੋ ਸਕੇ। ਕਈ ਆਲੋਚਕ ਤਾਂ ਤਿੰਨੇ

ਏਕਤਾਵਾਂ (ਸਮੇਂ, ਸਥਾਨ ਤੇ ਪ੍ਰਭਾਵ) ਦਾ ਖਿਆਲ ਰੱਖਣ ਉੱਤੇ ਜ਼ੋਰ ਦਿੰਦੇ ਹਨ (ਪਹਿਲੀਆਂ ਦੋ ਜ਼ਰੂਰੀ ਨਹੀਂ) ਪਰੰਤੂ ਇਸ ਗੱਲ ਤੋਂ ਕੋਈ ਵੀ ਮੁਨਕਰ ਨਹੀਂ ਹੋ ਸਕਦਾ ਕਿ ਨਿੱਕੀ ਕਹਾਣੀ ਵਿਚ ਪ੍ਰਭਾਵ ਦੀ ਏਕਤਾ ਦਾ ਹੋਣਾ ਅਤਿਅੰਤ ਜ਼ਰੂਰੀ ਹੈ। ਜੇ ਨਿੱਕੀ ਕਹਾਣੀ ਵਿਚ ਪ੍ਰਭਾਵ ਦੀ ਏਕਤਾ ਦੀ ਥਾਂ ਪ੍ਰਭਾਵ ਦੀ ਅਨੇਕਤਾ ਹੈ ਤਾਂ ਉਹ ਚੰਗੀ ਨਿੱਕੀ ਕਹਾਣੀ ਬਿਲਕੁਲ ਨਹੀਂ ਅਖਵਾ ਸਕਦੀ। ਇਕ ਨਿੱਕੀ ਕਹਾਣੀ ਨੂੰ ਪ੍ਰਭਾਵ ਪਾਉਣਾ ਚਾਹੀਦਾ ਹੈ। ਹਾਂ ਪ੍ਰਭਾਵ ਦੀ ਏਕਤਾ ਵੀ ਇਸ ਤਰ੍ਹਾਂ ਦੀ ਹੋਣੀ ਚਾਹੀਦੀ ਹੈ ਕਿ ਉਹ ਪ੍ਰਭਾਵ ਸੰਪੂਰਨਤਾ ਦਾ ਵੀ ਭੁਲੇਖਾ ਪਾਏ, ਭਾਵ ਇਹ ਹੈ ਕਿ ਪ੍ਰਭਾਵ ਦੀ ਏਕਤਾ ਪਾਠਕ ਦੀ ਇਸ ਤਰ੍ਹਾਂ ਨਿਸ਼ਾ ਕਰ ਦੇਵੇ ਕਿ ਉਹ ਨਿਹਾਲ ਤੇ ਮਖਮੂਰ ਹੋ ਜਾਏ ਅਤੇ ਕੁਝ ਚਿਰ ਵਿਸਮਾਦ ਦੀ ਹਾਲਤ ਵਿਚ ਆ ਜਾਏ। ਇਸ ਤਰ੍ਹਾਂ ਦੀ ਰਚਨਾ ਮਨ ਤੇ ਸਦੀਵੀ ਪ੍ਰਭਾਵ ਪਾਉਂਦੀ ਹੈ।

5. **ਢੁੱਕਵੀਂ ਵਾਰਤਾਲਾਪ** : ਢੁੱਕਵੀਂ, ਸੰਖੇਪ ਅਤੇ ਨਾਟਕੀ ਵਾਰਤਾਲਾਪ ਨਿੱਕੀ ਕਹਾਣੀ ਦਾ ਇਕ ਹੋਰ ਗੁਣ ਹੈ। ਨਿੱਕੀ ਕਹਾਣੀ ਨੇ ਜੀਵਨ ਦਾ ਪ੍ਰਤਿਬਿੰਬ ਪੇਸ਼ ਕਰਨਾ ਹੁੰਦਾ ਹੈ। ਜੀਵਨ ਵਿਚ ਅਸੀਂ ਗੱਲਾਂ ਕੀਤੇ ਬਿਨਾਂ ਰਹਿ ਨਹੀਂ ਸਕਦੇ, ਇਸ ਲਈ ਨਿੱਕੀ ਕਹਾਣੀ ਵਿਚ ਵਾਰਤਾਲਾਪ ਦੀ ਵੀ ਆਮ ਤੌਰ ਤੇ ਵਰਤੋਂ ਕੀਤੀ ਜਾਂਦੀ ਹੈ। ਪਰੰਤੂ ਵਾਰਤਾਲਾਪ ਤੋਂ ਬਿਨਾਂ ਵੀ ਕਹਾਣੀ ਲਿਖੀ ਜਾ ਸਕਦੀ ਹੈ ਅਤੇ ਕਈ ਸਫਲ ਕਹਾਣੀਆਂ ਲਿਖੀਆਂ ਗਈਆਂ ਹਨ। ਹਾਂ ਤਕਰੀਬਨ ਹਰ ਸਫਲ ਨਿੱਕੀ ਕਹਾਣੀ ਵਿਚ ਇਸ ਦੀ ਥੋੜ੍ਹੀ ਬਹੁਤ ਵਰਤੋਂ ਜ਼ਰੂਰ ਕੀਤੀ ਜਾਂਦੀ ਹੈ। ਵਾਰਤਾਲਾਪ ਪਾਤਰਾਂ ਦੇ ਸੁਭਾ, ਉਮਰ, ਕਿੱਤੇ ਅਤੇ ਸਮੇਂ ਤੇ ਸਥਾਨ ਅਨੁਸਾਰ ਹੋਣੀ ਚਾਹੀਦੀ ਹੈ। ਪਾਤਰਾਂ ਦੇ ਸੁਭਾਵਾਂ ਅਨੁਸਾਰ ਇਸ ਕਰਕੇ ਕਿ ਲੇਖਕ ਨੇ ਆਪਣੇ ਪਾਤਰਾਂ ਦੀ ਸ਼ਖਸੀਅਤ ਦੀ ਛਾਪ ਪਾਠਕ ਦੀ ਮਾਨਸਿਕਤਾ ਉੱਤੇ ਲਗਾਉਣੀ ਹੁੰਦੀ ਹੈ ਅਤੇ ਇਹ ਛਾਪ ਲਗਾਉਣ ਦਾ ਇਕ ਤਰੀਕਾ ਵਾਰਤਾਲਾਪ ਵਿਚਲੀ ਇਕਸਾਰਤਾ ਹੈ। ਜਿਵੇਂ ਜੀਵਨ ਵਿਚ ਅਸੀਂ ਹਰ ਬੰਦੇ ਨੂੰ (ਜਿਸ ਨੂੰ ਅਸੀਂ ਜਾਣਦੇ ਹੋਈਏ) ਬਿਨਾਂ ਦੇਖੇ, ਉਸ ਨੂੰ ਉਸ ਦੀ ਆਵਾਜ਼ ਜਾਂ ਬੋਲਣ ਦੇ ਢੰਗ ਤੋਂ ਪਛਾਣ ਜਾਂਦੇ ਹਾਂ, ਇਵੇਂ ਹੀ ਜੇ ਲੇਖਕ ਉਸ ਦੀ ਪਾਤਰ ਦੀ ਵਾਰਤਾਲਾਪ ਵਿਚ ਇਕਸਾਰਤਾ ਨੂੰ ਕਾਇਮ ਰੱਖ ਸਕੇ, ਤਾਂ ਕਹਾਣੀ ਦੇ ਪਾਤਰਾਂ ਦੀ ਪਛਾਣ ਸਹਿਜੇ ਹੀ ਕੀਤੀ ਜਾ ਸਕਦੀ ਹੈ। ਜਿਉਂ ਹੀ ਕਿਸੇ ਪਾਤਰ ਦੀ ਬੋਲੀ ਹੋਈ ਕੋਈ ਸਤਰ ਸਾਡੇ ਸਾਹਮਣੇ ਪੇਸ਼ ਕੀਤੀ ਜਾਂਦੀ ਹੈ ਤਾਂ ਅਸੀਂ (ਜੋ ਕਹਾਣੀ ਪੜ੍ਹੀ ਹੋਵੇ) ਝੱਟ ਪਛਾਣ ਜਾਂਦੇ ਹਾਂ ਕਿ ਇਹ ਸਤਰ ਫਲਾਣੇ ਪਾਤਰ ਨੇ ਫਲਾਣੇ ਫਲਾਣੇ ਸਮੇਂ ਉਚਾਰੀ ਸੀ, ਕਿਉਂਕਿ ਤਕਰੀਬਨ ਹਰ ਮਨੁੱਖ ਦੀ ਸ਼ਖਸੀਅਤ ਗਤੀਸ਼ੀਲ ਹੁੰਦੀ ਹੈ ਅਤੇ ਇਹ ਇਕ ਸਮੇਂ ਤੇ ਇਕੋ ਤਰ੍ਹਾਂ ਦੀ ਜਾਂ ਇਕੋ ਤਰੀਕੇ ਦੀ ਗੱਲ ਨਹੀਂ ਕਰਦਾ, ਸਗੋਂ ਹਾਲਤ ਮੁਤਾਬਕ ਥੋੜੀ ਬਹੁਤੀ ਤਬਦੀਲੀ ਕਰ ਲੈਂਦਾ ਹੈ।

ਇਨ੍ਹਾਂ ਗੱਲਾਂ ਤੋਂ ਇਲਾਵਾ ਵਾਰਤਾਲਾਪ ਸੰਖੇਪ ਅਤੇ ਨਾਟਕੀ ਹੋਣੀ ਚਾਹੀਦੀ ਹੈ। ਭਾਵ ਇਹ ਹੈ ਕਿ ਨਿੱਕੀ ਕਹਾਣੀ ਵਿਚ ਇਤਨੀ ਗੁੰਜਾਇਸ਼ ਨਹੀਂ ਹੁੰਦੀ ਕਿ ਇਕ ਪਾਤਰ ਤਾਂ ਲੈਕਚਰ ਕਰਦਾ ਰਹੇ ਅਤੇ ਦੂਜਾ ਚੁੱਪ ਕਰਕੇ ਸੁਣਦਾ ਰਹੇ। (ਸਿਵਾਏ ਉਦੋਂ ਇੰਝ ਕਰਨਾ ਵਿਸ਼ੇ ਦੀ ਮਜਬੂਰੀ ਹੋਵੇ।) ਆਮ ਤੌਰ ਤੇ ਨਿੱਕੀ ਕਹਾਣੀ ਵਿਚਲੀ ਵਾਰਤਾਲਾਪ ਛੋਟੇ ਛੋਟੇ ਚੁਸਤ ਵਾਕਾਂ ਵਿਚ ਪੇਸ਼ ਕੀਤੀ ਜਾਂਦੀ ਹੈ ਜੋ ਨਾ ਕੇਵਲ ਢੁੱਕਵੀਂ ਹੀ ਹੁੰਦੀ ਹੈ ਸਗੋਂ ਪਾਤਰਾਂ ਦੇ ਸੁਭਾਵਾਂ ਨੂੰ ਵੀ ਉਘਾੜਦੀ ਚਲੀ ਜਾਂਦੀ ਹੈ। ਵਾਰਤਾਲਾਪ ਦੀ ਸ਼ਬਦਾਵਲੀ ਬਾਕੀ ਕਹਾਣੀ ਨਾਲੋਂ ਵੱਖਰੀ ਹੁੰਦੀ ਹੈ। ਇਸੇ ਵਿਲੱਖਣਤਾ ਕਰਕੇ ਇਹ ਇਕ ਵੱਖਰਾ ਸੁਆਦ ਪ੍ਰਦਾਨ ਕਰਦੀ ਹੈ।

6. **ਵਾਤਾਵਰਣ** : ਵਾਤਾਵਰਣ ਇਕ ਹੋਰ ਗੁਣ ਹੈ ਜਿਸ ਦਾ ਇਕ ਨਿੱਕੀ ਕਹਾਣੀ ਵਿਚ ਹੋਣਾ ਬਹੁਤ ਜ਼ਰੂਰੀ ਹੈ। ਇਸ ਦਾ ਵਿਸ਼ੇ ਤੇ ਨਿਭਾਅ ਵਿਚ ਬੜਾ ਹੱਥ ਹੁੰਦਾ ਹੈ। ਇਸ ਬਿਨਾਂ ਕੋਈ ਵਿਸ਼ਾ ਪੂਰਣ ਸਫਲਤਾ ਨਾਲ ਨਿਭਾਇਆ ਨਹੀਂ ਜਾ ਸਕਦਾ ਕਿਉਂਕਿ ਜੋ ਮਨੁੱਖ ਇਕ ਸਮਾਜਿਕ ਜੀਵ ਹੈ ਜਿਹੜਾ ਇਕ ਖਾਸ ਤਰ੍ਹਾਂ ਦੇ ਵਾਤਾਵਰਣ ਵਿਚ ਰਹਿੰਦਾ ਹੈ, ਇਸ ਲਈ ਜ਼ਰੂਰੀ ਬਣ ਜਾਂਦਾ ਹੈ ਕਿ ਨਿੱਕੀ ਕਹਾਣੀ ਵਿਚਲੇ ਬਿਆਨ ਕੀਤੇ ਜਾ ਰਹੇ ਜੀਵਨ ਦੇ ਪਿਛੋਕੜ ਵਿਚ ਵੀ ਇਕ ਢੁੱਕਵਾਂ/ਫੱਬਵਾਂ ਵਾਤਾਵਰਣ ਹੋਵੇ ਜੋ ਪਾਤਰਾਂ ਦੇ ਸੁਭਾਵਾਂ ਨੂੰ ਉਘਾੜਨ ਵਿਚ, ਗੁੰਝਲ ਨੂੰ ਕਾਇਮ ਰੱਖਣ ਤੋਂ ਪਿਛੋਂ ਖੋਲ੍ਹਣ ਵਿਚ ਅਤੇ ਵਿਸ਼ੇ ਦੀ ਉਸਾਰੀ ਤੇ ਨਿਭਾਅ ਵਿਚ ਸ਼ਕਤੀ ਪ੍ਰਦਾਨ ਕਰੇ। ਵਾਤਾਵਰਣ

ਕਹਾਣੀ ਦੇ ਪਾਤਰਾਂ, ਗੋਂਦ ਜਾਂ ਵਿਸ਼ੇ ਤੋਂ ਵੱਖ ਨਹੀਂ ਹੁੰਦਾ ਸਗੋਂ ਇਹ ਸਾਰਿਆਂ ਨਾਲ ਇੰਞ ਰਚਿਆ ਮਿਚਿਆ ਹੁੰਦਾ ਹੈ ਜਿਵੇਂ ਹੱਡ ਅਤੇ ਮਾਸ।

7. **ਸੰਖੇਪਤਾ** : ਸੰਖੇਪਤਾ ਨਿੱਕੀ ਕਹਾਣੀ ਦਾ ਇਕ ਹੋਰ ਗੁਣ ਹੈ। ਕਿਸੇ ਆਲੋਚਕ ਨੇ ਠੀਕ ਹੀ ਆਖਿਆ ਹੈ ਕਿ ਕਹਾਣੀਕਾਰ ਨੂੰ ਆਪਣੇ ਮਸਾਲੇ ਦੀ ਕਾਂਟ ਛਾਂਟ ਬੇਦਰਦੀ ਨਾਲ ਕਰਨੀ ਚਾਹੀਦੀ ਹੈ ਕਿਉਂਕਿ ਇਹ ਕਾਂਟ ਛਾਂਟ ਨਿੱਕੀ ਕਹਾਣੀ ਵਿਚ ਸੰਖੇਪਤਾ ਤੇ ਸੰਜਮਤਾ ਲਿਆਉਂਦੀ ਹੈ ਜੋ ਅੱਗੋਂ ਪ੍ਰਭਾਵ ਦੇ ਗੂੜ੍ਹੇਪਣ ਵਿਚ ਵਾਧਾ ਕਰਦੀ ਹੈ। ਨਿੱਕੀ ਕਹਾਣੀ ਵਿਚ ਕੋਈ ਗੱਲ ਕਹਿਣੀ ਹੈ ਤੇ ਕਿਵੇਂ ਕਹਿਣੀ ਹੈ, ਦੀ ਬਜਾਏ ਕੋਈ ਗੱਲ ਕਹਾਣੀ ਤੇ ਕਿਵੇਂ ਨਹੀਂ ਕਹਿਣੀ, ਵੱਲ ਵਧੇਰੇ ਧਿਆਨ ਦਿੱਤਾ ਜਾਂਦਾ ਹੈ, ਕਹਾਣੀ ਵਿਚ ਜਿਤਨੇ ਥੋੜ੍ਹੇ ਪਾਤਰ ਲਏ ਜਾਣ, ਜਿਤਨੀਆਂ ਥੋੜ੍ਹੀਆਂ ਘਟਨਾਵਾਂ ਹੋਣ ਅਤੇ ਜਿਤਨੇ ਥੋੜ੍ਹੇ ਸ਼ਬਦਾਂ ਦੀ ਕਲਾਤਮਕ ਵਰਤੋਂ ਕੀਤੀ ਜਾਏ, ਉਤਨੀ ਹੀ ਜ਼ਿਆਦਾ ਨਿੱਕੀ ਕਹਾਣੀ ਪ੍ਰਭਾਵਸ਼ਾਲੀ ਬਣ ਜਾਂਦੀ ਹੈ।

8. **ਢੁੱਕਵਾਂ ਤੇ ਸੰਖੇਪ ਸਿਰਲੇਖ** : ਉਪਰੋਕਤ ਗੱਲਾਂ ਤੋਂ ਇਲਾਵਾ ਕਹਾਣੀ ਦੇ ਸਿਰਲੇਖ ਵਲ ਵੀ ਧਿਆਨ ਦੇਣਾ ਚਾਹੀਦਾ ਹੈ। ਇਹ ਕਹਾਣੀ ਦਾ ਉਹ ਭਾਗ ਹੈ ਜਿਹੜਾ ਸਭ ਤੋਂ ਪਹਿਲਾਂ ਪਾਠਕ ਦੇ ਸੰਪਰਕ ਵਿਚ ਆਉਂਦਾ ਹੈ। ਆਮ ਤੌਰ ਤੇ ਕਹਾਣੀ ਦਾ ਸਿਰਲੇਖ ਕਲਾਤਮਕ ਹੋਣਾ ਚਾਹੀਦਾ ਹੈ ਜਿਹੜਾ ਨਾ ਕੇਵਲ ਪੜ੍ਹਣ ਸਮੇਂ ਹੀ ਪਾਠਕ ਨੂੰ ਕਹਾਣੀ ਪੜ੍ਹਨ ਦੀ ਪ੍ਰੇਰਨਾ ਦੇਵੇ ਸਗੋਂ ਉਹ ਕਹਾਣੀ ਦੇ ਸਮੁੱਚੇ ਵਿਸ਼ੇ ਦੀ ਅੰਤਰ-ਆਤਮਾ ਨੂੰ ਵੀ ਪੇਸ਼ ਕਰੇ। ਕਹਾਣੀ ਦੇ ਪਾਤਰਾਂ ਦੇ ਨਾਵਾਂ ਦੇ ਆਧਾਰ ਤੇ ਕਹਾਣੀ ਦਾ ਰਖਿਆ ਨਾਂ ਕਲਾ ਪੱਖ ਤੋਂ ਘਟੀਆ ਸਮਝਿਆ ਜਾਂਦਾ ਹੈ ਅਤੇ ਲੇਖਕ ਦਾ ਸਿਰਲੇਖ ਚੋਣ ਬਾਰੇ ਕਲਾ ਪੱਖ ਤੋਂ ਸਾਧਾਰਣਤਾ ਦੀ ਸੂਚਨਾ ਦੇਂਦਾ ਹੈ ਪਰੰਤੂ ਕਈ ਵਾਰੀ ਪਾਤਰ ਇਤਨੇ ਬਲਵਾਨ ਹੁੰਦੇ ਹਨ ਕਿ ਉਨ੍ਹਾਂ ਦੇ ਨਾਂ ਉੱਤੇ ਹੀ ਕਹਾਣੀ ਦਾ ਨਾਂ ਰਖਿਆ ਜਾਣਾ ਉਚਿਤ ਪ੍ਰਤੀਤ ਹੁੰਦਾ ਹੈ।

9. **ਨਾਟਕੀ ਤੇ ਝਟਪਟਾ ਮੁੱਢ** : ਕਹਾਣੀ ਦਾ ਮੁੱਢ ਨਾਟਕੀ ਤੇ ਝਟਪਟਾ ਹੋਣਾ ਚਾਹੀਦਾ ਜਿਸ ਵਿਚ ਮੁੱਖ ਪਾਤਰ ਤੇ ਵਿਸ਼ੇ ਦੀ ਜਾਣ-ਪਛਾਣ ਕਰਾਉਣੀ ਜ਼ਰੂਰੀ ਹੈ। ਜੇ ਕਹਾਣੀ ਦੇ ਆਰੰਭ ਵਿਚ ਬੇਲੋੜੀ ਭੂਮਿਕਾ ਹੋਵੇਗੀ ਤਾਂ ਪਾਠਕਾਂ ਵਿਚ ਅੱਗੇ ਕੀ ਹੋਇਆ ਜਾਣਨ ਦੀ ਇੱਛਾ ਨਹੀਂ ਜਾਗੇਗੀ। ਇਸ ਤਰ੍ਹਾਂ ਕਹਾਣੀ ਰਸ-ਹੀਣ ਹੋ ਜਾਵੇਗੀ।

10. **ਸ਼ੈਲੀ** : ਕਹਾਣੀਕਾਰ ਇਹ ਸਾਰਾ ਕੁਝ ਤਾਂ ਹੀ ਕਰ ਸਕਦਾ ਹੈ ਜੇ ਉਸ ਦੀ ਆਪਣੀ ਮੌਲਿਕ ਲਿਖਣ ਸ਼ੈਲੀ ਹੋਵੇ ਜੋ ਨਾ ਕੇਵਲ ਉਸ ਦੀ ਸਮੁੱਚੀ ਸਮੱਗਰੀ ਨੂੰ ਕਲਾਤਮਕ ਰੂਪ ਦੇਵੇ ਸਗੋਂ ਉਸ ਨੂੰ ਹੋਰ ਕਹਾਣੀਕਾਰਾਂ ਤੋਂ ਨਿਖੇੜੇ। ਜੇ ਕਹਾਣੀਕਾਰ ਆਪਣੀ ਕਹਾਣੀ ਦੀ ਸ਼ੈਲੀ ਵਿਚ ਥੋੜ੍ਹਾ ਜਿਹਾ ਕਾਵਿਮਈ ਰੰਗ ਉਘਾੜ ਸਕੇ ਤਾਂ ਇਹ ਰੰਗ ਉਸ ਦੀ ਨਿੱਕੀ ਕਹਾਣੀ ਨੂੰ ਚਮਕਾ ਦੇਵੇਗਾ। ਕਾਵਿਮਈ ਪ੍ਰਤਿਭਾ ਕਹਾਣੀ ਵਿਚਲੇ ਨਾਜ਼ੁਕ ਤੇ ਸੂਖਮ ਮਨੋਭਾਵਾਂ ਨੂੰ ਵੀ ਪ੍ਰਭਾਵਸ਼ਾਲੀ ਤਰੀਕੇ ਨਾਲ ਪੇਸ਼ ਕਰਨ ਵਿਚ ਬਹੁਤ ਸਹਾਇਤਾ ਕਰਦੀ ਹੈ।

ਪ੍ਰਸਿੱਧ ਅੰਗਰੇਜ਼ੀ ਵਿਦਵਾਨ ਸਟੀਫਨ ਅਨੁਸਾਰ ਕਹਾਣੀਆਂ ਤਿੰਨ ਕਿਸਮ ਦੀਆਂ ਹੁੰਦੀਆਂ ਹਨ- ਪਹਿਲੀ ਹੈ ਪਾਤਰ ਪ੍ਰਧਾਨ ਕਹਾਣੀ, ਦੂਜੀ ਹੈ ਘਟਨਾ ਪ੍ਰਧਾਨ ਕਹਾਣੀ ਤੇ ਤੀਜੀ ਕਿਸਮ ਵਾਯੂ ਮੰਡਲ ਪ੍ਰਧਾਨ ਕਹਾਣੀ ਦੀ ਹੈ। ਪਰੰਤੂ, ਇਥੇ ਇਹ ਭੁਲੇਖਾ ਨਹੀਂ ਪੈਣਾ ਚਾਹੀਦਾ ਕਿ ਇਨ੍ਹਾਂ ਵੱਖ ਵੱਖ ਕਿਸਮ ਦੀਆਂ ਕਹਾਣੀਆਂ ਦਾ ਆਪਸ ਵਿਚ ਕੋਈ ਸੰਬੰਧ ਨਹੀਂ। ਇਹ ਤਿੰਨ ਆਪਸ ਵਿਚ ਅੰਤਰ ਸੰਬੰਧਿਤ ਹੁੰਦੀਆਂ ਹਨ, ਫਰਕ ਕੇਵਲ ਇਤਨਾ ਹੁੰਦਾ ਹੈ ਕਿ ਪਾਤਰ ਪ੍ਰਧਾਨ ਕਹਾਣੀ ਵਿਚ ਬਹੁਤਾ ਜ਼ੋਰ ਪਾਤਰ ਉਸਾਰੀ ਉੱਤੇ ਹੁੰਦਾ ਹੈ ਅਤੇ ਬਾਕੀ ਸਾਰੀਆਂ ਚੀਜ਼ਾਂ ਨੂੰ ਇਸ ਟਾਕਰੇ ਵਿਚ ਘੱਟ ਮਹੱਤਤਾ ਦਿੱਤੀ ਜਾਂਦੀ ਹੈ। ਇਸੇ ਤਰ੍ਹਾਂ ਘਟਨਾ ਪ੍ਰਧਾਨ ਕਹਾਣੀ ਵਿਚ ਬਹੁਤਾ ਜ਼ੋਰ ਗੋਂਦ ਉੱਤੇ ਹੁੰਦਾ ਹੈ ਅਤੇ ਹੋਰ ਚੀਜ਼ਾਂ ਉੱਤੇ ਘੱਟ। ਇਹੋ ਗੱਲ ਵਾਤਾਵਰਨ ਪ੍ਰਧਾਨ ਕਹਾਣੀ ਬਾਰੇ ਕਹੀ ਜਾ ਸਕਦੀ ਹੈ। ਇਸ ਵਿਚ ਬਹੁਤਾ ਧਿਆਨ ਇਕ ਖਾਸ ਤਰ੍ਹਾਂ ਦਾ ਵਾਯੂ ਮੰਡਲ ਉਸਾਰਨ ਉੱਤੇ ਦਿੱਤਾ ਜਾਂਦਾ ਹੈ। ਬਾਕੀ ਕਹਾਣੀ ਸਾਮੱਗਰੀ ਨੂੰ ਇਸ ਦਾ ਸਹਾਇਕ ਬਣਾ ਕੇ ਇਕ ਖਾਸ ਮੰਤਵ ਦੀ ਸਿੱਧੀ ਲਈ ਵਰਤਿਆ ਜਾਂਦਾ ਹੈ, ਪਰੰਤੂ ਸਫਲ ਵਾਤਾਵਰਨ ਪ੍ਰਧਾਨ

ਕਹਾਣੀ ਲਿਖਣੀ ਬਹੁਤ ਕਠਿਨ ਹੁੰਦੀ ਹੈ। ਇਸੇ ਕਾਰਣ ਪੰਜਾਬੀ ਕਹਾਣੀ ਸਾਹਿਤ ਵਿਚ ਬਹੁਤ ਘੱਟ ਵਾਤਾਵਰਨ ਪ੍ਰਧਾਨ ਕਹਾਣੀਆਂ ਮਿਲਦੀਆਂ ਹਨ। ਇਹ ਘਾਟ ਨਾ ਕੇਵਲ ਪੰਜਾਬੀ ਸਾਹਿਤ ਵਿਚ ਸਗੋਂ ਸੰਸਾਰ ਦੀਆਂ ਹੋਰ ਭਾਸ਼ਾਵਾਂ ਵਿਚ ਵੀ ਨਜ਼ਰ ਆਉਂਦੀ ਹੈ।

ਇਨ੍ਹਾਂ ਤਿੰਨ ਕਿਸਮਾਂ ਤੋਂ ਇਲਾਵਾ ਕਹਾਣੀਆਂ ਦੀਆਂ ਕੁਝ ਹੋਰ ਕਿਸਮਾਂ ਵੀ ਹਨ ਜਿਵੇਂ ਵਿਸ਼ੇ ਪ੍ਰਧਾਨ ਕਹਾਣੀ, ਖਾਕਾ ਕਹਾਣੀ, ਇਕ ਪਾਤਰੀ, ਨਾਟਕੀ, ਮਨ-ਬਚਨੀ ਆਦਿ। ਵਿਸ਼ੇ ਪ੍ਰਧਾਨ ਕਹਾਣੀ ਵਿਚ ਕਹਾਣੀਕਾਰ ਕੋਈ ਐਸਾ ਉੱਚਾ ਤੇ ਡੂੰਘਾ ਵਿਸ਼ਾ ਚੁਣ ਲੈਂਦਾ ਹੈ ਜਿਸ ਦੇ ਨਿਭਾਅ ਵੱਲ ਹੀ ਬਹੁਤ ਧਿਆਨ ਦੇਂਦਾ ਹੈ। ਅਜਿਹੀ ਕਹਾਣੀ ਦੀ ਮਹਾਨਤਾ ਉਸ ਦੀ ਵਿਸ਼ੇ ਚੋਣ ਅਤੇ ਵਿਸ਼ੇ ਨਿਭਾਅ ਕਾਰਣ ਹੀ ਹੁੰਦੀ ਹੈ। ਖਾਕਾ ਕਹਾਣੀ ਵਿਚ ਇਕੋ ਪਾਤਰ ਦੀ ਸ਼ਖਸੀਅਤ ਦੀ ਮੋਹਰ ਲਾਉਣ ਵੱਲ ਲੇਖਕ ਵਧੇਰੇ ਧਿਆਨ ਦੇਂਦਾ ਹੈ। ਇਹ ਪਾਤਰ ਪ੍ਰਧਾਨ ਕਹਾਣੀ ਤੋਂ ਇਸ ਗੱਲ ਵਿਚ ਵੱਖਰੀ ਹੁੰਦੀ ਹੈ ਕਿ ਇਸ ਦੀ ਗੋਂਦ ਆਮ ਤੌਰ ਤੇ ਢਿੱਲੀ ਹੁੰਦੀ ਹੈ। ਪਰੰਤੂ, ਪਾਤਰ ਪ੍ਰਧਾਨ ਕਹਾਣੀ ਦੀ ਗੋਂਦ ਆਮ ਤੌਰ ਤੇ ਢਿੱਲੀ ਨਹੀਂ ਹੁੰਦੀ। ਇਕ ਪਾਤਰੀ, ਨਾਟਕੀ ਮਨ ਬਚਨੀ ਕਹਾਣੀ ਵਿਚ ਇਕੋ ਪਾਤਰ ਹੀ ਨਿਰੋਲ ਆਪਣੀਆਂ ਗੱਲਾਂ ਰਾਹੀਂ ਕਹਾਣੀ ਦੀ ਗੋਂਦ ਨੂੰ ਉਸਾਰਦਾ ਹੈ ਅਤੇ ਹੋਰ ਪਾਤਰਾਂ ਦਾ ਜ਼ਿਕਰ ਕੇਵਲ ਅਸਿੱਧੇ ਤਰੀਕੇ ਨਾਲ ਹੀ ਲਿਆਂਦਾ ਜਾਂਦਾ ਹੈ।

ਇਹ ਸਾਰੀਆਂ ਵਿਸ਼ੇਸ਼ਤਾਵਾਂ ਰਲ ਕੇ ਕਹਾਣੀ ਤਕਨੀਕ ਦੀ ਕਸਵੱਟੀ ਨੂੰ ਬਣਾਉਂਦੀਆਂ ਹਨ ਜਿਸ ਅਨੁਸਾਰ ਪਰਖ ਹੀ ਕਿਸੇ ਕਹਾਣੀ ਦਾ ਪੂਰਾ ਮੁੱਲ ਪੁਆਉਂਦੀ ਹੈ। ਇਨ੍ਹਾਂ ਸਾਰੇ ਗੁਣਾਂ ਨੂੰ ਇਕ ਥਾਂ ਇਕੱਤਰ ਕਰਕੇ ਅਸੀਂ ਕਹਿ ਸਕਦੇ ਹਾਂ ਕਿ ਨਵੀਨ ਨਿੱਕੀ ਕਹਾਣੀ ਗਲਪ ਦਾ ਉਹ ਨਵੀਨ ਰੂਪ ਹੈ ਜੋ ਗੋਂਦ ਰਾਹੀਂ ਕਿਸੇ ਇਕ ਮੁੱਖ ਘਟਨਾ ਜਾਂ ਇਕ ਪਾਤਰ ਦਾ ਨਾਟਕੀ ਬਿਆਨ ਸੰਜਮਤਾ ਨਾਲ ਇਸ ਤਰ੍ਹਾਂ ਕਰਦਾ ਹੈ ਕਿ ਉਸ ਦਾ ਪ੍ਰਭਾਵ ਸੰਪੂਰਣ ਤੇ ਇਕਹਿਰਾ ਹੋ ਨਿਬੜਦਾ ਹੈ।

Type Setting :
Department of Distance Education, Punjabi University, Patiala.